ਸਤਿਨਾਮੁ ਵਾਹਿਗੁਰੂ

# ਸ੍ਰੀ ਦਸਮ ਗ੍ਰੰਥ ਸਾਹਿਬ ਦਾ

## ਇਤਿਹਾਸਕ ਅਤੇ ਅਧਿਆਤਮਿਕ ਪੱਖ

# ਮਹਾਂ ਕਾਲ ਰਖਵਾਰ ਹਮਾਰੋ

ਸੰਪਾਦਕ
ਕੰਵਰ ਅਜੀਤ ਸਿੰਘ

ਪ੍ਰਕਾਸ਼ਕ
ਗੁਰਮਤਿ ਵਿਚਾਰ ਕੇਂਦਰ
ਰਣਜੀਤ ਨਗਰ, ਜੀ-ਬਲਾਕ, ਸਿਊਨਾ ਰੋਡ, ਪਟਿਆਲਾ

ਭੇਟਾ 40/- ਰੁ:

# ਸ੍ਰੀ ਦਸਮ ਗ੍ਰੰਥ ਸਾਹਿਬ –
# ਇਤਿਹਾਸਕ ਅਤੇ ਅਧਿਆਤਮਕ ਪੱਖ

ਸੰਪਾਦਕ

**ਕੰਵਰ ਅਜੀਤ ਸਿੰਘ**

ਪਹਿਲੀ ਵਾਰ : ਜੂਨ 2007 (1000 ਕਾਪੀ)
ਦੂਸਰੀ ਵਾਰ : ਅਪਰੈਲ 2008 (1500 ਕਾਪੀ)

ਪ੍ਰਕਾਸ਼ਕ :

**ਗੁਰਮਤਿ ਵਿਚਾਰ ਕੇਂਦਰ**

20/77, ਰਣਜੀਤ ਨਗਰ, ਜੀ-ਬਲਾਕ,
ਸਿਉਨਾ ਰੋਡ, ਪਟਿਆਲਾ ।
ਫੋਨ : 0175-2359328, ਮੋਬਾਇਲ : 98151-56818

ਛਾਪਕ :

ਡੈਫੋਡਿਲ ਪ੍ਰਿੰਟਰਜ,
ਫੈਕਟਰੀ ਏਰੀਆ, ਪਟਿਆਲਾ । ਭੇਟਾ 40/- ਰੁਪਏ

# ਤਤਕਰਾ


ਆਰੰਭਕ ਸ਼ਬਦ 3-5

1. ਸ੍ਰੀ ਦਸਮ ਗ੍ਰੰਥ ਸਾਹਿਬ ਦਾ ਇਤਿਹਾਸਕ ਅਤੇ ਅਧਿਆਤਮਕ ਪੱਖ — ਡਾ. ਅਨੁਰਾਗ ਸਿੰਘ 6-31
2. ਸ੍ਰੀ ਦਸਮ ਗ੍ਰੰਥ ਸਾਹਿਬ ਦਾ ਕਰਤ੍ਰਿੱਤਵ ਅਤੇ ਉਦੇਸ਼ — ਕੰਵਰ ਅਜੀਤ ਸਿੰਘ 32-51
3. ਚ੍ਰਿਤ੍ਰੋ ਪਾਖਯਾਨ ਵਿਸ਼ਲੇਸ਼ਣ — ਕੰਵਰ ਅਜੀਤ ਸਿੰਘ 52-67
4. ਸ੍ਰੀ ਦਸਮ ਗ੍ਰੰਥ ਸਾਹਿਬ ਦੇ ਰਾਮ ਅਤੇ ਸ਼ਯਾਮ ਕਵੀ — ਕੰਵਰ ਅਜੀਤ ਸਿੰਘ 68-83
5. ਅੰਧੇ ਅਕਲੀ ਬਾਹਰੇ — ਕੰਵਰ ਅਜੀਤ ਸਿੰਘ 84-87
6. ਪ੍ਰੋ. ਸਾਹਿਬ ਸਿੰਘ ਜੀ ਦਸ਼ਮੇਸ਼ ਬਾਣੀ ਬਾਰੇ — ਅਮਰਜੀਤ ਸਿੰਘ ਖੋਸਾ (ਕੈਨੇਡਾ) 88-92
7. ਕਿੱਸਾ ਰੂਪ ਕੌਰ ਦਾ — ਸਿਰਦਾਰ ਕਪੂਰ ਸਿੰਘ ਜੀ, ਆਈ. ਸੀ. ਸੀ., ਨੈਸ਼ਨਲ ਪ੍ਰੋਫੈਸਰ ਆਫ ਸਿਖਿਜਮ 93-117
8. ਪਾਣੀ ਵਿਚ ਮਧਾਣੀ — ਸਵਾਮੀ ਬ੍ਰਹਮਦੇਵ ਉਦਾਸੀ 118-135
9. ਗੁਰੂ ਗ੍ਰੰਥ ਅਤੇ ਗੁਰੂ ਪੰਥ — ਕੰਵਰ ਅਜੀਤ ਸਿੰਘ 136-147
10. ਅੰਤਿਕਾਵਾਂ
    - (ੳ) ਭਾਈ ਮਨੀ ਸਿੰਘ ਵੱਲੋਂ ਮਾਤ ਸੁੰਦਰੀ ਜੀ ਵੱਲ ਲਿਖੀ ਚਿੱਠੀ
    - (ਅ) ਮਹਾਨ ਕੋਸ਼ ਪੰਨਾ 410 ਦੀ ਫੋਟੋ
    - (ੲ) ਦਸਮ ਪਿਤਾ ਜੀ ਦੀ ਕਰ ਕਮਲਾਂ ਦੀ ਲਿਖਤ (ਜੋ ਸ੍ਰੀ ਦਸਮ ਗ੍ਰੰਥ ਸਾਹਿਬ ਮੋਤੀ ਬਾਗ ਪਟਿਆਲਾ ਵਿਚ ਹੈ ।)
    - (ਸ) ਕੈਨੇਡਾ ਦੀ ਵਿਕਟੋਰੀਆ ਕੋਰਟ ਦੇ ਫੈਸਲੇ ਦੀ ਨਕਲ

# ਆਰੰਭਕ ਸ਼ਬਦ

ਸਿਆਣਿਆਂ ਦਾ ਕਥਨ ਹੈ ਕਿ ਧਰਮ, ਧਾਰਮਕ ਅਸੂਲਾਂ ਦੇ ਧਾਰਨ ਕਰਨ ਨੂੰ ਆਖਦੇ ਹਨ । ਇਸ ਦੇ ਵਿਪਰੀਤ ਜਦ ਧਰਮ ਅਧਰਮੀ, ਅਨਪੜ੍ਹ ਬੰਦਿਆਂ ਦੇ ਵੱਸ ਹੁੰਦਾ ਹੈ ਤਾਂ ਮੜ੍ਹੀਆਂ ਦੀ ਪੂਜਾ ਹੁੰਦੀ ਹੈ ਅਤੇ ਡੇਰਿਆਂ ਨੂੰ ਜਨਮ ਦਿੰਦਾ ਹੈ । ਕਲਾਕਾਰਾਂ ਅਤੇ ਸ਼ਿਲਪਕਾਰਾਂ ਦੇ ਅਧੀਨ ਧਰਮ ਵੱਡੇ ਵੱਡੇ ਧਾਰਮਕ ਸਥਾਨਾਂ ਨੂੰ ਜਨਮ ਦਿੰਦਾ ਹੈ ਅਤੇ ਕੀਮਤੀ ਮੂਰਤੀਆਂ ਸਥਾਪਤ ਹੁੰਦੀਆਂ ਹਨ । ਇਸੇ ਤਰ੍ਹਾਂ ਜਦ ਧਰਮ ਦੀ ਵਾਗਡੋਰ ਨਿਰੋਲ ਵਿਦਵਾਨਾਂ ਕੋਲ ਹੁੰਦੀ ਹੈ ਤਾਂ ਕਿਤਾਬਾਂ ਨਾਲ ਲਾਇਬਰੇਰੀਆਂ ਦਾ ਸ਼ਿੰਗਾਰ ਬਣਦਾ ਹੈ ਅਤੇ ਗੋਸ਼ਟੀਆਂ ਰਾਹੀਂ ਵਿਵਾਦਾਂ ਨੂੰ ਜਨਮ ਦਿੰਦਾ ਹੈ ਅਤੇ ਰਾਜਨੀਤਕ ਲੀਡਰਾਂ ਦੇ ਅਧੀਨ ਨਸਲੀ ਫਸਾਦ ਜਾਂ ਖਾਸ ਧਾਰਮਕ ਅਕੀਦੇ ਵਾਲੇ ਲੋਕਾਂ ਦਾ ਕਤਲੇਆਮ ਕਰਵਾਉਂਦਾ ਹੈ ।

ਖਾਲਸਾ ਪੰਥ ਦੀ ਅੱਜ ਦੀ ਤ੍ਰਾਸ਼ਦੀ ਦਾ ਇਹੀ ਕਾਰਣ ਹੈ ਕਿ ਇਹ ਸਾਰੇ ਪੱਖ ਪੰਥ ਤੇ ਭਾਰੂ ਹਨ । ਇਸ ਹਾਲਤ ਦਾ ਇਕ ਹੋਰ ਪਹਿਲੂ ਇਹ ਹੈ ਕਿ ਜਿਹੜੇ ਬੰਦੇ ਜ਼ਿੰਦਗੀ ਦੀ ਦੂਜੀ ਪੁਲਾਂਘ ਟੱਪਣ ਤੱਕ ਰੱਬ ਨੂੰ ਅਤੇ ਧਾਰਮਕ ਮਹਾਂਪੁਰਸ਼ਾਂ ਨੂੰ ਨਿਰਨੇ ਕਾਲਜੇ ਇੱਕ ਸੌ ਇਕ ਗਾਲ੍ਹ ਕੱਢਕੇ ਪਾਣੀ ਪੀਂਦੇ ਰਹੇ, ਹਾਲਾਤ ਦੀ ਮਜਬੂਰੀ ਕਾਰਨ ਸਿੱਖ ਵਿਦਿਅਕ ਸੰਸਥਾਵਾਂ ਤੇ ਭਾਰੂ ਹਨ । ਇਨ੍ਹਾਂ ਕੋਲ, ਸਵਾਇ ਰੋਜ਼ ਨਵਾਂ 'ਸ਼ੋਸ਼ਾ' ਛੱਡਕੇ ਨਵਾਂ ਪੁਆੜਾ ਖੜਾ ਕਰਨ ਤੋਂ ਹੋਰ ਕੋਈ ਕੰਮ ਨਹੀਂ । ਆਪਣੀ ਵਿਦਵਤਾ ਦੇ ਸਿੱਕੇ ਨਾਲ ਸ਼ਬਦ ਜਾਲ ਵਿਛਾ ਕੇ ਲੋਕਾਂ ਨੂੰ ਗੁੰਮਰਾਹ ਕਰਨ ਵਿਚ ਹੀ ਇਹ ਲੁਤਫ਼ ਲੈਂਦੇ ਹਨ । ਇਸ ਤੋਂ ਇਲਾਵਾ ਦੇਸ਼ ਦੀ ਘੱਟ ਗਿਣਤੀ ਵਾਲੇ ਧਰਮਾਂ ਦੇ ਵਿਰੋਧੀਆਂ ਦੇ ਗੁਪਤ ਏਜੰਡੇ ਦੀਆਂ ਮੱਦਾਂ ਨੂੰ ਜੇ ਗਹੁ ਨਾਲ ਵੀਚਾਰ ਲਿਆ ਜਾਵੇ ਤਾਂ ਸਹਿਜੇ ਹੀ ਪਤਾ ਚੱਲ ਜਾਵੇਗਾ ਕਿ ਵਿਕੀਆਂ ਕਲਮਾਂ ਕਿੰਨਾ ਕੁ ਮਾਰੂ ਅਸਰ ਪਾ ਸਕਦੀਆਂ ਹਨ । ਇਸ ਦਾ ਕੁਝ ਕੁ ਖੁਲਾਸਾ ਅਸੀਂ "ਬਿਪ੍ਰਨ ਕੀ ਰੀਤ ਤੋਂ ਸੱਚ ਦੇ ਮਾਰਗ" ਦੀਆਂ ਕਿਤਾਬਾਂ ਬਾਰੇ ਲਿਖੀ ਕਿਤਾਬ "ਸਭ ਦੁਸ਼ਟ ਝਖ ਮਾਰਾ" ਵਿਚ ਕੀਤਾ ਹੈ ਅਤੇ ਬਹੁਤ ਕੁਝ ਡਾਕਟਰ ਸੁਖਬੀਰ ਸਿੰਘ ਉਦੋਕੇ ਨੇ ਆਪਣੀ ਕਿਤਾਬ "ਤਬੈ ਰੋਸ ਜਾਗਿਓ" ਵਿਚ ਕੀਤਾ ਹੈ ।

ਬਹੁਤ ਸਾਰੇ ਅਜੇਹੇ ਬੰਦੇ ਭੀ ਹਨ ਜੋ ਅਗਿਆਨਤਾ ਅਤੇ ਆਪਣੀ ਅਕਲ ਦੀ ਹਉਮੈ ਅਧੀਨ ਵਿਚਰ ਰਹੇ ਹਨ ਅਤੇ ਜੋ ਇਨ੍ਹਾਂ ਦੀ ਸਮਝ ਨਹੀਂ ਆਇਆ ਉਸ ਨੂੰ ਸਹੀ ਮੰਨਣ ਵਾਲਿਆਂ ਲਈ ਮੂਰਖ, ਜਾਹਲ, ਅੰਧ ਵਿਸ਼ਵਾਸ਼ੀ ਅਤੇ ਬ੍ਰਾਹਮਣਵਾਦੀ ਸ਼ਬਦਾਂ ਦਾ ਪ੍ਰਯੋਗ ਕਰਦੇ ਹਨ । ਸਭ ਆਪਣੀ ਗੱਲ ਨੂੰ ਸਿੱਧ ਕਰਨ ਲਈ ਆਪਣੀ ਵੀਚਾਰਧਾਰਾ ਅਨੁਸਾਰ ਅਪਣਾਈਆਂ ਮਿੱਥਾਂ ਨੂੰ ਕਸਵੱਟੀ ਬਣਾ ਕੇ ਦੂਸਰਿਆਂ ਤੇ ਆਪਣੀ ਵੀਚਾਰਧਾਰਾ ਠੋਸਣ ਦੇ ਨਿਰਾਰਥਕ ਜਤਨ ਕਰਦੇ ਹਨ ।

ਅੱਜ ਦਾ ਸ਼੍ਰੀ ਦਸਮ ਗ੍ਰੰਥ ਦਾ ਵਿਵਾਦ ਅਜੇਹੀਆਂ ਮਾਨਸਿਕਤਾਵਾਂ ਦੀ ਹੀ ਉਪਜ ਹੈ । ਕੈਸੀ ਅਜੀਬ ਗੱਲ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਬਾਲ ਸਖਾਈ, ਅਨਿਨ ਸੇਵਕ, ਸਿਰਮੌਰ ਵਿਸ਼ਵਾਸ ਪਾਤਰ, ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ ਸ਼ਹੀਦ ਅਤੇ ਬਾਬਾ ਬਿਨੋਦ ਸਿੰਘ ਆਦਿ ਜਿਨ੍ਹਾਂ ਦੀ ਵਿਦਵਤਾ, ਦ੍ਰਿੜ ਵਿਸ਼ਵਾਸ ਅਤੇ ਪ੍ਰਮਾਰਥਕ ਔਜ ਵਾਲੇ ਜੀਵਨ ਦੇ ਅੱਜ ਕੋਈ ਨੇੜੇ ਨਹੀਂ ਢੱਕ ਸਕਦਾ, ਨੂੰ ਇਨ੍ਹਾਂ ਸਾਰਿਆਂ ਆਪ ਹੁਦਰਿਆਂ ਕਸਵੱਟੀ ਨਾਲ ਮੂਰਖ ਅਤੇ ਅੰਧ ਵਿਸ਼ਵਾਸ਼ੀ ਸਾਬਤ ਕਰਨ ਦੀ ਕੁਚੇਸ਼ਟਾ ਕੀਤੀ ਹੈ ।

ਕੌਣ ਨਹੀਂ ਜਾਣਦਾ ਕੇ ਅਠਾਰਵੀਂ ਸਦੀ ਵਿਚ ਖਾਲਸਾ ਪੰਥ ਦਾ ਸ਼ਾਨਦਾਰ ਸੁਨਹਿਰੀ ਇਤਿਹਾਸ ਨੂੰ ਸਿਰਜਣ ਵੇਲੇ ਪੰਥ ਵਿਚ ਵਿਦਵਤਾ ਦੀਆਂ ਦੋ ਹੀ ਸਿਰਮੌਰ ਟਕਸਾਲਾਂ ਸਨ ਇਕ ਭਾਈ ਮਨੀ ਸਿੰਘ ਜੀ ਅਧੀਨ ਗਿਆਨੀਆਂ ਦੀ ਟਕਸਾਲ ਸ੍ਰੀ ਅੰਮ੍ਰਿਤਸਰ ਵਿਚ ਅਤੇ ਦੂਸਰੀ ਦਮਦਮੇ ਸਾਹਿਬ ਬਾਬਾ ਦੀਪ ਸਿੰਘ ਜੀ ਦੀ ਅਗਵਾਈ ਹੇਠ । ਜੇ ਇਹ ਦੋਨੋਂ ਮਹਾਨ ਹਸਤੀਆਂ ਸ੍ਰੀ ਦਸਮ ਗ੍ਰੰਥ ਸਾਹਿਬ ਨੂੰ ਮਾਨਤਾ ਦੇ ਕੇ ਆਪ ਇਸ ਦੇ ਉਤਾਰੇ ਕਰ ਕੇ ਪੰਥ ਨੂੰ ਭੇਟਾ ਕਰਦੇ ਹਨ ਤਾਂ ਅੱਜ ਦੇ ਲੱਲੇ ਭੱਬੇ, ਮੱਮੇ ਘੱਗੇ ਇਸ ਦੇ ਸਾਹਮਣੇ ਕਿਥੇ ਖੜ੍ਹਦੇ ਹਨ, ਇਸ ਦਾ ਨਿਰਣਾ ਇਸ ਕਿਤਾਬਚੇ ਨੂੰ ਪੜ੍ਹਕੇ ਪਾਠਕਾਂ ਨੇ ਆਪ ਹੀ ਕਰਨਾ ਹੈ । ਤੱਥਾਂ ਨੂੰ ਕਿਸ ਤਰ੍ਹਾਂ ਤ੍ਰੋੜ ਮਰੋੜ ਕੇ ਸੰਗਤਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ ਇਸ ਦਾ ਅੰਦਾਜ਼ਾ ਭੀ ਪਾਠਕਾਂ ਨੂੰ ਭਲੀਭਾਂਤ ਇਸ ਨੂੰ ਪੜ੍ਹ ਕੇ ਲੱਗ ਜਾਵੇਗਾ ।

ਮੱਖਣ ਨੂੰ ਅੰਮ੍ਰਿਤ ਮੰਨਿਆ ਗਿਆ ਹੈ ਪਰ ਜੇ ਮੱਖਣ ਨੂੰ ਇਕ ਸੌ ਇਕ ਵਾਰੀ ਪਾਣੀ ਵਿਚ ਧੋ ਲਿਆ ਜਾਵੇ ਤਾਂ ਇਹ ਜ਼ਹਿਰ ਬਣ ਜਾਂਦਾ ਹੈ ਖਾਣ ਯੋਗ ਨਹੀਂ ਰਹਿੰਦਾ । ਸੋ ਜੇ ਝੂਠ ਨੂੰ ਸੌ ਵਾਰ ਸੱਚ ਦਾ ਮੁਲੱਮਾ ਚਾੜ੍ਹ ਕੇ ਪੇਸ਼ ਕੀਤਾ ਜਾਵੇ

ਉਹ ਸੱਚ ਬਣ ਜਾਵੇਗਾ ਅਜੇਹਾ ਦਸਮ ਗ੍ਰੰਥ ਦੇ ਵਿਰੋਧੀਆਂ ਦਾ ਭਰਮ ਹੈ । ਪੰਜਾਹ ਹਜ਼ਾਰ ਤੋਂ ਉੱਪਰ ਸਿੱਖ ਫੁਲਵਾੜੀ ਛੱਪਦੀ ਹੈ, ਮਿਸ਼ਨਰੀ ਕਾਲਜ ਚੌਂਤਾ, ਜਵੱਦੀ ਕਲਾ ਅਤੇ ਮਿਸ਼ਨਰੀ ਕਾਲਜ ਦਿੱਲੀ ਹਰ ਮਹੀਨੇ ਛੱਪਣ ਵਾਲੇ ਅੰਕਾਂ ਵਿਚ ਪਿਛਲੇ ਪੰਜਾਹ ਸਾਲਾਂ ਤੋਂ ਸ੍ਰੀ ਦਸਮ ਗ੍ਰੰਥ ਦੇ ਬਰਖਿਲਾਫ ਲਿਖਦੇ ਆ ਰਹੇ ਹਨ ਅਤੇ ਹੁਣ ਸਪੋਕਸਮੈਨ ਹਰ ਰੋਜ਼ ਜ਼ਹਿਰ ਉਗਲ ਰਿਹਾ ਹੈ ਤਾਂ ਇਸ ਨਗਾਰਖਾਨੇ ਵਿਚ ਤੂਤੀ ਦੀ ਅਵਾਜ਼ ਕੀ ਕਰੇਗੀ । ਪਰ ਕੂੜ ਦਾ ਪਾਜ ਉਘੇੜਣ ਲਈ ਅਸੀਂ ਇਹ ਨਿਗੂਣਾ ਜਿਹਾ ਜਤਨ ਗੁਰੂ ਮਹਾਰਾਜ ਦੀ ਕ੍ਰਿਪਾ ਸਦਕਾ ਕੀਤਾ ਹੈ । ਪ੍ਰੋ. ਸਾਹਿਬ ਸਿੰਘ ਜੀ ਨੂੰ ਸਮਰਪਿਤ ਸੰਸਥਾਵਾਂ ਕਿਸ ਤਰ੍ਹਾਂ ਇਨ੍ਹਾਂ ਦੇ ਵੀਚਾਰਾਂ ਨੂੰ ਤ੍ਰੋੜ ਮ੍ਰੋੜ ਕੇ ਪੇਸ਼ ਕਰ ਰਹੀਆਂ ਹਨ ਇਹ ਭੀ ਸੰਗਤਾਂ ਨੂੰ ਇਹ ਕਿਤਾਬਚਾ ਪੜ੍ਹ ਕੇ ਪਤਾ ਚਲ ਜਾਵੇਗਾ ।

ਸਾਰੀਆਂ ਗੱਲਾਂ, ਨਿਰਣੇ ਅਤੇ ਤੱਥ, ਜੋ ਇਸ ਕਿਤਾਬਚੇ ਵਿਚ ਦਿੱਤੇ ਹਨ, ਅਜ ਤੋਂ ਬਹੁਤ ਦੇਰ ਪਹਿਲਾਂ ਹੀ ਪੰਥ ਦੀਆਂ ਸਿਰਮੋਰ ਹਸਤੀਆਂ ਨੇ ਕਿਤਾਬਾਂ ਵਿਚ ਲਿਖ ਰੱਖੇ ਹਨ । ਪਰ ਆਮ ਸਿਖ ਸੰਗਤਾਂ ਨੂੰ ਪੜ੍ਹਨ ਦੀ ਰੁਚੀ ਦੀ ਘਾਟ, ਸਮਾਂ ਅਤੇ ਸਾਧਨਾਂ ਦੀ ਘਾਟ ਕਾਰਨ ਸਹੀ ਤੱਥਾਂ ਤੋਂ ਅਣਜਾਣ ਹੋਣ ਕਰ ਕੇ ਸ੍ਰੀ ਦਸਮ ਗ੍ਰੰਥ ਵਿਰੋਧੀ ਧੜਾ ਭਾਰੂ ਹੋ ਰਿਹਾ ਹੈ । ਅਸੀਂ ਤਾਂ ਪਹਿਲੇ ਹੋ ਗੁਜ਼ਰੇ ਮਹਾਂਪੁਰਸ਼ਾਂ ਦੀ ਕੇਵਲ ਚੋਰ ਭੋਰ ਹੀ ਸੰਗਤਾਂ ਨੂੰ ਪੇਸ਼ ਕਰ ਰਹੇ ਹਾਂ । ਉਮੀਦ ਹੈ ਅਨੇਕਾਂ ਤਰੁਟੀਆਂ ਨੂੰ ਨਾ ਚਿਤਾਰਦੇ ਹੋਏ ਸੰਗਤਾਂ ਸਹੀ ਤੱਥਾਂ ਨੂੰ ਸਮਝ ਕੇ ਗੁਰ ਖੁਸ਼ੀਆਂ ਦੀ ਅਸੀਸ ਬਖਸ਼ਸ਼ ਕਰਨਗੀਆਂ ।

ਗੁਰੂ ਪੰਥ ਦਾ ਦਾਸ

**ਕੰਵਰ ਅਜੀਤ ਸਿੰਘ**

# ਗੁਰੂ ਗੋਬਿੰਦ ਸਿੰਘ ਜੀ ਦੀ ਸ਼ਬਦ ਮੂਰਤਿ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਇਤਿਹਾਸਕ ਅਤੇ ਅਧਿਆਤਮਕ ਪੱਖ

ਗੁਰੂ, ਪੀਰ, ਪੈਗੰਬਰ, ਰਿਸ਼ੀ-ਮੁਨੀ, ਸਤਿਪੁਰਸ਼, ਮਹਾਤਮਾ, ਵੀਰ-ਪੁਰਸ਼, ਯੋਧੇ ਅਤੇ ਅਵਤਾਰ ਇਤਿਹਾਸ ਅਤੇ ਧਰਮ ਗ੍ਰੰਥਾਂ ਦੀ ਸਿਰਜਣਾ ਕਰਦੇ ਹਨ; ਵਿਦਵਾਨ ਅਤੇ ਬੁੱਧੀਜੀਵੀ ਇਸ ਇਤਿਹਾਸ ਨੂੰ ਉਜਾਗਰ ਕਰਦੇ ਹਨ ਅਤੇ ਧਾਰਮਿਕ ਗ੍ਰੰਥਾਂ ਦਾ ਵਖਿਆਨ ਕਰਦੇ ਹਨ । ਸਿਆਣੇ ਲੋਕ ਇਨ੍ਹਾਂ ਦੀ ਸੰਭਾਲ ਕਰਦੇ ਹਨ ਅਤੇ ਆਪਣੇ ਜੀਵਨ ਦੇ ਮਾਰਗ-ਦਰਸ਼ਨ ਲਈ ਉਨ੍ਹਾਂ ਤੋਂ ਪ੍ਰੇਰਨਾ ਲੈਂਦੇ ਹਨ ਜਦ ਕਿ ਮੂੜ੍ਹ-ਮਤ, ਸ਼ੰਕਾਵਾਦੀ ਅਤੇ ਅਖੌਤੀ ਤਰਕਸ਼ੀਲ ਇਨ੍ਹਾਂ ਦਾ ਨਾਸ਼ ਕਰਨ ਵਿਚ ਹੀ ਆਪਣੀ ਵਡਿਆਈ ਸਮਝਦੇ ਹਨ । ਸਿੱਖ ਧਰਮ ਸੰਸਾਰ ਦੇ ਸਾਰੇ ਹੀ ਧਰਮਾਂ ਵਿਚੋਂ ਇਕ ਅਜਿਹਾ ਵਿਲੱਖਣ ਧਰਮ ਹੈ ਜਿਸ ਦੇ ਕੋਲ ਆਪਣੇ ਧਾਰਮਿਕ ਗ੍ਰੰਥਾਂ ਦੇ ਮੂਲ ਆਧਾਰ ਅਤੇ ਉਨ੍ਹਾਂ ਦੇ ਉਤਾਰੇ ਮੌਜੂਦ ਹਨ । ਸ਼ਾਇਦ ਇਹੀ ਵਜ੍ਹਾ ਹੈ ਕਿ ਇਸ ਧਰਮ ਦੇ ਮੂਲ ਆਧਾਰਾਂ ਨੂੰ ਖਤਮ ਕਰਨ ਦੀਆਂ ਸਾਜਿਸ਼ਾਂ ਅਧੀਨ ਇਸ ਦੇ ਧਾਰਮਿਕ ਗ੍ਰੰਥਾਂ ਦੀ ਪ੍ਰਮਾਣਿਕਤਾ ਸ਼ੱਕੀ ਕਰਨ ਲਈ ਨਿਰੰਤਰ ਕੋਸ਼ਿਸ਼ਾਂ ਚਲ ਰਹੀਆਂ ਹਨ । ਇਸ ਸੋਚ ਦੇ ਵਿਚਾਰਵਾਨਾਂ ਦੇ ਦੋ ਧੜੇ ਬਣੇ ਹੋਏ ਹਨ, ਜਿਨ੍ਹਾਂ ਵਿਚੋਂ ਇਕ ਧੜਾ ਇਹ ਸਿਧ ਕਰਨ ਦੀ ਨਿਰੰਤਰ ਕੋਸ਼ਿਸ਼ ਕਰ ਰਿਹਾ ਹੈ ਕਿ *ਆਦਿ ਗੁਰੂ ਗ੍ਰੰਥ ਸਾਹਿਬ*, ਜੋ ਕਿ ਮੌਜੂਦਾ ਸਰੂਪ ਵਿਚ ਸਿੱਖਾਂ ਕੋਲ ਸੁਰੱਖਿਅਤ ਹੈ ਉਹ ਪ੍ਰਮਾਣਿਕ ਨਹੀਂ ਹੈ । ਇਹ ਕਦੀ ਆਦਿ ਗੁਰੂ ਗ੍ਰੰਥ ਸਾਹਿਬ ਦੀ ਪਾਠਗਤ ਵਿਸ਼ਲੇਸ਼ਣ (Textual Analysis) ਦੇ ਬਹਾਨੇ ਅਤੇ ਕਦੀ ਮੀਣਿਆਂ ਦੀ ਬਾਣੀ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ (ਖਰੜਾ ਨੰ: ੧੨੪੫) ਸਥਾਪਤ ਕਰਕੇ ਉਸ ਨੂੰ *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ* ਦੀ ਆਧਾਰਤ ਸ੍ਰੋਤ ਪੁਸਤਕ ਦੇ ਤੌਰ 'ਤੇ ਪੇਸ਼ ਕਰਨ ਦੀ ਕੁਚੇਸ਼ਟਾ ਨੂੰ ਨਵੀਨ ਖੋਜ ਬਣਾ ਕੇ ਸਿੱਖ ਕੌਮ ਨੂੰ ਗੁਮਰਾਹ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ । ਇਸ ਸੋਚ ਦੇ ਧਾਰਨੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤਨਖਾਹ ਵੀ ਲਗਵਾ ਚੁੱਕੇ ਹਨ । ਇਨ੍ਹਾਂ ਵਿਚ ਪ੍ਰਮੁੱਖ ਹਨ ਡਾ:

ਪਿਆਰ ਸਿੰਘ ਅਤੇ ਡਾ. ਪਿਸ਼ੌਰਾ ਸਿੰਘ । ਦੂਸਰੇ ਪਾਸੇ ਇਕ ਹੋਰ ਟੋਲਾ ਭਸੌੜੀ ਸੋਚ ਨੂੰ ਲੈ ਕੇ ਇਹ ਨਿਰੰਤਰ ਕੋਸ਼ਿਸ਼ਾਂ ਕਰ ਰਿਹਾ ਹੈ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਬਦ-ਮੂਰਤਿ *ਸ੍ਰੀ ਦਸਮ ਗ੍ਰੰਥ ਸਾਹਿਬ,* ਗੁਰੂ ਸਾਹਿਬ ਦੀ ਕ੍ਰਿਤ ਨਹੀਂ ਹੈ । ਇਸ ਸੋਚ ਦੇ ਧਾਰਨੀ ਬਾਬੂ ਤੇਜਾ ਸਿੰਘ ਭਸੌੜ, ਸ਼ਮਸ਼ੇਰ ਸਿੰਘ ਅਸ਼ੋਕ, ਡਾ. ਰਤਨ ਸਿੰਘ ਜੱਗੀ, ਕਰਤਾਰ ਸਿੰਘ ਬਾੜੀ, ਗਿਆਨੀ ਭਾਗ ਸਿੰਘ, ਸ੍ਰ. ਦਲਜੀਤ ਸਿੰਘ, ਸ੍ਰ. ਜਗਜੀਤ ਸਿੰਘ, ਪ੍ਰਿੰ. ਹਰਭਜਨ ਸਿੰਘ, ਦਿਵਾਨ ਸਿੰਘ, ਪ੍ਰੋ. ਹਰਿੰਦਰ ਸਿੰਘ ਮਹਿਬੂਬ, ਸ੍ਰ. ਜਸਬੀਰ ਸਿੰਘ ਮਾਨ, ਸ੍ਰ. ਗੁਰਤੇਜ ਸਿੰਘ, ਸ੍ਰ. ਮਹਿੰਦਰ ਸਿੰਘ ਜੋਸ਼, ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਅਤੇ ਸਿੱਖ ਪੰਥ ਦੇ ਹਿਤੈਸ਼ੀ ਹੋਣ ਦਾ ਮਖੌਟਾ ਪਹਿਨੇ *ਸਪੋਕਸਮੈਨ* ਦੇ ਸੰਪਾਦਕ ਜੋਗਿੰਦਰ ਸਿੰਘ, ਸਿੱਖ ਮਿਸ਼ਨਰੀ ਕਾਲਜ ਆਪਣੇ ਸਵੈ-ਵਿਰੋਧੀ ਤਰਕ-ਵਿਤਰਕਾਂ ਅਤੇ ਨਿਰੋਲ ਮਿਥਿਆ ਕਥਨਾਂ ਨਾਲ ਕਿਸੇ ਵੀ ਤਰ੍ਹਾਂ *ਸ੍ਰੀ ਦਸਮ ਗ੍ਰੰਥ ਸਾਹਿਬ* ਜੀ ਦੀ ਪ੍ਰਮਾਣਿਕਤਾ ਰੱਦ ਕਰਨ ਲਈ ਯਤਨਸ਼ੀਲ ਹਨ। ਇਸ ਟੋਲੀ ਦੇ ਮੋਢੀ ਬਾਬੂ ਤੇਜਾ ਸਿੰਘ ਭਸੌੜ ਨੂੰ ਗੁਰਮਤਿ ਵਿਰੋਧੀ ਅਤੇ ਸਥਾਪਤ ਤੇ ਸਰਵ-ਪ੍ਰਮਾਣਿਤ ਰਹਿਤ-ਮਰਿਯਾਦਾ ਨੂੰ ਚੁਣੌਤੀ ਦੇਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜ਼ਾਰੀ ਕਰਕੇ ੮ ਅਗਸਤ ੧੯੨੮ ਈ. ਨੂੰ ਪੰਥ ਵਿਚੋਂ ਖਾਰਜ ਕਰ ਦਿੱਤਾ ਗਿਆ ਸੀ । ਪੂਰੇ ੪੯ ਸਾਲ ਬਾਅਦ ਗਿਆਨੀ ਭਾਗ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੇ ਰਾਹੀਂ ੫-੭-੧੯੭੭ ਈ. ਨੂੰ ਪੰਥ ਵਿਚੋਂ ਖਾਰਜ ਕਰ ਦਿੱਤਾ ਗਿਆ । ਤੇਜਾ ਸਿੰਘ ਭਸੌੜ ਦੇ ਵਾਰਸ ਸ੍ਰ. ਮਨਮੋਹਨ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਨੇ ਸ੍ਰੀ ਅਕਾਲ ਤਖਤ ਸਾਹਿਬ ਅੱਗੇ ੩ ਮਈ ੨੦੦੧ ਨੂੰ ਪੇਸ਼ ਹੋ ਕੇ ਤਨਖਾਹ ਲੁਆ ਕੇ ਬਾਬੂ ਤੇਜਾ ਸਿੰਘ ਦੀਆਂ ਭੁੱਲਾਂ ਦੀ ਖਿਮਾਂ ਜਾਚਨਾ ਦੀ ਜੋਦੜੀ ਕੀਤੀ ਜੋ ਕਿ ਗੁਰਮਤਿ ਰਹਿਤ-ਮਰਿਯਾਦਾ ਅਨੁਸਾਰ ਪ੍ਰਵਾਨ ਹੋਈ । ਇਸੇ ਤਰ੍ਹਾਂ ਗਿਆਨੀ ਭਾਗ ਸਿੰਘ ਦੇ ਪਰਿਵਾਰ ਵਲੋਂ ਇਕ ਪੁਸਤਕ *ਜਨ ਪਰਉਪਕਾਰੀ ਆਏ : ਸੰਖੇਪ ਜੀਵਨੀ ਅਤੇ ਕੁਝ ਚੋਣਵੇਂ ਲੇਖ ਗਿਆਨੀ ਭਾਗ ਸਿੰਘ ਜੀ* ਇਸੇ ਸਾਲ ਛਪਵਾ ਕੇ ਵੰਡੀ ਜਿਸ ਵਿਚ ਵਾਰਸਾਂ ਨੇ ਇਹ ਦਸਣ ਵਿਚ ਸੰਕੋਚ ਕੀਤਾ ਹੈ ਕਿ ਗਿਆਨੀ ਭਾਗ ਸਿੰਘ ਨੂੰ ਉਨ੍ਹਾਂ ਦੀਆਂ ਗੁਰਮਤਿ ਵਿਰੋਧੀ ਲਿਖਤਾਂ ਕਾਰਨ ਪੰਥ ਵਿਚੋਂ ਛੇਕ ਦਿੱਤਾ ਗਿਆ ਸੀ, ਜੋ ਇਸ

ਗਲ ਦੀ ਗਵਾਹੀ ਹੈ ਕਿ ਗਿਆਨੀ ਭਾਗ ਸਿੰਘ ਦੇ ਵਾਰਸ ਵੀ ਬਾਬੂ ਤੇਜਾ ਸਿੰਘ ਦੇ ਵਾਰਸਾਂ ਵਾਂਗ ਸ਼ਰਮਸਾਰ ਹਨ । ਗੁਰੂ ਅਮਰਦਾਸ ਜੀ ਦਾ ਆਦੇਸ਼ ਹੈ :

*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥ ਅੰਗ ੯੧੮*

(ਸ੍ਰੀ ਗੁਰੂ ਗ੍ਰੰਥ ਸਾਹਿਬ-ਪੰਨਾ ੧੧)

ਇਥੇ ਇਹ ਦੱਸ ਦੇਣਾ ਠੀਕ ਹੋਵੇਗਾ ਕਿ ਬਾਬੂ ਤੇਜਾ ਸਿੰਘ ਨੇ ਆਪਣੀ ਵੀਚਾਰਧਾਰਾ ਨੂੰ ਸਹੀ ਸਿੱਧ ਕਰਨ ਲਈ ਆਦਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਹੱਥ ਨਾਲ ਲਿਖਵਾ ਕੇ ਤੂੜੀ ਵਿਚ ਦੱਬ ਦਿੱਤੀ । ਕੁਝ ਦਿਨ ਪਿਛੋਂ ਬੀੜ ਦੇ ਕਾਗਜ਼ ਪੀਲੇ ਪੈ ਗਏ ਅਤੇ ਇਹ ਪ੍ਰਚਾਰਿਆ ਕਿ ਇਹ ਪੁਰਾਤਨ ਹੱਥ ਲਿਖਤ ਬੀੜ ਦੇ ਆਧਾਰ ਤੇ ਉਹ ਸਭ ਕੁਝ ਕਹਿ ਰਹੇ ਹਨ ਪਰ ਪਿੱਛੋਂ ਇਸ ਦਾ ਭੇਦ ਖੁਲ੍ਹ ਗਿਆ ਅਤੇ ਬਾਬੂ ਜੀ ਨੂੰ ਪੰਥ ਨੇ ਦੁਰਕਾਰ ਦਿੱਤਾ ਗਿਆ । ਇਸੇ ਤਰ੍ਹਾਂ ਗਿ. ਹਰਬੰਸ ਸਿੰਘ ਜੀ ਨੇ ਆਪਣੀ ਪੁਤਸਕ "ਸ੍ਰੀ ਦਸਮ ਗ੍ਰੰਥ ਦਰਪਣ" ਵਿਚ ਗਿ. ਭਾਗ ਸਿੰਘ ਦੇ ਕੁਫਰਗੜ੍ਹ ਨੂੰ ਤੋੜਿਆ ਹੈ ਅਤੇ ਸਾਬਤ ਕੀਤਾ ਹੈ ਕਿ ਗਿ. ਭਾਗ ਸਿੰਘ ਦਾ ਪਿਛੋਕੜ ਆਰੀਆ ਸਮਾਜੀ ਸੀ ।

ਜੋ ਤਰਕ-ਵਿਤਰਕ ਇਨ੍ਹਾਂ ਖਰੜ ਗਿਆਨੀਆਂ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਨੂੰ ਸ਼ੱਕ ਦੇ ਘੇਰੇ ਵਿਚ ਲਿਆਉਣ ਲਈ ਦਿੱਤੇ ਉਹ ਸਿਰਫ ਸਵੈ-ਵਿਰੋਧੀ ਹੀ ਨਹੀਂ ਬਲਕਿ ਉਨ੍ਹਾਂ ਦੀ ਅਗਿਆਨਤਾ ਦੇ ਸਬੂਤ ਵੀ ਹਨ । ਇਨ੍ਹਾਂ ਦੇ ਤਰਕ-ਵਿਤਰਕਾਂ ਦਾ ਮੂਲ ਆਧਾਰ ਹੈ-ਕੋਰੇ ਝੂਠ ਬੋਲ ਕੇ ਸੰਗਤਾਂ ਨੂੰ ਗੁੰਮਰਾਹ ਕਰੋ, ਅਰਥਾਂ ਦੇ ਅਨਰਥ ਕਰੋ, ਸਿੱਖੀ ਸਰੂਪ ਵਿਚ ਸਿੱਖੀ ਦੇ ਬੂਟੇ ਦੀਆਂ ਜੜ੍ਹਾਂ ਵਿਚ ਗਰਮ ਤੇਲ ਪਾਓ । ਪਿਛਲੇ ੭੮ ਸਾਲਾਂ ਤੋਂ ਸਾਡੇ ਇਹ ਖਰੜ ਗਿਆਨੀ ਭਸੌੜੀ ਸੋਚ ਨੂੰ ਮਾਂਜ-ਪੋਚ ਕੇ ਸੰਗਤਾਂ ਨੂੰ ਗੁਮਰਾਹ ਕਰਨ ਦੀਆਂ ਨਿਰੰਤਰ ਕੋਸ਼ਿਸ਼ਾਂ ਕਰ ਰਹੇ ਹਨ, ਪਰ ਸਿੱਖ ਵਿਦਵਾਨਾਂ ਨੇ ਇਨ੍ਹਾਂ ਲਿਖਤਾਂ ਦਾ ਪੁਰਜੋਰ ਖੰਡਨ ਕੀਤਾ ਜਿਸ ਦਾ ਜਵਾਬ ਦੇਣ ਵਿਚ ਵੀ ਇਹ ਸਾਰੇ ਹੀ ਗੁਰੂ-ਨਿੰਦਕ ਅਸਫਲ ਰਹੇ । ੧੯੮੨ ਵਿਚ ਪ੍ਰੋ. ਪਿਆਰਾ ਸਿੰਘ ਪਦਮ ਨੇ ਡਾ. ਰਤਨ ਸਿੰਘ ਜੱਗੀ ਦੀਆਂ ਲਿਖਤਾਂ ਦਾ ਖੰਡਨ ਆਪਣੀ ਪੁਸਤਕ *"ਦਸਮ ਗ੍ਰੰਥ ਦਰਪਨ"* ਵਿਚ ਕੀਤਾ । ਗੁਰਬਖਸ਼ ਸਿੰਘ ਕਾਲਾ ਅਫ਼ਗਾਨਾਂ ਦੀਆਂ ਲਿਖਤਾਂ ਦਾ ਖੰਡਨ ਅਮਰਜੀਤ ਸਿੰਘ ਖੋਸਾ ਨੇ

ਆਪਣੀ ਪੁਸਤਕ "ਸ੍ਰੀ ਦਸਮ ਗ੍ਰੰਥ ਸਾਹਿਬ; ਦਸ਼ਮੇਸ਼-ਕ੍ਰਿਤ ਪ੍ਰਮਾਣਿਕਤਾ" (੨੦੦੬), ਕੰਵਰ ਅਜੀਤ ਸਿੰਘ ਨੇ ਆਪਣੀ ਪੁਸਤਕ "ਸਭ ਦੁਸਟ ਝਖ ਮਾਰਾ" (੨੦੦੫) ਅਤੇ ਤਰਦੀਪ ਸਿੰਘ ਦੇ ਲੇਖਾਂ ਵਾਲੀ "ਕਾਲਾ ਅਫ਼ਗਾਨਾਂ ਦੇ ਕਾਲੇ ਲੇਖ" (੨੦੦੩) ਵਿਚ ਕੀਤਾ । ਇਨ੍ਹਾਂ ਸ਼ੰਕਾਂ-ਵਾਦੀਆਂ ਦੇ ਵਿਚਾਰਾਂ ਦੇ ਖੰਡਨ ਗਿਆਨੀ ਸਾਹਿਬ ਸਿੰਘ ਜੀ ਨੇ ਆਪਣੀ ਪੁਸਤਕ *"ਦਸਮ ਗੁਰ ਗਿਰਾ ਪ੍ਰਕਾਸ਼ ਗ੍ਰੰਥ"*(੧੯੦੮), ਗਿਆਨੀ ਈਸ਼ਰ ਸਿੰਘ ਨੇ ਆਪਣੀ ਪੁਸਤਕ *"ਦਸਮ ਗ੍ਰੰਥ ਸਾਹਿਬ ਜੀ ਦੇ ਖੰਡਨ ਦਾ ਖੰਡਨ"* (੧੯੯੦), ਸ੍ਰ. ਰਣਧੀਰ ਸਿੰਘ ਨੇ ਆਪਣੀ ਪੁਸਤਕ *ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਬਦ-ਮੂਰਤਿ ਦਸਵੇਂ ਪਾਤਿਸ਼ਾਹ ਦੇ ਗ੍ਰੰਥ ਦਾ ਇਤਿਹਾਸ* (੧੯੫੫) ਵਿਚ ਕੀਤਾ । ਇਸ ਤੋਂ ਇਲਾਵਾ ਸ੍ਰ. ਕਪੂਰ ਸਿੰਘ, ਨੈਸ਼ਨਲ ਪ੍ਰੋਫੈਸਰ ਔਫ਼ ਸਿੱਖਇਜ਼ਮ, ਡਾ. ਤ੍ਰਿਲੋਚਨ ਸਿੰਘ, ਡਾ. ਧਰਮ ਪਾਲ ਆਸ਼ਟਾ, ਸ੍ਰ. ਬਲਵੰਤ ਸਿੰਘ, ਡਾ. ਜੋਧ ਸਿੰਘ, ਭਾਈ ਕਾਨ੍ਹ ਸਿੰਘ, ਭਾਈ ਭਗਵੰਤ ਸਿੰਘ ਜੀ ਹਰੀ, ਡਾ. ਧਰਮ ਸਿੰਘ, ਡਾ. ਹਰਪਾਲ ਸਿੰਘ ਪੰਨੂ, ਡਾ. ਮਹੀਪ ਸਿੰਘ, ਸ੍ਰ. ਭਗਤ ਸਿੰਘ, ਗੁਰਚਰਨ ਜੀਤ ਸਿੰਘ ਲਾਂਬਾ, ਡਾ. ਜਗਜੀਤ ਸਿੰਘ, ਭਾਈ ਵੀਰ ਸਿੰਘ, ਡਾ. ਤਾਰਨ ਸਿੰਘ, ਡਾ. ਜਗਤਾਰ ਸਿੰਘ ਗਰੇਵਾਲ, ਡਾ. ਹਰਭਜਨ ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਸ੍ਰ. ਗੁਰਚਰਨ ਸਿੰਘ ਮਹਿਤਾ, ਡਾ. ਜਸਵੰਤ ਸਿੰਘ ਨੇਕੀ, ਡਾ. ਜਸਬੀਰ ਸਿੰਘ ਸਾਬਰ, ਡਾ. ਹਰਨਾਮ ਸਿੰਘ ਸ਼ਾਨ, ਡਾ. ਸਤਿੰਦਰ ਸਿੰਘ, ਡਾ. ਕੁਲਵੰਤ ਸਿੰਘ, ਪ੍ਰੋ. ਹਿੰਮਤ ਸਿੰਘ ਸੋਢੀ, ਡਾ. ਕੁਲਦੀਪ ਸਿੰਘ ਧੀਰ, ਡਾ. ਮਨਮੋਹਨ ਸਹਿਗਲ, ਡਾ. ਧਰਮ ਪਾਲ ਸੈਣੀ, ਡਾ. ਹੀਰਾ ਲਾਲ ਚੋਪੜਾ ਆਦਿ ਵਿਦਵਾਨਾਂ ਨੇ ਆਪਣੀਆਂ ਲਿਖਤਾਂ ਰਾਹੀਂ ਦਸਮ ਗ੍ਰੰਥ ਸਾਹਿਬ ਦੇ ਵੱਖ-ਵੱਖ ਪਹਿਲੂਆਂ 'ਤੇ ਵਿਦਵਤਾ ਭਰਪੂਰ ਲੇਖ ਅਤੇ ਕਿਤਾਬਾਂ ਲਿਖੀਆਂ ਜੋ ਕਿ ਇਸ ਵਿਸ਼ੇ ਤੇ ਖੋਜੀਆਂ ਲਈ ਪ੍ਰੇਰਨਾ ਸਰੋਤ ਹਨ ।

ਹੁਣ ਕੁਝ ਉਨ੍ਹਾਂ ਵਿਦਵਾਨਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ ਜੋ ਕਿ ਦਸਮ ਗ੍ਰੰਥ ਸਾਹਿਬ ਨੂੰ ਸਮਝਣ ਵਿਚ ਅਸਮਰਥ ਰਹੇ ਹਨ । ਸਭ ਤੋਂ ਪਹਿਲਾਂ ਖੁਸ਼ਵੰਤ ਸਿੰਘ ਦਾ ਜ਼ਿਕਰ ਕਰਨਾ ਜ਼ਰੂਰੀ ਹੈ ਜਿਨ੍ਹਾਂ ਨੇ ਆਪਣੀ ਪੁਸਤਕ *"ਏ ਇਸਟਰੀ ਔਫ਼ ਦੀ ਸਿਖਸ"* (ਜਿਲਦ ਪਹਿਲੀ) ਵਿਚ ਹਾਸੋ-ਹੀਣਾ ਬਿਆਨ ਦਾਗ਼ ਕੇ ਆਪਣੀ

ਅਗਿਆਨਤਾ ਦਾ ਨਮੂਨਾ ਦਿੱਤਾ ਹੈ । ਸ੍ਰ. ਖੁਸ਼ਵੰਤ ਸਿੰਘ ਲਿਖਦੇ ਹਨ : *ਦਸਮ ਗ੍ਰੰਥ* ਜੋ ਭਾਈ ਮਨੀ ਸਿੰਘ ਦੇ ਨਾਮ ਨਾਲ ਪ੍ਰਚੱਲਤ ਹੈ, ਵਿਚ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿਚ ੧,੨੫,੦੦੦ ਛੰਦ ਉਚਾਰੇ ਗਏ, ਅਤੇ ਮੌਜੂਦਾ ਦਸਮ ਗ੍ਰੰਥ ੧,੨੫,੦੦੦ ਛੰਦਾਂ ਦਾ ਦਸਵਾਂ ਹਿੱਸਾ ਹੈ, ਅਤੇ ਇਸੇ ਲਈ ਇਸ ਨੂੰ ਦਸਮ ਗ੍ਰੰਥ ਕਹਿੰਦੇ ਹਨ ਨਾ ਕਿ ਗੁਰੂ ਗੋਬਿੰਦ ਸਿੰਘ ਦੀ ਕ੍ਰਿਤ ਕਾਰਨ । ਇਸ ਵਿਚ ਇਤਿਹਾਸਕ ਸਤਰਾਂ ਇਸ ਤਰ੍ਹਾਂ ਸੰਕਲਿਤ ਹਨ, 'ਸਵਾ ਲਖ ਛੰਦ ਆਗੇ ਸੋਇ ਇਸ ਮੇ ਏਕ ਘਟ ਨਹੀਂ ਹੋਇ' । ਇਸ ਦਾ ਤਰਜਮਾ ਖੁਸ਼ਵੰਤ ਸਿੰਘ ਇਸ ਤਰ੍ਹਾਂ ਕਰਦੇ ਹਨ :- ੧,੨੫,੦੦੦ ਛੰਦ ਪਹਿਲਾਂ ਹੀ ਉਚਾਰੇ ਜਾ ਚੁਕੇ ਹਨ ਅਤੇ ਇਸ ਤੋਂ ਇਕ ਵੀ ਘਟ ਛੰਦ ਨਹੀਂ ਹੈ । (History of the Sikhs, vol i, p. 316) ਹੁਣ ਇਸ ਤਰਕ ਦਾ ਵਿਸ਼ਲੇਸ਼ਣ ਕਰੀਏ ਤਾਂ ਇਹ ਸਾਫ਼ ਸਿੱਧ ਹੁੰਦਾ ਹੈ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਕੁਲ ੧੭੧੯੫ ਛੰਦ ਹਨ ਜੋ ਕਿ ੧,੨੫,੦੦੦ ਦਾ ੧੩.੭੫% ਬਣਦਾ ਹੈ ਨਾ ਕਿ ੧੦%, ਜਿਵੇਂ ਕਿ ਸ੍ਰ. ਖੁਸ਼ਵੰਤ ਸਿੰਘ ਨੇ ਆਪਣੇ ਗਣਿਤ ਦੇ ਮੁਤਾਬਕ ਹਿਸਾਬ ਲਾ ਕੇ ਇਕ ਨਵਾਂ ਸ਼ੋਸ਼ਾ ਛਡਿਆ ਹੈ । ਅਸਲ ਵਿਚ ਖੁਸ਼ਵੰਤ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਖਾਸ ਦਸਤਖ਼ਤੀ ਪੰਨੇ ਵਿਚੋਂ ਇਹ ਸਤਰਾਂ ਦਾ ਅਨੁਵਾਦ ਕਰ ਰਹੇ ਹਨ : *ਸਵਾ ਲਾਖ ਛੰਦਾਗੇ ਹੋਈ ॥ ਜਾ ਮਹਿ ਏਕ ਘਾਟ ਨਹੀਂ ਹੋਈ॥* (ਸਤਰ ੧੩) ਖੁਸ਼ਵੰਤ ਸਿੰਘ ਨੇ ਇਸ ਸਤਰ ਨੂੰ ਆਪਣੇ ਗਿਆਨ ਦੀ ਰੋਸ਼ਨੀ ਵਿਚ ਬਾਬਾ ਰਾਮ ਰਾਇ ਵਾਂਗ ਬਦਲ ਕੇ "ਹੋਈ" ਦੀ ਜਗ੍ਹਾ "ਸੋਇ" ਕਰਕੇ ਅਰਥਾਂ ਦੇ ਅਨਰਥ ਕਰਕੇ ਸ੍ਰੀ ਦਸਮ ਗ੍ਰੰਥ ਸਾਹਿਬ ਬਾਰੇ ਇਕ ਨਿਰਮੂਲ ਸ਼ੰਕਾ ਖੜਾ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ ਹੈ । ਜਦ ਇਹ ਸਤਰ ਪਿਛਲੀ ਸਤਰ ਨਾਲ ਪੜ੍ਹੀਏ ਤਾਂ ਉਸ ਦਾ ਅਨੁਵਾਦ ਹੈ ਕਿ ਰਾਮ ਅਵਤਾਰ ਤਕ ਬਚਿਤਰ ਨਾਟਕ ਦੇ ੨੨੫੫ ਛੰਦ ਲਿਖੇ ਜਾ ਚੁਕੇ ਸਨ । ਇਸ ਤੋਂ ਇਲਾਵਾ ੧,੨੫,੦੦੦ ਛੰਦ ਹੋਰ ਲਿਖੇ ਗਏ *(ਛੰਦਾਗੇ ਹੋਈ)* । ਇਸ ਸਤਰ ਵਿਚ ਲਫ਼ਜ਼ 'ਛੰਦਾਗੇ ਹੋਈ' ਕਿਸੇ ਤਰ੍ਹਾਂ ਵੀ ਇਹ ਜ਼ਾਹਿਰ ਨਹੀਂ ਕਰਦਾ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰ ਵਿਚ ੧,੨੫,੦੦੦ ਛੰਦ ਹੋਰ ਉਚਾਰਨ ਕੀਤੇ ਗਏ । ਇਹ ਬਿਲਕੁਲ ਸਪਸ਼ਟ ਸਬੂਤ ਦੇ ਰਿਹਾ ਹੈ

ਜਿੰਨੇ ਛੰਦ ਲਿਖੇ ਜਾ ਚੁਕੇ ਹਨ ਉਨ੍ਹਾਂ ਤੋਂ ਇਕ ਵੀ ਘੱਟ ਨਹੀਂ ਅਤੇ ਇਸ ਤੋਂ ਬਾਅਦ ੧,੨੫,੦੦੦ ਛੰਦ ਹੋਰ ਉਚਾਰੇ ਗਏ । ਪੂਰੇ ਪੰਨੇ ਉੱਤੇ ਕਿਤੇ ਵੀ ਗੁਰੂ ਗੋਬਿੰਦ ਸਿੰਘ ਸਾਹਿਬ ਵਿਚ ਇਨ੍ਹਾਂ ਛੰਦਾਂ ਦੇ ਉਚਾਰਨ ਦੀ ਬਾਤ ਨਹੀਂ ਕੀਤੀ ਗਈ ਜੋ ਕਿ ਖੁਸ਼ਵੰਤ ਸਿੰਘ ਦੇ ਦਿਮਾਗ ਦੀ ਉਪਜ ਹੈ ਨਾ ਕਿ ਉਸ ਸਰੋਤ ਦੀ ਜਿਸ ਦਾ ਕਿ ਹਵਾਲਾ ਉਹ ਦੇ ਰਹੇ ਹਨ।

੧੯੯੯ ਵਿਚ ਪ੍ਰਿੰਸੀਪਲ ਬੇਅੰਤ ਕੌਰ ਨੇ ਇਕ ਪੁਸਤਕ *ਬਚਿੱਤਰ ਨਾਟਕ : ਇਕ ਅਪੂਰਵ ਕ੍ਰਿਤੀ* ਲਿਖੀ ਜਿਸ ਵਿਚ ਉਹ ਭੰਗਾਣੀ ਦੇ ਸ਼ਹੀਦਾਂ ਦੀ ਗਿਣਤੀ ਵਿਚ ਬੀਬੀ ਵੀਰੋ ਜੀ ਦੇ ਪੁਤਰ ਸੰਗੋਸ਼ਾਹ ਅਤੇ ਸੰਗਰਾਮ ਸ਼ਾਹ ਨੂੰ ਦੋ ਵਿਅਕਤੀ ਮੰਨਦੇ ਹਨ, ਜਦ ਕਿ ਗੁਰੂ ਸਾਹਿਬ ਸਾਫ਼ ਤੇ ਸਪਸ਼ਟ ਸ਼ਬਦਾਂ ਵਿਚ ਸੰਗੋਸ਼ਾਹ ਨੂੰ ਸੰਗਰਾਮ ਸ਼ਾਹ ਦੇ ਖਿਤਾਬ ਨਾਲ ਨਿਵਾਜ਼ ਰਹੇ ਹਨ । ਵਿਦਵਾਨ ਲੇਖਿਕਾ ਆਪਣੀ ਪੁਸਤਕ ਦੇ ਪੰਨਾ ੨੦੭ ਉੱਤੇ ਸੰਗੋਸ਼ਾਹ ਨੂੰ ਸੰਗਰਾਮ ਸ਼ਾਹ ਦਾ ਭਰਾ ਦਸ ਰਹੀ ਹੈ, ਜਦਕਿ ਬੀਬੀ ਵੀਰੋ ਜੀ ਦੇ ਪੰਜ ਪੁਤਰਾਂ ਦੇ ਨਾਮ ਇਤਿਹਾਸ ਵਿਚ ਇਸ ਤਰਤੀਬ ਵਿਚ ਆਉਂਦੇ ਹਨ : ਸੰਗੋ ਸ਼ਾਹ, ਜੀਤ ਮਲ, ਗੁਲਾਬ ਚੰਦ, ਗੰਗਾ ਰਾਮ, ਮਾਹਿਰੀ ਚੰਦ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਵੀ ਇਨ੍ਹਾਂ ਦੀ ਬਹਾਦਰੀ ਦਾ ਜ਼ਿਕਰ ਆਪਣੀ ਕਥਾ ਵਿਚ ਇਸ ਤਰ੍ਹਾਂ ਕੀਤਾ ਹੈ :

ਤਹਾ ਸਾਹ ਸ੍ਰੀ ਸਾਹ ਸੰਗ੍ਰਾਮ ਕੋਪੇ ॥
ਪੰਚੋ ਬੀਰ ਬੰਕੇ ਪ੍ਰਿਥੀ ਪਾਇ ਰੋਪੇ ॥
ਹਠੀ ਜੀਤ ਮਲੰ ਸੁ ਗਾਜੀ ਗੁਲਾਬੰ ॥
ਰੰਣੰ ਦੇਖੀਐ ਰੰਗ ਰੂਪੰ ਸਹਾਬੰ ॥੪॥
ਹਠਿਯੋ ਮਾਹਰੀ ਚੰਦਯੰ ਗੰਗ ਰਾਮੰ ॥
ਜਿਨੈ ਕਿਤੀਯੰ ਜੀਤਿਯੰ ਫੌਜ ਤਾਮੰ ॥
ਕੁਪੇ ਲਾਲ ਚੰਦੰ ਕੀਏ ਲਾਲ ਰੂਪੰ ॥
ਜਿਨੈ ਗਜਯੰ ਗਰਬ ਸਿੰਘੰ ਅਨੂਪੰ ॥੫॥

(ਬਚਿਤਰ ਨਾਟਕ, ੮:੪-੫ ॥)

੧੬ ਜੁਲਾਈ ੨੦੦੦ ਨੂੰ ਪੰਜਾਬੀ ਟ੍ਰਿਬਿਊਨ ਵਿਚ ਸ੍ਰ. ਗੁਰਤੇਜ ਸਿੰਘ ਨੇ ਇਹ ਬਿਆਨ ਦਾਗਿਆ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਦੇ ੨੨੭੬ਵੇਂ ਪੰਨਿਆਂ ਵਿਚੋਂ ਸਿਰਫ਼ ੭੦ ਪੰਨੇ ਹੀ ਗੁਰੂ ਸਾਹਿਬ ਦੀ ਕ੍ਰਿਤ ਹਨ । ਅਜ ੬ ਸਾਲਾਂ ਬਾਅਦ ਵੀ ਵਿਦਵਾਨ ਲੇਖਕ ੨੨੭੬ ਪੰਨਿਆਂ ਵਾਲੀ *ਸ੍ਰੀ ਦਸਮ ਗ੍ਰੰਥ ਸਾਹਿਬ* ਦੀ ਬੀੜ ਦੇ ਸੰਗਤਾਂ ਨੂੰ ਦਰਸ਼ਨ ਨਹੀਂ ਕਰਵਾ ਸੱਕੇ, ਜਿਸ ਦੇ ਦਰਸ਼ਨ ਕਰਕੇ ਵਿਦਵਾਨ ਲੇਖਕ ਨੇ ਨਿਰਮੂਲ ਤੇ ਕਾਲਪਨਿਕ ਵਿਚਾਰ ਪ੍ਰਗਟ ਕੀਤੇ । ਪੁਰਾਣੀਆਂ ਹਥ ਲਿਖਤ ਬੀੜਾਂ ਦੇ ਪਤਰੇ ਹੁੰਦੇ ਸਨ, ਜਦ ਕਿ ਛਾਪੇ ਦੀਆਂ ਬੀੜਾਂ ਦੇ ਪੰਨੇ ਹਨ । ਕਿਸੇ ਵੀ ਹਥ ਲਿਖਤ ਬੀੜ ਜਾਂ ਛਾਪੇ ਦੀ ਬੀੜ ਦੇ ੨੨੭੬ ਪੰਨੇ ਨਹੀਂ ਹਨ ।

ਸਵਰਗੀ ਪ੍ਰਿੰਸੀਪਲ ਹਰਭਜਨ ਸਿੰਘ ਨੇ ਇਹ ਸਫੈਦ ਝੂਠ ਬੋਲ ਕੇ ਸੰਗਤਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਕਿ *ਗੁਰੂ ਗ੍ਰੰਥ ਸਾਹਿਬ* ਵਿਚ “ਮਹਾਂਕਾਲ” ਸ਼ਬਦ ਦਾ ਪ੍ਰਯੋਗ ਨਹੀਂ ਹੋਇਆ, ਜਦ ਕਿ ਇਸ ਦਾ ਪ੍ਰਯੋਗ ਗੁਰੂ ਅਰਜਨ ਦੇਵ ਜੀ ਨੇ ਇਸ ਤਰ੍ਹਾਂ ਕੀਤਾ ਹੈ :

*ਜਪਿ ਗੋਬਿੰਦੁ ਗੋਪਾਲ ਲਾਲ ॥*
*ਰਾਮ ਨਾਮ ਸਿਮਰਿ ਤੂ ਜੀਵਹਿ ਫਿਰਿ ਨ ਖਾਈ ਮਹਾਕਾਲੁ ॥੧॥*
*ਰਹਾਉ ॥ ਅੰਗ ੮੮੫ ॥*

ਇਸੇ ਤਰ੍ਹਾਂ ਸਵਰਗੀ ਸ੍ਰ. ਦਲਜੀਤ ਸਿੰਘ ਨੇ ਆਪਣੇ ਲੇਖ–ਦਸਮ ਗ੍ਰੰਥ ਇਟਸ ਹਿਸਟਰੀ ਅਤੇ ਸਵਰਗੀ ਸ੍ਰ. ਜਗਜੀਤ ਸਿੰਘ ਨੇ ਆਪਣੇ ਲੇਖ ‘ਫਿਕਸ਼ਨਲ ਆਇਡੈਨਟਿਟੀ ਔਫ ਦਸਮ ਗ੍ਰੰਥ’ ਜੋ ਕਿ ‘ਅਬਸਰੈਕਟਸ ਆਫ਼ ਸਿਖ ਸਟੱਡੀਜ਼’, ਜੁਲਾਈ ੧੯੯੦ ਵਿਚ ਛਪੇ ਜਿਸ ਰਾਹੀਂ ਸੰਗਤਾਂ ਨੂੰ ਗੁੰਮਰਾਹ ਕਰਨ ਲਈ ਨਿਰਮੂਲ ਸ਼ੰਕੇ ਪ੍ਰਗਟ ਕੀਤੇ ਅਤੇ ਬਿਨਾਂ ਕਿਸੇ ਇਤਿਹਾਸਕ ਸ੍ਰੋਤਾਂ ਦੀ ਪੜਤਾਲ ਕੀਤੇ ਇਹ ਤਤਹੀਣ ਵਿਚਾਰ ਰੱਖੇ : (੧) ਦਸਮ ਗ੍ਰੰਥ ਦਾ ਕੋਈ ਇਤਿਹਾਸ ਨਹੀਂ; (੨) ਕਿਸੇ ਵੀ ਸਮਕਾਲੀ ਜਾਂ ਨਿਕਟਵਰਤੀ ਸਰੋਤ ਜਿਵੇਂ ਕਿ ਸ੍ਰੀ ਗੁਰ ਸੋਭਾ, ਗੁਰਬਿਲਾਸ ਪਾਤਸ਼ਾਹੀ ੧੦, ਪਰਚੀਆਂ ਸੇਵਾ ਦਾਸ ਆਦਿ ਵਿਚ ਕਿਸੇ ਪ੍ਰਕਾਰ ਵੀ ਦਸਮ ਗ੍ਰੰਥ ਦਾ ਜ਼ਿਕਰ ਨਹੀਂ ਆਉਂਦਾ। ਇਸ ਲਈ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਨਹੀਂ ਮੰਨਿਆ ਜਾ ਸਕਦਾ।

ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਕਵੀ ਸੈਨਾਪਤਿ ਨੇ ਆਪਣੀ ਕ੍ਰਿਤ ਗੁਰ ਸੋਭਾ ੧੭੧੧ ਈ: ਵਿਚ ਸੰਪੂਰਨ ਕੀਤੀ ਤੇ ਖਾਲਸਾ ਸਾਜਨ ਤੋਂ ਪਹਿਲਾਂ ਦੀਆਂ ਘਟਨਾਵਾਂ ਬਚਿਤਰ ਨਾਟਕ ਦੇ ਆਧਾਰ 'ਤੇ ੧੬੯੮ ਈ. ਤਕ ਸਹੀ ਤੇ ਪ੍ਰਮਾਣਿਤ ਤੱਥਾਂ ਨਾਲ ਕਲਮਬੰਦ ਕਰਨ ਵਿਚ ਸਫਲ ਹੋਇਆ। ਪਰ ਇਸ ਤੋਂ ਬਾਅਦ ਉਹ ਕਈ ਇਤਿਹਾਸਿਕ ਘਟਨਾਵਾਂ ਕਲਮਬੰਦ ਕਰਨ ਵਿਚ ਕਈ ਥਾਂ ਟਪਲਾ ਖਾ ਗਿਆ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਜੀਤ ਸਿੰਘ ਤੇ ਕਈ ਥਾਂ ਰਣਜੀਤ ਸਿੰਘ ਲਿਖ ਰਿਹਾ ਹੈ (੧੨, ੧੮, ੩੨, ੪੦, ੯:੩੧, ੧੨:੨੮, ੩੦, ੩੧, ੩੭, ੪੩, ੪੪, ੪੯) ਅਤੇ ਜੁਝਾਰ ਸਿੰਘ ਦਾ ਸ਼ਹੀਦੀ ਸਥਾਨ ਚਮਕੌਰ ਸਾਹਿਬ ਦੀ ਬਜਾਇ ਸਰਹਿੰਦ ਦਸ ਰਿਹਾ ਹੈ । ਇਹੀ ਕਵੀ ਸੈਨਾਪਤਿ ਦਸਮ ਗ੍ਰੰਥ ਦੇ ਨਿਹਕਲੰਕੀ ਅਵਤਾਰ ਦੀ ਇਸ ਤੁਕ ਦਾ ਵੀ ਪ੍ਰਯੋਗ ਕਰ ਰਿਹਾ ਹੈ: "ਭਲੁ ਭਾਗ ਭਬਾ ਤੁਮ ਤਾਹਿ ਕਹੋ, ਗੜ੍ਹ ਆਨੰਦ ਫੇਰਿ ਬਸਾਵਹਿਗੇ" (ਦਸਮ ਗ੍ਰੰਥ ਪੰ: ੫੮੧-੮੩, ਗੁਰ ਸੋਭਾ, ਅਧਿਆਏ ੧੯:੧੧-੧੨)। ਇਸੇ ਗੁਰ ਸੋਭਾ ਦੇ ਸੰਪਾਦਕ ਸ਼ਮਸ਼ੇਰ ਸਿੰਘ ਅਸ਼ੋਕ ਅਤੇ ਡਾ. ਗੰਡਾ ਸਿੰਘ ਵੀ ਇਹ ਗਲ ਸਵੀਕਾਰਦੇ ਹਨ ਕਿ ਕਵੀ ਸੈਨਾਪਤਿ ਦਾ ਆਧਾਰ ਸਰੋਤ ਬਚਿਤ੍ਰ ਨਾਟਕ ਹੈ ਅਤੇ ਜੋ ਗੱਲਾਂ ਉਸ ਨੇ ਸੁਣ-ਸੁਣਾ ਕੇ ਲਿਖੀਆਂ ਉਸ ਵਿਚ ਉਹ ਟਪਲਾ ਖਾ ਗਿਆ ।

ਇਸ ਇਤਿਹਾਸਿਕ ਤੱਥ ਤੋਂ ਇਹ ਬਿਲਕੁਲ ਸਾਫ਼ ਹੈ ਕਿ ਦਸਮ ਗ੍ਰੰਥ ਦੇ ਉਤਾਰਿਆਂ ਦੀਆਂ ਪੋਥੀਆਂ ਭਾਈ ਮਨੀ ਸਿੰਘ ਦੀ ਸੰਪਾਦਿਤ ਬੀੜ (੧੭੩੪ ਈ:) ਤੋਂ ਪਹਿਲਾਂ ਵੀ ਮੌਜੂਦ ਸਨ । ਦਸਮ ਗ੍ਰੰਥ ਨੂੰ ਗੁਰੂ ਕ੍ਰਿਤ ਦੱਸਣ ਵਾਲਾ ਦੂਸਰਾ ਸਰੋਤ ੧੭੩੪ ਵਿਚ ਹੀ ਤਿਆਰ ਕੀਤੀ ਸਿੱਖਾਂ ਦੀ ਭਗਤਮਾਲਾ ਹੈ, ਜਿਸ ਵਿਚ ਇਸ ਦਾ ਜ਼ਿਕਰ ਇਸ ਤਰ੍ਹਾਂ ਹੈ : "ਤਾਂ ਸਿੱਖਾਂ ਭਾਈ ਮਨੀ ਸਿੰਘ ਜੀ ਹੋਰਾਂ ਥੀਂ ਪ੍ਰਸ਼ਨ ਕੀਤਾ ਜੋ ਆਦਿ ਬਾਣੀ (ਗੁਰੂ ਗ੍ਰੰਥ ਸਾਹਿਬ) ਜੋ ਹੋਈ ਸੋ ਭਗਤਮਈ ਹੈ ਤੇ ਸਾਹਿਬ ਦਸਵੇਂ ਪਾਤਸ਼ਾਹ ਜੋ ਬਾਣੀ ਕੀਤੀ ਹੈ ਜੁੱਧਮਈ ਹੈ । ਕੈ ਇਸਤਰੀਆਂ ਦੇ ਚਰਿਤਰ ਹਨ । ਇਸ ਦਾ ਸਿਧਾਂਤ ਕਿਉਂ ਕਰ ਸਮਝੀਐ । ਤਾਂ ਭਾਈ ਜੀ ਕਹਿਆ, "ਜੈ ਅਰਜਨ ਜੁੱਧ ਦੇ ਸਮੇਂ ਸ਼ਸ਼ਤ੍ਰ ਛੋਡ ਬੈਠਾ ਸੀ ਤੇ ਕ੍ਰਿਸ਼ਨ

ਮਹਾਰਾਜ ਨੇ ਉਸ ਨੂੰ ਗੀਤਾ ਉਦੇਸ਼ ਕਰਕੇ ਫੇਰ ਵਰਨ ਆਸ਼੍ਰਮ ਦਾ ਯੁੱਧ ਦ੍ਰਿੜਾਇਆ ਸੀ, ਤੈਸੇ ਹਿੰਦੂਆਂ ਨੇ ਅਹਿੰਸਾ ਧਰਮ ਜਾਣ ਕੇ ਸ਼ਸ਼ਤ੍ਰ ਛੋਡ ਦਿੱਤੇ ਸਨ ਤੇ ਮਲੇਸ਼ਾਂ ਨੇ ਸ਼ਸ਼ਤ੍ਰ ਪਕੜ ਲੀਤੇ ਸਨ ਤੇ ਹਿੰਦੂਆਂ ਵਿਚ ਭਗਤ ਹੋਵਨ ਨਹੀਂ ਸਨ ਦੇਂਦੇ । ਤੇ ਸਾਹਿਬ ਨੇ ਖ਼ਾਲਸੇ ਨੂੰ ਰਘੁਵੰਸ਼ ਜਾਣ ਕੇ ਫੇਰ ਰਾਜ ਲੈ ਦੇਵਣਾ ਸੀ ਤਾਂ ਜੁੱਧਮਈ ਬਾਣੀਆਂ ਉਚਾਰਨ ਕੀਤੀਆਂ ਹੈਨ ਤੇ ਸ਼ਸ਼ਤ੍ਰਾਂ ਦੀ ਵਿਦਿਆ ਦ੍ਰਿੜ ਕੀਤੀ....ਉਪਦੇਸ਼ ਕੀਤਾ ਜੋ ਸਰੀਰ ਤੁਸਾਂ ਝੂਠੇ ਜਾਣਨੇ ਤੇ ਤੁਸਾਡੇ ਵਰਨ ਦਾ ਧਰਮ ਜੁਧ ਹੈ, ਜੁੱਧ ਕਰਨਾਂ, ਜੀਤੋਂਗੇ ਤਾਂ ਰਾਜੁ ਭੋਗੋਗੇ । ....ਚਰਿਤ੍ਰ ਇਸ ਵਾਸਤੇ ਲਿਖੇ ਹੈਨਿ ਜੋ ਇਸਤ੍ਰੀਆਂ ਦੇ ਭੋਗਾਂ ਵਿਚ ਤੁਸਾਂ ਮੰਨ ਨਹੀਂ ਬੰਧਣਾ ।" (ਸਾਖੀ ੧੨੮)

ਇਸੇ ਤਰ੍ਹਾਂ ਨਾਦਰ ਸ਼ਾਹ ਦੇ ਸਮਕਾਲੀ ਇਤਿਹਾਸਕਾਰ ਅਨੰਦ ਰਾਮ ਮੁਖ਼ਲਿਸ, ਜੋ ਕਿ ਪੰਜਾਬੀ ਖੱਤਰੀ ਸੀ, ਨੂੰ ੧੭੪੫ ਵਿੱਚ ਸੰਭਲ ਦੀ ਮਸਜਿਦ ਦਾ ਬਿਊਰਾ ਲਿਖਣ ਲਗਿਆਂ ਹਿੰਦੀ ਭਾਸ਼ਾ ਦੀ ਇਕ ਸਤਰ ਨੇ ਜਿਸ ਮਸਜਿਦ ਦੀ ਪੁਰਾਣੀ ਵਿਰਾਸਤ ਦਾ ਸੰਕੇਤਕ ਚਿੰਨ੍ਹ ਦਿੱਤਾ ਕਿ ਅਕਬਰ ਦੇ ਜ਼ਮਾਨੇ ਵਿਚ ਇਹ ਮਸਜਿਦ ਸ਼ਿਵ ਮੰਦਿਰ ਸੀ । ਜਿਹੜੀ ਸਤਰ ਨੇ ਅਨੰਦ ਰਾਮ ਮੁਖ਼ਲਿਸ ਦਾ ਧਿਆਨ ਇਸ ਉੱਜੜੀ ਇਮਾਰਤ ਦੀ ਵਿਰਾਸਤ ਵਲ ਦਿਵਾਇਆ ਉਹ ਗੁਰੂ ਗੋਬਿੰਦ ਸਿੰਘ ਸਾਹਿਬ ਵਲੋਂ ਰਚਿਤ ਨਿਹਕਲੰਕੀ ਅਵਤਾਰ ਵਿਚ ਇਸ ਤਰ੍ਹਾਂ ਸ਼ੁਸ਼ੋਭਿਤ ਹੈ : ਭਲ ਭਾਗ ਭਯਾ ਇਹ ਸੰਭਲ ਕੇ ਹਰਿਜੂ ਹਰਿਮੰਦਰ ਆਵਹਗੇ ॥ (ਦਸਮ ਗ੍ਰੰਥ, ਨਿਹਕਲੰਕੀ ਅਵਤਾਰ, ੧੪੧-੫੬, ਪੰ. ੫੮੩) । ਅਨੰਦ ਰਾਮ ਮੁਖ਼ਲਿਸ ਦੀ ਇਹ ਖੋਜ ਦਾ ਆਧਾਰ ਗੁਰੂ ਗੋਬਿੰਦ ਸਿੰਘ ਜੀ ਰਚਿਤ ਦਸਮ ਗ੍ਰੰਥ ਹੀ ਹੈ, ਨਾ ਕਿ ਕੋਈ ਹੋਰ ਸੰਸਕ੍ਰਿਤ ਰਚਨਾ ਜਿਸ ਤੋਂ ਕਿ ਉਹ ਅਣਜਾਣ ਸੀ । (ਇਸ ਸ੍ਰੋਤ ਦੀ ਵਾਕਫ਼ੀ ਲਈ ਮੈਂ ਸ੍ਰ. ਜੀਵਨ ਸਿੰਘ ਦਿਉਲ, ਯੂ.ਕੇ. ਵਾਲਿਆਂ ਦਾ ਅਤਿ ਧੰਨਵਾਦੀ ਹਾਂ) ਕੁਇਰ ਸਿੰਘ, ਜੋ ਕਿ ਭਾਈ ਮਨੀ ਸਿੰਘ ਦਾ ਵਿਦਿਆਰਥੀ ਸੀ, ਨੇ ਆਪਣੀ ਕ੍ਰਿਤ ਗੁਰਬਿਲਾਸ ਪਾਤਸ਼ਾਹੀ ੧੦, ੧੭੫੧ ਈ. ਵਿਚ ਪੂਰੀ ਕੀਤੀ, ਨੇ, ਨਾ ਸਿਰਫ ਖ਼ਾਲਸਾ ਸਾਜਣ ਤੋਂ ਪਹਿਲਾਂ ਦੀਆਂ ਘਟਨਾਵਾਂ ਦਾ ਜ਼ਿਕਰ ਬਚਿਤਰ ਨਾਟਕ ਦੇ ਆਧਾਰ 'ਤੇ

ਕਲਮਬੰਦ ਕੀਤਾ ਬਲਕਿ ਇਸੇ ਬਚਿਤਰ ਨਾਟਕ ਵਿਚੋਂ ਇਤਿਹਾਸਕ ਹਵਾਲੇ ਵੀ ਦੇ ਰਿਹਾ ਹੈ ।(੬:੧੬੫) । ਇਹੀ ਕੁਇਰ ਸਿੰਘ ਗੁਰੂ ਗੋਬਿੰਦ ਸਿੰਘ ਵਲੋਂ ਕ੍ਰਿਸ਼ਨ ਅਵਤਾਰ ਦੀ ਰਚਨਾ ਦਾ ਵੀ ਜ਼ਿਕਰ ਕਰਦਾ ਹੈ (੬:੨) ਸ੍ਰ. ਸ਼ਮਸ਼ੇਰ ਸਿੰਘ ਅਸ਼ੋਕ, ਜਿਨ੍ਹਾਂ ਨੇ ਇਸ ਗੁਰਬਿਲਾਸ ਦੀ ਸੰਪਾਦਨਾ ਕੀਤੀ ਅਤੇ ਡਾ. ਫੌਜਾ ਸਿੰਘ ਨੇ ਇਸ ਦੀ ਭੂਮਿਕਾ ਲਿਖੀ, ਇਸ ਗਲ ਦੀ ਪੁਸ਼ਟੀ ਕਰਦੇ ਹਨ ਕਿ ਕੁਇਰ ਸਿੰਘ ਦੇ ਆਧਾਰ ਸਰੋਤਾਂ ਵਿਚ ਬਚਿਤਰ ਨਾਟਕ ਅਤੇ ਗੁਰ ਸੋਭਾ ਪ੍ਰਮੁੱਖ ਸਨ ।

ਪੰਜਵਾਂ ਸਰੋਤ ਸਰੂਪ ਸਿੰਘ ਕੌਸ਼ਿਕ ਦੀਆਂ ਗੁਰੂ ਕੀਆਂ ਸਾਖੀਆਂ ਹਨ ਜੋ ਕਿ ੧੭੯੦ ਈ. ਵਿਚ ਸੰਪੂਰਨ ਹੋਈ । ਇਹ ਸਰੋਤ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਮਾਣਕ ਰਚਨਾ ਹੀ ਨਹੀਂ ਦਸਦਾ ਬਲਕਿ ਵੱਖ-ਵੱਖ ਰਚਨਾਵਾਂ ਲਿਖੇ ਜਾਣ ਦਾ ਉਦੇਸ਼, ਰਚਨਾ ਕਾਲ, ਉਨ੍ਹਾਂ ਦੀ ਇਤਿਹਾਸਿਕ ਪ੍ਰਮਾਣਿਕਤਾ ਦੇ ਠੋਸ ਸਬੂਤ ਵੀ ਦਿੰਦਾ ਹੈ । ਇਹੀ ਸਰੋਤ ਗੁਰੂ ਗੋਬਿੰਦ ਸਿੰਘ ਸਾਹਿਬ ਵਲੋਂ ੧੬੯੯ ਦੀ ਵਿਸਾਖੀ ਨੂੰ ਖ਼ਾਲਸਾ ਸਾਜਣ ਸਮੇਂ ਅੰਮ੍ਰਿਤ ਤਿਆਰ ਕਰਨ ਲਈ ਪੰਜੇ ਬਾਣੀਆਂ ਜਪੁਜੀ ਸਾਹਿਬ, ਜਾਪ ਸਾਹਿਬ, ਆਨੰਦੁ ਸਾਹਿਬ, ਚੌਪਈ ਅਤੇ ਸੁਧਾ ਸਵਈਏ ਸਾਹਿਬ ਪੜ੍ਹਨ ਦੀ ਬਾਤ ਵੀ ਕਰਦਾ ਹੈ । ਇਸੇ ਤਰ੍ਹਾਂ ਇਸ ਸਰੋਤ ਵਿਚ ਮਹਾਂਕਾਲ ਨੂੰ ਸਿੱਖ ਸਿਧਾਂਤਾਂ ਮੁਤਾਬਿਕ ਪਰਮ-ਪਿਤਾ ਪ੍ਰਮਾਤਮਾ ਦੇ ਨਾਮ ਨਾਲ ਸੰਬੋਧਨ ਕੀਤਾ ਹੈ, ਨਾ ਕਿ ਸ਼ਿਵ ਜੀ ਦੇ ਨਾਮ ਨਾਲ ਜਿਵੇਂ ਕਿ ਦਸਮ ਗ੍ਰੰਥ ਵਿਰੋਧੀ ਜੁੰਡਲੀ ਕਰ ਰਹੀ ਹੈ । ਵਿਸਥਾਰ ਲਈ ਦੇਖੋ, ਗੁਰੂ ਕੀਆਂ ਸਾਖੀਆਂ, ਸਾਖੀ ਨੰ. ੩੩, ੩੮, ੪੦, ੪੩-੪੫, ੪੯, ੫੬, ੫੯, ੬੦, ੬੩, ੬੭, ੭੩, ੭੮, ੮੫, ੧੦੧, ੧੦੩, ੧੦੫ ।

ਛੇਵਾਂ ਸਰੋਤ ਕੇਸਰ ਸਿੰਘ ਛਿਬਰ ਦਾ "ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ" ਜੋ ਕਿ ੧੭੬੯-੭੦ ਈ. ਵਿਚ ਸੰਪੂਰਨ ਹੋਇਆ, ਦਸਮ ਗ੍ਰੰਥ ਦੀ ਸੰਪੂਰਨਤਾ ਦਾ ਸੰਮਤ ੧੭੫੫ ਬ੍ਰਿ. ੧੬੯੮ ਈ. ਦਿੱਤਾ ਹੈ (ਚਰਣ ੧੪:੨੨੩-੨੪) । ਇਸੇ ਕੇਸਰ ਸਿੰਘ ਛਿਬਰ ਨੇ ਆਪਣੀ ਲਿਖਤ ਵਿਚ ਬਚਿਤਰ ਨਾਟਕ ਨੂੰ ਆਧਾਰ ਸਰੋਤ ਨਹੀਂ ਬਣਾਇਆ ਬਲਕਿ ਉਸ ਵਿਚੋਂ ਸੈਨਾਪਤਿ ਵਾਂਗ ਪ੍ਰਮਾਣ ਤੇ ਹਵਾਲੇ ਵੀ ਦਿੱਤੇ ।(ਚਰਣ ੧੪:੧੬੫-੬੯) । ਸੱਤਵਾਂ ਇਤਿਹਾਸਕ ਸਰੋਤ

ਭਾਈ ਦੇਸਾ ਸਿੰਘ ਦਾ ਰਹਿਤਨਾਮਾ ਹੈ । ਭਾਈ ਦੇਸਾ ਸਿੰਘ ਜੋ ਕਿ ਭਾਈ ਮਨੀ ਸਿੰਘ ਜੀ ਦੇ ਸਾਹਿਬਜ਼ਾਦੇ ਸਨ, ਆਪਣੇ ਰਹਿਤਨਾਮੇ ਵਿਚ ਦਸਮ ਗ੍ਰੰਥ ਦੀ ਪ੍ਰਮਾਣਿਕਤਾ ਬਾਰੇ ਹਵਾਲਾ ਇਸ ਤਰ੍ਹਾਂ ਦਿੰਦੇ ਹਨ :

ਦੁਹੂ ਗ੍ਰੰਥ ਮੈ ਬਾਣੀ ਜੋਈ ॥
ਚੁੰਨ ਚੁੰਨ ਕੰਠ ਕਰੇ ਨਿਤ ਸੋਈ ॥
ਦਸਮੀਂ ਆਦਿ ਗੁਰੂ ਦਿਨ ਜੇਤੇ ॥
ਪੁਰਬ ਸਮਾਨ ਕਹੇ ਹੈ ਤੇਤੇ ॥
ਸੁਨਹੁ ਸਿੰਘ ਇਕ ਬਚਨ ਹਮਾਰਾ ।
ਪ੍ਰਥਮੇ ਹਮ ਨੇ ਜਾਪੁ ਉਚਾਰਾ ।
ਪੁਨ ਅਕਾਲ ਉਸਤਤਿ ਜੋ ਕਹੀ ।
ਬੇਦ ਸਮਾਨ ਪਾਠ ਜੋ ਅਹੀ ।
ਪੁਨ ਬਚਿਤ੍ਰ ਨਾਟਕ ਬਨਵਾਯੋ ।
ਸੋਢਿ ਬੰਸ ਜਹ ਕਥਾ ਸੁਹਾਯੋ ।
ਪੁਨ ਦੋ ਚੰਡੀ ਚਰਿਤ੍ਰ ਬਣਾਏ ।
ਅੰਤਰ ਕੇ ਸਭ ਕਬਿ ਮਨ ਭਾਏ ।
ਗਯਾਨ ਪ੍ਰਬੋਧ ਬੋਧ ਹਮ ਕਹਾ ।
ਜਸ ਪਾਠ ਕਰ ਹਰਿ ਪਦ ਲਹਾ ।
ਪੁਨ ਚੋਬੀਸ ਅਵਤਾਰ ਕਹਾਨੀ ।
ਬਰਨਨ ਕਰਾ ਸਮਝੀ ਸਭ ਗਯਾਨੀ ।
ਦਤਾਤ੍ਰੇਯਾ ਕੇ ਗੁਰੂ ਸੁਨਾਏ ।
ਪੁਨ ਬਚਿਤਰ ਬਖਯਾਨ ਬਨਾਏ ।
ਤ੍ਰਿਨ ਕੋ ਭੀ ਇਕ ਗ੍ਰੰਥ ਬਖਾਨਾ ।
ਪੜ੍ਹੇ ਮੂੜ੍ਹ ਸੋ ਹੋਇ ਸਯਾਨਾ ।
ਸ਼ਬਦ ਹਜ਼ਾਰ ਕੇ ਸੁਖਦਾਈ ।
ਸਬੈ ਨ੍ਰਿਪਨ ਕੀ ਕਥਾ ਸੁਨਾਈ ।

ਸੋ ਮੈ ਹਿਤ ਕਰਿ ਬਰਨ ਸਵਾਰੀ ।
ਪੁਨ ਕਹ ਰਹਤ ਨ ਕਹੂੰ ਉਚਾਰੀ ।
ਚਾਰ ਸੈ ਚਾਰ ਚਰਿਤ੍ਰ ਬਨਾਏ
ਜਹਾਂ ਜੁਵਤਿਨ ਕੇ ਛਲ ਦਿਖਰਾਏ

ਅਠਵਾਂ ਇਤਿਹਾਸ ਸਰੋਤ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਸੁਰੱਖਿਅਤ ਚਰਿਤ੍ਰੋ ਪਖਯਾਨ ਦੀ ਇਕ ਛੋਟੀ ਪੋਥੀ ਹੈ ਜੋ ਕਿ ਛੋਣਾ ਸਿੰਘ ਨੇ ੬ ਵੈਸਾਖ ੧੭੮੦ ਬਿ੍./ਅਪ੍ਰੈਲ ੩, ੧੭੨੩ ਈ: ਬੁਧਵਾਰ ਨੂੰ ਤਿਆਰ ਕੀਤੀ ਅਤੇ ਇਸ ਨੂੰ ਤਰਕਸ਼ ਦੀ ਪੋਣੀ ਦਾ ਨਾਮ ਦਿਤਾ ਹੈ, ਜਿਸ ਤੋਂ ਇਹ ਸਾਫ਼ ਸਿਧ ਹੁੰਦਾ ਹੈ ਕਿ ੧੭੨੩ ਈ: ਤਕ ਚਰਿਤ੍ਰੋ ਪਖਯਾਨ ਦੀਆਂ ਛੋਟੀਆਂ ਪੋਥੀਆਂ ਵੀ ਤਿਆਰ ਹੋ ਚੁਕੀਆਂ ਸਨ, ਜਿਸ ਨੂੰ ਕਿ ਖ਼ਾਲਸਾ ਫ਼ੌਜ ਦੇ ਜਰਨੈਲ ਆਪਣੇ ਤੀਰਾਂ ਦੇ ਤਰਕਸ਼ ਵਿਚ ਰਖਦੇ ਸਨ । ਕਿੰਨੀ ਹੈਰਾਨੀ ਵਾਲੀ ਗਲ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਅਠਾਰਵੀਂ ਸਦੀ ਵਿਚ ਇਨ੍ਹਾਂ ਚਰਿਤ੍ਰਾਂ ਨੂੰ ਪੜ੍ਹ ਕੇ ਆਪਣੇ ਆਚਰਣ ਨੂੰ ਕਾਇਮ ਰਖਿਆ ਅਤੇ ਧੀਆਂ-ਭੈਣਾਂ ਇਨ੍ਹਾਂ ਯੋਧਿਆਂ ਦੀ ਸ਼ਰਣ ਵਿਚ ਆ ਕੇ ਆਪਣੇ ਆਪ ਨੂੰ ਸੁਰੱਖਿਅਤ ਸਮਝਦੀਆਂ ਸਨ। ਇਸ ਦੇ ਉਲਟ ਧੰਨ ਹਨ ਸਾਡੇ ਅਜੋਕੇ ੬੦-੭੦ ਸਾਲਾਂ ਦੇ ਬਜ਼ੁਰਗ ਜਿਨ੍ਹਾਂ ਦੇ ਮਨਾਂ ਵਿਚ ਇਨ੍ਹਾਂ ਚਰਿਤ੍ਰਾਂ ਨੂੰ ਪੜ੍ਹ ਕੇ ਸਿਵਾਏ ਕਾਮ ਵਾਸ਼ਨਾ ਦੇ ਕੁਝ ਵੀ ਉਜਾਗਰ ਨਹੀਂ ਹੋਇਆ । ਇਹੀ ਫਰਕ ਗੁਰਮੁਖ ਯੋਗੀਆਂ ਅਤੇ ਮਨਮੁਖ ਭੋਗੀਆਂ ਦੇ ਆਚਰਨ ਦਾ ਪ੍ਰਤੀਕ ਵੀ ਹੈ ।

ਜੇ ਸਾਡੇ ਸ਼ੰਕਾਵਾਦੀਆਂ ਨੇ ਹੋਰ ਵੀ ਸਬੂਤ, ਜਿਵੇਂ ਕਿ ਮਹਿਮਾ ਪ੍ਰਕਾਸ਼ (੧੭੭੬ ਈ.), ਸੂਰਜ ਪ੍ਰਕਾਸ਼ (੧੮੪੩ ਈ.), ਪੰਥ ਪ੍ਰਕਾਸ਼ (੧੮੪੧ ਈ.) ਸੁਖਾ ਸਿੰਘ ਗੁਰਬਿਲਾਸ ਪਾ. ੧੦ (੧੭੯੭ ਈ.) ਆਦਿ ਨੂੰ ਦੇਖਣ ਦੀ ਖੇਚਲ ਕੀਤੀ ਹੁੰਦੀ ਤਾਂ ਉਨ੍ਹਾਂ ਨੂੰ ਇਸ ਗਲ ਦਾ ਚਾਨਣਾ ਹੋ ਜਾਂਦਾ ਕਿ ਇਨ੍ਹਾਂ ਇਤਿਹਾਸਿਕ ਸਰੋਤਾਂ ਵਿਚ ਵੀ ਲੇਖਕਾਂ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਬਚਿਤਰ ਨਾਟਕ ਨੂੰ ਆਪਣਾ ਆਧਾਰ ਸਰੋਤ ਬਣਾਇਆ ਹੈ । ਗੁਰੂ ਗੋਬਿੰਦ

ਸਿੰਘ ਸਾਹਿਬ ਜੀ ਨੇ ਕ੍ਰਿਸ਼ਨ ਅਵਤਾਰ ਦੀ ਸਮਾਪਤੀ ਦੀ ਤਾਰੀਖ ਇਸ ਤਰ੍ਹਾਂ ਕਲਮਬੰਦ ਕੀਤੀ ਹੈ :

ਸਤਰਾਂ ਸੈ ਪੈਂਤਾਲ ਮੇ

ਸਾਵਨ ਸੁਦਿ ਤਿਥ ਦੀਪ ॥

ਨਗਰ ਪਾਵਟਾ ਸ਼ੁਭ ਕਰਨ

ਜਮਨਾ ਬਹੈ ਸਪੀਪ ॥

ਦਸਮ ਗ੍ਰੰਥ, ਕ੍ਰਿਸ਼ਨਾਵਤਾਰ, ੨੪੮੦ ॥

ਇਸ ਅੰਦਰੂਨੀ ਗਵਾਹੀ ਤੋਂ ਇਹ ਸਾਫ ਜ਼ਾਹਿਰ ਹੈ ਕਿ ਸਾਵਨ ਸੁਦੀ ੧੭੮੫ ਬਿ., ੨੪ ਜੁਲਾਈ ੧੬੮੮ ਈ., ਮੰਗਲਵਾਰ ਤਕ ਗੁਰੂ ਸਾਹਿਬ ਪਾਉਂਟਾ ਸਾਹਿਬ ਵਿਖੇ ੨੪੮੦ ਛੰਦ ਲਿਖ ਚੁਕੇ ਸਨ । ਇਸ ਇਤਿਹਾਸਿਕ ਪ੍ਰਮਾਣ ਦੀ ਪੁਸ਼ਟੀ ਹੋਰ ਇਤਿਹਾਸਿਕ ਸਰੋਤਾਂ ਤੋਂ ਵੀ ਹੁੰਦੀ ਹੈ, ਜਿਨ੍ਹਾਂ ਵਿਚੋਂ ਕੁਇਰ ਸਿੰਘ ਰਚਿਤ ਗੁਰਬਿਲਾਸ ਪਾਤਸ਼ਾਹੀ ੧੦ (੬:੨) ਤੇ ਸਰੂਪ ਸਿੰਘ ਕੋਸ਼ਿਕ ਦੀ ਗੁਰੂ ਕੀਆਂ ਸਾਖੀਆਂ (ਸਾਖੀ ਨੰ. ੪੩) ਪ੍ਰਮੁਖ ਹਨ ।

ਕ੍ਰਿਸ਼ਨ ਅਵਤਾਰ ਦੀ ਸਮਾਪਤੀ ਤੋਂ ਤਕਰੀਬਨ ਦੋ ਮਹੀਨੇ ਬਾਅਦ ਅਸੂ ਸੁਦੀ ੩, ੧੭੮੫ ਬ੍ਰਿ./੨੭ ਸਤੰਬਰ ੧੬੮੮ ਈ. ਸੋਮਵਾਰ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਜੀਵਨ ਕਾਲ ਦੀ ਪਹਿਲੀ ਲੜਾਈ, ਭੰਗਾਣੀ ਦਾ ਯੁੱਧ, ਜਿਤ ਕੇ ਪਹਾੜੀ ਰਾਜਿਆਂ ਨੂੰ ਕਰਾਰੀ ਹਾਰ ਦਿੱਤੀ । ਇਸ ਜੰਗ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਕਤਕ ਸੁਦੀ ੧੩, ੧੭੪੫ ਬ੍ਰਿ., ੨੭ ਅਕਤੂਬਰ ੧੬੮੮ ਈ. ਸ਼ਨੀਵਾਰ ਵਾਲੇ ਦਿਨ ਪਾਉਂਟਾ ਸਾਹਿਬ ਨੂੰ ਅਲਵਿਦਾ ਕਹਿ ਕੇ ਕਪਾਲ ਮੋਚਨ ਆ ਗਏ, ਜਿਸ ਦਾ ਜ਼ਿਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ "ਚਰਿਤ੍ਰੋ ਪਖਯਾਨ" ਵਿਚ ਇਸ ਤਰ੍ਹਾਂ ਕਰ ਰਹੇ ਹਨ :

ਨਦੀ ਜਮਨਾ ਕੇ ਤੀਰ ਮੇ,

ਤੀਰਥ ਮੁਚਨ ਕਪਾਲ ।

ਨਗਰ ਪਾਂਵਟਾ ਛੋਰ ਹਮ,

ਆਏ ਤਹਾਂ ਉਤਾਲ ॥੨॥

ਦਸਮ ਗ੍ਰੰਥ, ਚਰਿਤ੍ਰੋ ਪਖਯਾਨ, ਨੰ. ੭੧ ॥

ਦਸਮ ਗ੍ਰੰਥ ਦੀ ਇਹ ਅੰਦਰਲੀ ਗਵਾਹੀ ਇਸ ਗਲ ਦੀ ਪ੍ਰਤੀਕ ਹੈ ਕਿ ੧੬੮੮ ਈ. ਤਕ ਗੁਰੂ ਗੋਬਿੰਦ ਸਿੰਘ ਸਾਹਿਬ, ਜਾਪੁ ਸਾਹਿਬ, ਅਕਾਲ ਉਸਤਤਿ, ਬਚਿਤ੍ਰ ਨਾਟਕ, ਚੰਡੀ ਚਰਿਤ੍ਰ, ਗਿਆਨ ਪ੍ਰਬੋਧ, ਕ੍ਰਿਸ਼ਨਾਵਤਾਰ, ਚਰਿਤ੍ਰੋ ਪਖਯਾਨ (੭੧ ਚਰਿਤ੍ਰ ਤਕ) ਲਿਖ ਚੁਕੇ ਸਨ । ਇਨ੍ਹਾਂ ਸਾਰੇ ਸਰੋਤਾਂ ਤੋਂ ਇਲਾਵਾ ਗੁਰੂ ਸਾਹਿਬ ਬਚਿਤ੍ਰ ਨਾਟਕ (ਆਪਣੀ ਕਥਾ) ਵਿਚ ਇਕ ਹੋਰ ਇਤਿਹਾਸਿਕ ਤੇ ਠੋਸ ਪ੍ਰਮਾਣ ਇਸ ਤਰ੍ਹਾਂ ਕਲਮਬੰਦ ਕਰ ਰਹੇ ਹਨ :

ਤ੍ਰਿਤਯ ਬਾਣ ਮਾਰਿਯੋ ਸੁ ਪੇਟੀ ਮਝਾਂਰੰ ॥
ਬਿਧਿਅੰ ਚਿਲਕਤੰ ਦੁਆਲ ਪਾਰੰ ਪਧਾਰੰ ॥
ਚੁਭੀ ਚਿੰਚ ਚਰਮੰ ਕਛੂ ਘਾਇ ਨ ਆਯੰ ॥
ਕਲੰ ਕੇਵਲੰ ਜਾਨ ਦਾਸੰ ਬਚਾਯੰ ॥
ਜਬੈ ਬਾਣ ਲਾਗਿਯੋ ਤਬੈ ਰੋਸ ਜਾਗਿਯੋ ॥

ਜਿਸ ਪੇਟੀ ਨੂੰ ਪਹਿਨ ਕੇ ਗੁਰੂ ਗੋਬਿੰਦ ਸਿੰਘ ਭੰਗਾਣੀ ਦਾ ਯੁਧ ਲੜ ਰਹੇ ਸਨ ਅਤੇ ਜਿਸ ਤੀਰ ਦੀ ਛੋਹ ਨੇ ਗੁਰੂ ਸਾਹਿਬ ਦੇ ਬੀਰ ਰਸ ਨੂੰ ਉਜਾਗਰ ਕੀਤਾ ਉਹ ਅਜ ਵੀ ਮਹਾਰਾਜਾ ਪਟਿਆਲਾ ਪਾਸ ਸੁਰੱਖਿਅਤ ਪਈ ਹੈ । ਇਸ ਪੇਟੀ ਉੱਤੇ ਜਾਪੁ ਸਾਹਿਬ ਤੇ ਜਪੁਜੀ ਸਾਹਿਬ ਲਿਖਿਆ ਹੋਇਆ ਹੈ, ਜੋ ਇਸ ਗੱਲ ਦਾ ਠੋਸ ਪ੍ਰਮਾਣ ਹੈ ਕਿ ਜਾਪੁ ਸਾਹਿਬ ਗੁਰੂ ਸਾਹਿਬ ਨੇ ਪਾਉਂਟਾ ਸਾਹਿਬ ਆਉਣ ਤੋਂ ਪਹਿਲਾਂ ਉਚਾਰਿਆ, ਅਤੇ ਬਚਿਤ੍ਰ ਨਾਟਕ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਰਚਨਾ ਹੈ ।

੧੭੧੧-੧੮੮੦ ਈ. ਤਕ ਦੇ ਉਪਰਲੇ ਦਿੱਤੇ ੧੩ ਇਤਿਹਾਸਿਕ ਸਬੂਤਾਂ ਅਤੇ ਪ੍ਰਮਾਣਾਂ ਤੋਂ ਇਹ ਸਾਫ ਜ਼ਾਹਿਰ ਹੈ ਕਿ ਸ੍ਰ: ਦਲਜੀਤ ਸਿੰਘ ਜੀ ਅਤੇ ਸ੍ਰ. ਜਗਜੀਤ ਸਿੰਘ ਜੀ ਆਪਣੀ ਗੁਮਰਾਹ ਕਰਨ ਵਾਲੀਆਂ ਯਕੜਬਾਜ਼ੀਆਂ ਲਿਖਣ ਲੱਗੇ ਇਹ ਭੁਲ ਗਏ ਕਿ ਇਤਿਹਾਸ ਕਲਪਤ ਅਟਕਲਬਾਜ਼ੀਆਂ ਤੇ ਜੁਗਤੀ ਕਥਨਾਂ ਨਾਲ ਨਹੀਂ ਸਿਰਜਿਆ ਜਾਂਦਾ ਬਲਕਿ ਇਤਿਹਾਸਿਕ ਪ੍ਰਮਾਣਾਂ ਦੇ ਆਧਾਰ ਅਤੇ ਉਨ੍ਹਾਂ ਦੇ ਵਿਸ਼ਲੇਸ਼ਣ ਨਾਲ ਹੀ ਲਿਖਿਆ ਜਾਂਦਾ ਹੈ ।

ਇਸੇ ਸੰਦਰਭ ਵਿਚ ਈ. ਐਚ. ਕਾਰ ਨੇ ਕਿਹਾ ਹੈ : "ਇਤਿਹਾਸਕਾਰ ਤਥਾਂ ਦੇ ਸਬੂਤਾਂ ਤੋਂ ਬਿਨਾਂ ਪ੍ਰਭਾਵਹੀਣ ਤੇ ਨਿਰਮੂਲ ਹੈ ਅਤੇ ਤੱਥ ਆਪਣੇ ਇਤਿਹਾਸਕਾਰ ਤੋਂ ਬਿਨਾਂ ਨਿਰਮੂਲ ਤੇ ਨਿਰਜੀਵ ਹਨ।" (What is History) । ਇਨ੍ਹਾਂ ਸਤਿਕਾਰਯੋਗ ਵਿਦਵਾਨਾਂ ਨੇ ਕਿਸ ਉਦੇਸ਼ ਦੀ ਪੂਰਤੀ ਲਈ ਦਸਮ ਗ੍ਰੰਥ ਬਾਰੇ ਬਿਨਾਂ ਕਿਸੇ ਸਰੋਤ ਨੂੰ ਵਾਚੇ ਇਹ ਝੂਠੇ ਬਿਆਨ ਦਾਗੇ, ਉਸ ਦਾ ਖੁਲਾਸਾ ਕਰਨਾ ਕੋਈ ਔਖਾ ਨਹੀਂ ਹੈ । ਵਿਦਵਾਨ ਲੇਖਕਾਂ ਦੀਆਂ ਲਿਖਤਾਂ ਤੋਂ ਸਾਫ ਜ਼ਾਹਿਰ ਹੈ ਕਿ ਇਨ੍ਹਾਂ ਨੇ ਆਪਣੀਆਂ ਲਿਖਤਾਂ ਦੇ ਤੱਤ ਪਹਿਲਾਂ ਨਿਰਧਾਰਿਤ ਕੀਤੇ ਤੇ ਫੇਰ ਤਥਾਂ ਤੋਂ ਇਸ ਲਈ ਪ੍ਰਹੇਜ਼ ਕੀਤਾ ਤਾਂ ਜੋ ਝੂਠ ਦੇ ਸਹਾਰੇ ਸ਼ਰਧਾਵਾਨ, ਵਿਚਾਰਵਾਨ ਪਾਠਕਾਂ ਨੂੰ ਦਸਮ ਗ੍ਰੰਥ ਬਾਰੇ ਗੁਮਰਾਹ ਕੀਤਾ ਜਾ ਸੱਕੇ ।

ਜਦੋਂ ਦਸਮ ਗ੍ਰੰਥ ਸਾਹਿਬ ਬਾਰੇ ਝੂਠ ਦਾ ਬਾਜ਼ਾਰ ਗਰਮ ਹੋਵੇ ਤਾਂ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਡਾ. ਰਤਨ ਸਿੰਘ ਜੱਗੀ ਇਸ ਵਿਚ ਆਪਣਾ ਹਿੱਸਾ ਨਾ ਪਾਉਂਦੇ । ਡਾ. ਰਤਨ ਸਿੰਘ ਜੱਗੀ ਦਾ ਸੋਧ ਪੱਤਰ ਸ੍ਰ. ਸ਼ਮਸ਼ੇਰ ਸਿੰਘ ਅਸ਼ੋਕ ਦੇ ਵਿਚਾਰਾਂ ਦਾ ਹੀ ਤਰਜ਼ਮਾਨੀ ਸੀ । ਉਨ੍ਹਾਂ ਦੇ ਸੋਧ ਪੱਤਰ ਵਿਚ ਕੋਈ ਵੀ ਦਲੀਲ ਜਾਂ ਵਿਚਾਰ ਉਨ੍ਹਾਂ ਦੇ ਆਪਣੇ ਨਹੀਂ ਸਿਵਾਇ ਕੁਝ ਪੁਰਾਤਨ ਬੀੜਾਂ ਦੇ ਪਾਠ-ਭੇਦ ਦੇ । ਜੋ ਵੀ ਵਿਚਾਰ ਡਾ. ਰਤਨ ਸਿੰਘ ਜੱਗੀ ਨੇ ਆਪਣੇ ਸੋਧ ਪਤਰ ਵਿਚ ਦਿੱਤੇ ਉਨ੍ਹਾਂ ਵਿਚ ਖੋਜ ਦਾ ਅੰਸ਼ ਮਾਤਰ ਵੀ ਨਹੀਂ। ਡਾ. ਜੱਗੀ ਲਿਖਦੇ ਹਨ ਕਿ ਜਿਹੜੀ ਆਦਿ ਬੀੜ ਅਤੇ ਦਸਮ ਦੀ ਬੀੜ ਦਾ ਇਕੱਠਾ ਸੰਕਲਨ ਭਾਈ ਮਨੀ ਸਿੰਘ ਜੀ ਨੇ ਤਿਆਰ ਕੀਤਾ ਉਸ ਵਿਚ ਗੁਰੂ ਅੰਗਦ ਦੇਵ ਜੀ ਦੀ ਬਾਣੀ ਹੈ ਹੀ ਨਹੀਂ । ਇਸ ਤੋਂ ਸਪੱਸ਼ਟ ਹੈ ਕਿ ਜਾਂ ਤਾਂ ਡਾ. ਜੱਗੀ ਨੇ ਕਿਸੇ ਖਾਸ ਮਨੋਰਥ ਲਈ ਇਸ ਸਫੈਦ ਝੂਠ ਦਾ ਸਹਾਰਾ ਲਿਆ, ਜਾਂ ਉਨ੍ਹਾਂ ਨੂੰ ਮੋਟੇ ਅੱਖਰਾਂ ਵਾਲੀ ਬੀੜ ਦੇਖਣੀ-ਪਰਖਣੀ ਨਹੀਂ ਆਈ, ਜਾਂ ਉਨ੍ਹਾਂ ਨੇ ਬੀੜ ਦੇਖੇ ਬਗ਼ੈਰ ਹੀ ਸੁਣੇ-ਸੁਣਾਏ ਯੱਕੜ ਮਾਰ ਦਿੱਤੇ, ਜੋ ਪ੍ਰੰਪਰਾ ਦਸਮ ਗ੍ਰੰਥ ਦੇ ਵਿਰੋਧੀ ਹਾਲੇ ਤਕ ਚਲਾ ਰਹੇ ਹਨ । ਇਸੇ ਪ੍ਰੰਪਰਾ ਦੀ ਤਾਜਾ ਮਿਸਾਲ ਸ. ਦੀਵਾਨ ਸਿੰਘ (ਮੋਹਾਲੀ) ਦੀ ਲਿਖਤ ਗਲਿੰਪਸਿਸ ਔਫ ਚੰਡੀ

ਚਰਿਤ੍ਰ (Glimpses of Chandi Charitar) ਵਿਚ ਮਿਲਦਾ ਹੈ, ਜਿਸ ਵਿਚ ਉਨ੍ਹਾਂ ਨੇ ਇਹ ਵਿਚਾਰ ਪ੍ਰਗਟ ਕੀਤੇ ਕਿ ਗੁਰੂ ਸਾਹਿਬ ਦਾ ਚੰਡੀ ਚਰਿਤ੍ਰ ਭਾਗਵਤ ਪੁਰਾਣ 'ਤੇ ਆਧਾਰਿਤ ਹੈ, ਜਦਕਿ ਭਗਵਤ ਪੁਰਾਣ ਵਿਚ ਚੰਡੀ ਦਾ ਕੋਈ ਜ਼ਿਕਰ ਨਹੀਂ । ਅਸਲ ਵਿਚ ਲੇਖਕ ਦੇਵੀ ਭਾਗਵਤ ਪੁਰਾਣ ਨੂੰ ਭਾਗਵਤ ਪੁਰਾਣ ਸਮਝ ਰਿਹਾ ਹੈ ਜਦ ਕਿ ਇਹ ਦੋਵੇਂ ਪੁਰਾਣ ਅਲੱਗ-ਅਲੱਗ ਹਨ ।

ਇਨ੍ਹਾਂ ਸ਼ੰਕਾਵਾਦੀ ਖਰੜ ਗਿਆਨੀਆਂ ਦਾ ਅਗਲਾ ਹਥਿਆਰ ਹੈ ਅਰਥਾਂ ਦੇ ਅਨਰਥ ਕਰਨਾ ਜਿਨ੍ਹਾਂ ਦੀਆਂ ਕੁਝ ਕੁ ਮਿਸਾਲਾਂ ਦੇਣੀਆਂ ਬਹੁਤ ਜ਼ਰੂਰੀ ਹਨ । ਇਹ ਸ਼ੰਕਾਵਾਦੀ ਸਾਰੇ ਦੇ ਸਾਰੇ ਲੇਖਕਾਂ ਨੇ ਆਪਣੀਆਂ ਰਚਨਾਵਾਂ ਵਿਚ "ਭਗਉਤੀ" ਸ਼ਬਦ ਦੇ ਅਰਥ ਦੁਰਗਾ ਦੱਸੇ ਹਨ, ਜੋ ਕਿ ਧੋਖੇ ਨਾਲ ਸੰਗਤਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਹੀ ਨਹੀਂ ਬਲਕਿ ਇਸ ਗਲ ਦਾ ਸਪਸ਼ਟ ਸਬੂਤ ਹੈ ਕਿ ਇਨ੍ਹਾਂ ਨੇ ਚੰਡੀ ਚਰਿਤ੍ਰ ਨੂੰ ਇਕ ਵਾਰੀ ਵੀ ਚੰਗੀ ਤਰ੍ਹਾਂ ਨਹੀਂ ਪੜ੍ਹਿਆ । ਰਿਸ਼ੀ ਮਾਰਕੰਡੇ ਨੇ ਮਾਰਕੰਡੇ ਪੁਰਾਣ ਵਿਚ ਦੁਰਗਾ ਲਈ ੧੦੮ ਨਾਮ ਦਿਤੇ ਹਨ, ਪਰ ਭਗਉਤੀ ਉਸ ਵਿਚ ਨਹੀਂ ਹੈ । ਭਗਉਤੀ ਸਾਰੇ ਪੁਰਾਣਿਕ ਸਾਹਿਤ ਵਿਚ ਪਰਮ-ਪਿਤਾ ਪ੍ਰਮਾਤਮਾ ਲਈ ਵਰਤਿਆ ਗਿਆ ਹੈ। ਸਾਰੇ ਦਸਮ ਗ੍ਰੰਥ ਵਿਚ ਭਗਉਤੀ ਸ਼ਬਦ ਦਾ ਪ੍ਰਯੋਗ ਦੋ ਵਾਰੀ ਕੀਤਾ ਗਿਆ ਹੈ ਅਤੇ ਇਹ ਦੋਵੇਂ ਵਾਰੀ ਵਾਰ ਸ੍ਰੀ ਭਗਉਤੀ ਜੀ ਵਿਚ ਹੀ ਆਉਂਦਾ ਹੈ :

ਪ੍ਰਿਥਮ ਭਗਉਤੀ ਸਿਮਰ ਕੈ ਗੁਰੂ ਨਾਨਕ ਲਈਂ ਧਿਆਇ ॥
-ਦਸਮ ਗ੍ਰੰਥ, ਵਾਰ ਸ੍ਰੀ ਭਗਉਤੀ ਜੀ ਕੀ, ੧, ਪੰ: ੧੧੯ ॥
ਲਈ ਭਗਉਤੀ ਦੁਰਗ ਸ਼ਾਹ ਵਰਜਾਗਨਿ ਭਾਰੀ ॥
- ਦਸਮ ਗ੍ਰੰਥ, ਵਾਰ ਸ੍ਰੀ ਭਗਉਤੀ ਜੀ ਕੀ, ੫੩:੨, ਪੰ: ੧੨੭ ॥

ਹੁਣ ਜੇ ਇਨ੍ਹਾਂ ਖਰੜ ਗਿਆਨੀਆਂ ਦੀ ਨਵੀਨ ਸੋਚ ਮੁਤਾਬਿਕ ਇਸ ਉੱਪਰਲੀ ਸਤਰ ਦੇ ਅਰਥ ਕੀਤੇ ਜਾਣ ਤਾਂ ਸਾਨੂੰ ਇਹ ਕਹਿਣਾ ਪਵੇਗਾ ਕਿ ਦੁਰਗਾ ਨੇ ਦੁਰਗਾ ਨੂੰ ਫੜ ਕੇ ਯੁਧ ਕੀਤਾ । ਦੂਸਰੇ ਇਹ ਜੁੰਡਲੀ ਇਹ ਕਹਿਣੋ ਨਹੀਂ ਥੱਕਦੀ ਕਿ "ਮਹਾਂਕਾਲ" ਸ਼ਬਦ ਦਾ ਅਰਥ ਸ਼ਿਵ ਜੀ ਹੈ, ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਿਵ ਜੀ ਦੀ ਅਰਾਧਨਾ ਕੀਤੀ । ਵੇਦਿਕ ਤੇ ਉਪਨਿਸ਼ਦ ਸਾਹਿਤ

ਵਿਚ ਵੀ "ਮਹਾਂਕਾਲ", "ਕਾਲੋ-ਕਾਲ" ਪਰਮ ਪਿਤਾ ਪ੍ਰਮਾਤਮਾ ਲਈ ਹੀ ਵਰਤੇ ਗਏ । ਪ੍ਰਮੁੱਖ ਸ਼ਬਦ ਕੋਸ਼ਾਂ ਵਿਚ ਵੀ "ਕਾਲ" ਅਤੇ "ਮਹਾਂਕਾਲ" ਸ਼ਬਦਾਂ ਦੇ ਅਰਥ ਪਰਮ-ਪਿਤਾ ਪ੍ਰਮਾਤਮਾ ਹੀ ਦਿੱਤੇ ਹਨ । (ਵਿਸਥਾਰ ਲਈ ਦੇਖੋ: (੧) ਮੁਕੰਦ ਲਾਲ ਸਿਰੀਵਾਸਤਵਾ, ਗਿਆਨ ਸ਼ਬਦ ਕੋਸ਼; (੨) ਵੀ. ਐਸ. ਆਪਟੇ, ਸੰਸਕ੍ਰਿਤ ਐਟਮੋਲੋਜੀ; (੩) ਰਾਜਬਲੀ ਪਾਂਡੇ, ਹਿੰਦੂ ਧਰਮ ਕੋਸ਼; (੪) ਰਾਮ ਚੰਦਰ ਵਰਮਾ, ਮਾਣਕ ਹਿੰਦੀ ਕੋਸ਼; (੫) ਸਯਾਮ ਸੁੰਦਰ ਦਾਸ, ਹਿੰਦੀ ਸ਼ਬਦ ਸਾਗਰ ਅਤੇ (੬) ਡਾ. ਐਸ. ਐਸ. ਜੋਸ਼ੀ, ਪੰਜਾਬੀ-ਅੰਗਰੇਜ਼ੀ ਕੋਸ਼) । ਗੁਰੂ ਗੋਬਿੰਦ ਸਾਹਿਬ ਦੀਆਂ ਲਿਖਤਾਂ ਵਿਚ "ਕਾਲ" ਅਤੇ "ਮਹਾਂਕਲ" ਇਸ ਸ੍ਰਿਸ਼ਟੀ ਦੀ ਸਿਰਜਣਾਤਮਕ ਸ਼ਕਤੀ ਹੈ, ਜਿਸ ਕੋਲ ਇਸ ਨੂੰ ਖ਼ਤਮ ਕਰਨ ਦੀ ਵੀ ਸ਼ਕਤੀ ਹੈ, ਪ੍ਰਮਾਤਮਾ ਜੋ ਕਿ ਜੀਵਨ ਅਤੇ ਮੌਤ ਦਾ ਸੁਆਮੀ ਹੈ ਲਈ ਵਰਤਿਆ ਗਿਆ ਹੈ, ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦਸਮ ਗ੍ਰੰਥ ਵਿਚ ਪਰਮ-ਪਿਤਾ ਪ੍ਰਮਾਤਮਾ ਲਈ ਕਈ ਕਰਮ-ਨਾਮਾਂ ਦਾ ਵਰਨਣ ਕੀਤਾ ਹੈ, ਜਿਵੇਂ ਕਿ "ਕਾਲ", "ਸਰਬ-ਕਾਲ", "ਮਹਾਕਾਲ", "ਕਾਲ-ਕਾਲੇ", "ਕਾਲ ਪੁਰਖ", "ਅਨੰਕਾਲ", "ਕਾਲੰ ਕਾਲ" । ਮਹਾਕਾਲ ਸੰਸਕ੍ਰਿਤ ਦਾ ਸ਼ਬਦ ਹੈ, ਜਿਸ ਦੇ ਸ਼ਾਬਦਿਕ ਅਰਥ ਹਨ "ਸਰਵ-ਉੱਚ ਸਮਾਂ" ਜੋ ਕਿ ਸਮੇਂ ਦੇ ਚੱਕਰ ਤੋਂ ਰਹਿਤ ਹੈ ਅਤੇ ਸਾਰੇ ਧਾਰਮਿਕ ਸਾਹਿਤ ਵਿਚ ਇਹ ਪਰਮ-ਪਿਤਾ ਪ੍ਰਮਾਤਮਾ ਲਈ ਵਰਤਿਆ ਗਿਆ ਕਿਉਂਕਿ ਪ੍ਰਮਾਤਮਾ ਸਦੀਵੀ ਹੈ ਜਦਕਿ ਉਸ ਦੀ ਸਾਰੀ ਸ੍ਰਿਸ਼ਟੀ ਨਾਸ਼ਵਾਨ ਹੈ । "ਮਹਾਕਾਲ" ਸ਼ਬਦ ਦਾ ਸਭ ਤੋਂ ਜ਼ਿਆਦ (੮੦%) ਪ੍ਰਯੋਗ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੀ ਰਚਨਾ ਚਰਿਤ੍ਰੋ ਪਖਯਾਨ ਵਿਚ ਕੀਤਾ ਹੈ । ਇਸੇ ਤਰ੍ਹਾਂ ਸ਼ਬਦ "ਸ਼ਿਵ" ਨੂੰ ਵੀ ਇਹ ਖਰੜ ਗਿਆਨੀ ਸ਼ਿਵ ਜੀ ਨਾਲ ਜੋੜ ਕੇ ਇਹ ਸਾਬਤ ਕਰਨ ਦੀ ਨਾਕਾਮ ਕੋਸ਼ਿਸ਼ਾਂ ਵਿਚ ਲਗੇ ਹੋਏ ਹਨ ਕਿ ਦਸਮ ਗ੍ਰੰਥ ਸਾਹਿਬ ਕਿਸੇ ਸਾਕਤ ਕਵੀ ਦੀ ਰਚਨਾ ਹੈ । ਪਰ ਪਿਛਲੇ ੪੦ ਸਾਲਾਂ ਵਿਚ ਇਹ ਨਵੀਨ ਖੋਜੀ ਉਸ ਸਾਕਤ ਕਵੀ ਦੇ ਨਾਮ, ਨਿਵਾਸ, ਜਾਤ-ਪਾਤ, ਹੋਂਦ, ਸ਼੍ਰੇਣੀ ਤੇ ਲਿਖਤਾਂ ਦੱਸਣ ਵਿਚ ਪੂਰੀ ਤਰ੍ਹਾਂ ਨਾਕਾਮ ਰਹੇ । ਇਹ ਇਸ ਚੀਜ਼ ਦਾ ਖੁਲਾਸਾ ਵੀ ਨਹੀਂ ਕਰ ਸਕੇ ਕਿ ਜੇ ਇਹ ਕਿਸੇ ਚਾਲਾਕ ਸਾਕਤ ਕਵੀ ਦੀ ਚਾਲ ਸੀ ਤਾਂ ਉਸ ਨੇ ਅਧੂਰੀਆਂ ਲਿਖਤਾਂ ਲਿਖ ਕੇ

ਅਧੂਰੀ ਚਾਲ ਕਿਉਂ ਚੱਲੀ । ਸਭ ਵਿਦਵਾਨ ਇਹ ਮੰਨਦੇ ਹਨ ਕਿ "ਅਕਾਲ ਉਸਤਤਿ", ਬਚਿਤਰ ਨਾਟਕ (ਆਪਣੀ ਕਥਾ), ਗਿਆਨ ਪ੍ਰਬੋਧ, ਤ੍ਰਿਯਾ ਚਰਿਤਰ ਅਧੂਰੇ ਹਨ । ਜੇ ਦਸਮ ਗ੍ਰੰਥ ਨੂੰ ਗਹੁ ਨਾਲ ਵਿਚਾਰੀਏ ਤਾਂ ਪਤਾ ਲਗਦਾ ਹੈ ਕਿ ਜਾਪੁ ਸਾਹਿਬ, ਅਕਾਲ ਉਸਤਤਿ, ਚੰਡੀ ਚਰਿਤਰ (੧-੨), ਵਾਰ ਸ੍ਰੀ ਭਗਉਤੀ ਜੀ ਕੀ, ਸ਼ਸ਼ਤਰ ਨਾਮ ਮਾਲਾ ਪੁਰਾਣ, ਕਬਿਤ ਸਵੱਈਏ, ਜ਼ਫਰਨਾਮ ਵਿਚ ਕਿਸੇ ਕਵੀ ਦਾ ਨਾਮ ਨਹੀਂ, ਜਦਕਿ ਗੋਬਿੰਦ ਸ਼ਬਦ  ੨ ਵਾਰ ਰਾਮ ਅਵਤਾਰ (੮੬੪) ਤੇ ਚਰਿਤਰੋ ਪਖਯਾਨ (੨੪੨) ਵਿਚ ਵਰਤਿਆ ਗਿਆ, ਕ੍ਰਿਸ਼ਨਾਵਤਾਰ ਵਿਚ ਸਯਾਮ ਨਾਮ ਦੀ ਵਰਤੋਂ ਕੀਤੀ ਗਈ, ਜਦਕਿ ਚਰਿਤਰੋ ਪਖਯਾਨ ਵਿਚ ਰਾਮ, ਸਯਾਮ ਤੇ ਕਾਲ ਨਾਮਾਂ ਦੀ ਵਰਤੋਂ ਕੀਤੀ ਗਈ । ਇਨ੍ਹਾਂ ਸਾਰੀਆਂ ਰਚਨਾਵਾਂ ਦੇ ਸ਼ੁਰੂ ਵਿਚ "ਸ੍ਰੀ ਮੁਖਵਾਕ ਪਾ. ਦਸਵੀਂ" ਜਾਂ "ਪਾਤਸ਼ਾਹੀ ੧੦" ਲਿਖਿਆ ਜੋ ਕਿ ਇਸ ਗੱਲ ਦਾ ਠੋਸ ਸਬੂਤ ਹੈ ਕਿ "ਗੋਬਿੰਦ", "ਰਾਮ", "ਸ਼ਯਾਮ" ਗੁਰੂ ਗੋਬਿੰਦ ਸਿੰਘ ਸਾਹਿਬ ਦੇ ਹੀ ਉਪਨਾਮ ਹਨ ਅਤੇ ਤਿੰਨ ਹੀ ਨਾਮ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਪਰਮ-ਪਿਤਾ ਪ੍ਰਮਾਤਮਾ ਲਈ ਵਰਤੇ ਗਏ । ਦਸਮ ਗ੍ਰੰਥ ਸਾਹਿਬ ਨੂੰ ਅਗਰ ਵੱਖ-ਵੱਖ ਕਵੀਆਂ ਦੀ ਰਚਨਾ ਇਨ੍ਹਾਂ ਨਾਮਾਂ ਦੇ ਆਧਾਰ ਤੇ ਮੰਨੀਏ ਤਾਂ ਇਹ ਫੈਸਲਾ ਕਰਨਾ ਔਖਾ ਹੋਵੇਗਾ ਕਿ ਕਿਹੜਾ ਛੰਦ ਰਾਮ ਦਾ ਹੈ ਤੇ ਕਿਹੜਾ ਛੰਦ ਸਯਾਮ ਦਾ ਹੈ । ਚਰਿਤ੍ਰੋ ਪਖਯਾਨ ਵਿਚ ਚਰਿਤ੍ਰ ਨੰ: ੧੮੩, ੧੯੩, ੨੨੨, ੨੨੭, ੨੪੨, ੩੩੬, ੩੯੬, ੪੦੧ ਵਿਚ ਰਾਮ ਤੇ ਸ਼ਯਾਮ ਨਾਮ ਦੀ ਵਰਤੋਂ ਕੀਤੀ ਗਈ ਹੈ । ਇਸੇ ਤਰ੍ਹਾਂ ਕ੍ਰਿਸ਼ਨ ਅਵਤਾਰ ਵਿਚ ਵੀ ਰਾਮ ਤੇ ਸ਼ਯਾਮ ਦੇ ਨਾਮ ਦੀ ਵਰਤੋਂ ਹੋਈ ਹੈ (ਛੰਦ ੧੩੭੩, ੧੮੨੨, ੧੯੮੩, ੨੨੩੮, ੪੭੯੬), ਰਾਮ ਅਵਤਾਰ ਵਿਚ ਗੋਬਿੰਦ ਤੇ ਸ਼ਯਾਮ ਨਾਮਾਂ ਦੀ ਵਰਤੋਂ ਕੀਤੀ ਗਈ ਹੈ । (ਛੰਦ ੮੬੨, ੮੬੫) । ਚਰਿਤ੍ਰੋ ਪਖਯਾਨ ਤੇ ਕ੍ਰਿਸ਼ਨ ਅਵਤਾਰ ਵਿਚ ਰਾਮ ਤੇ ਸ਼ਯਾਮ ਨਾਮਾਂ ਦੀ ਵਰਤੋਂ ਇਕ ਯਾਂ ਦੋ ਛੰਦਾਂ ਦੇ ਵਕਫੇ ਬਾਅਦ ਕੀਤੀ ਗਈ ਹੈ । (ਚਰਿਤ੍ਰੋ ਪਖਯਾਨ:  ੧੦੯:੧੯, ੨੨, ਕ੍ਰਿਸ਼ਨ ਅਵਤਾਰ, ੧੮੭੨-੭੩, ਦੁਨੀਆਂ ਦੇ ਸਾਹਿਤਕ ਇਤਿਹਾਸ ਵਿਚ ਐਸੀ ਕੋਈ ਵੀ ਕਾਵਿ ਰਚਨਾ ਨਹੀਂ ਜਿਸ ਦੇ ਵੱਖ-ਵੱਖ ਛੰਦ ਅਲੱਗ-ਅਲੱਗ ਕਵੀਆਂ ਨੇ ਲਿਖੇ ਹੋਣ । ਕਿੰਨੀ ਹੈਰਾਨੀ ਵਾਲੀ ਗਲ ਹੈ ਕਿ ਸਾਡੇ ਗੁਰਮਤਿ ਦੇ ਇਹ ਖਰੜ ਗਿਆਨੀ ਸ਼ਿਵ ਲਈ

੧੦੦੮ ਨਾਮ ਕਬੂਲਦੇ ਹਨ, ਵਿਸ਼ਨੂ ਲਈ ੧੦੦੦ ਨਾਮ ਵੀ ਕਬੂਲਦੇ ਹਨ, ਚੰਡੀ ਲਈ ੧੦੮ ਨਾਮ ਜੋ ਕਿ ਪੰਡਤਾਂ ਦੇ ਰੌਸ਼ਨ ਦਿਮਾਗਾਂ ਦੀ ਕਾਢ ਹਨ, ਪਰ ਆਪਣੇ ਗੁਰੂ ਲਈ ਕੋਈ ਵੀ ਉਪਨਾਮ ਕਬੂਲਣ ਲਈ ਤਿਆਰ ਨਹੀਂ । "ਕਾਲ" ਤੇ "ਹਰਿ" ਨਾਮ ਦਾ ਕੋਈ ਵੀ ਕਵੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰੀ ਕਵੀਆਂ ਦੀ ਪੁਰਾਣੀ ਨਾਮਾਵਲੀ ਵਿਚ ਨਹੀਂ ਆਉਂਦਾ । ਸਾਰੇ ਧਾਰਮਿਕ ਗ੍ਰੰਥਾਂ ਵਿਚ ਖਾਸ ਕਰਕੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ "ਗੋਬਿੰਦ", "ਰਾਮ", "ਸ਼ਯਾਮ", "ਕਾਲ", "ਹਰਿ" ਸ਼ਬਦ ਜਿਥੇ ਪਰਮ-ਪਿਤਾ ਪ੍ਰਮਾਤਮਾ ਦੇ ਬੋਧਕ ਹਨ, ਉਥੇ ਗੁਰੂ ਸਾਹਿਬ ਦੇ ਨਾਮ ਦੀ ਵੀ ਪ੍ਰਤੀਨਿਧਤਾ ਕਰਦੇ ਹਨ । ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰੀ ਕਵੀਆਂ ਦੀਆਂ ਸੁਤੰਤਰ ਰਚਨਾਵਾਂ ਸਾਡੇ ਪਾਸ ਮੌਜੂਦ ਹਨ ਅਤੇ ਇਨ੍ਹਾਂ ਨੂੰ ਧਿਆਨ ਨਾਲ ਵਾਚਨ 'ਤੇ ਪਤਾ ਲਗਦਾ ਹੈ ਕਿ ਸਾਰੇ ਦਰਬਾਰੀ ਕਵੀਆਂ ਨੇ ਗੁਰੂ ਸਾਹਿਬ ਦੀਆਂ ਬਖਸ਼ੀਸ਼ਾਂ ਦਾ ਜ਼ਿਕਰ ਕੀਤਾ ਹੈ, ਪਰ ਸਾਰੇ ਦਸਮ ਗ੍ਰੰਥ ਵਿਚ ਸਾਰੀਆਂ ਰਚਨਾਵਾਂ ਦੇ ਮੰਗਲਾਚਰਣ ਯਾਂ ਉਪਸੰਹਾਰ (ਰਚਨਾ ਦੇ ਅੰਤ) ਵਿਚ ਸਿਰਫ਼ ਤੇ ਸਿਰਫ਼ ਪਰਮ-ਪਿਤਾ ਪ੍ਰਮਾਤਮਾ ਦੀ ਉਸਤਤੀ ਉਸ ਦੇ ਕਰਮ ਨਾਮਾਂ ਨਾਲ ਕੀਤੀ ਗਈ ਹੈ । ਇਸੇ ਤਰ੍ਹਾਂ ਜੇ ਦਰਬਾਰੀ ਕਵੀਆਂ ਵਲੋਂ ਕੀਤੇ ਅਨੁਵਾਦ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਵਲੋਂ ਕੀਤੇ ਅਨੁਵਾਦਾਂ ਨੂੰ ਉਨ੍ਹਾਂ ਦੇ ਮੂਲ ਸਰੋਤਾਂ ਨਾਲ ਅਧਿਐਨ ਕਰੀਏ ਤਾਂ ਇਹ ਸਾਫ਼ ਜ਼ਾਹਿਰ ਹੁੰਦਾ ਹੈ ਕਿ ਜਿਥੇ ਦਰਬਾਰੀ ਕਵੀਆਂ ਨੇ ਮੂਲ ਸਰੋਤਾਂ ਦਾ ਅੱਖਰ ਬਧ ਅਨੁਵਾਦ (literal translations) ਕੀਤਾ ਹੈ ਉੱਥੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਮੂਲ ਸ੍ਰੋਤਾਂ ਦੇ ਤਤ ਨੂੰ ਆਪਣੀ ਸ਼ੈਲੀ ਅਤੇ ਫਲਸਫ਼ੇ ਅਨੁਸਾਰ ਇਕ ਅਨੂਠਾ ਰੂਪ ਦਿੱਤਾ ਅਤੇ ਆਪਣੀਆਂ ਲਿਖਤਾਂ ਰਾਹੀਂ ਭਾਰਤੀ ਸੰਸਕ੍ਰਿਤੀ ਦੇ ਵੀਰ ਨਾਇਕਾਂ ਨੂੰ ਅਮਰ ਬਣਾ ਦਿੱਤਾ । ਇਸ ਦੀ ਇਕ ਉਦਾਹਰਣ ਚੰਡੀ ਚਰਿਤ੍ਰ ਹੈ । ਚੰਡੀ ਚਰਿਤ੍ਰ ਉਕਤਿ ਬਿਲਾਸ, ਮਾਰਕੰਡੇ ਪੁਰਾਣ ਦੇ ਦੁਰਗਾ ਸਪਤਸ਼ਤੀ ਵਾਲੇ ਭਾਗ ਦਾ ਸੁਤੰਤਰ ਅਨੁਵਾਦ ਦੱਸਿਆ ਜਾਂਦ ਹੈ, ਪਰ ਹਕੀਕਤ ਇਸ ਦੇ ਉਲਟ ਹੈ । ਮਾਰਕੰਡੇ ਪੁਰਾਣ ਵਿਚ ਇਸ ਕਥਾ ਦੇ ੧੩ ਅਧਿਆਇ ਤੇ ੭੦੦ ਸਲੋਕ ਹਨ, ਜਦਕਿ ਚੰਡੀ ਚਰਿਤ੍ਰ ਉਕਤ ਬਿਲਾਸ ਦੇ ੮ ਅਧਿਆਇ ਤੇ ੨੩੩ ਛੰਦ ਹਨ । ਗੁਰੂ ਗੋਬਿੰਦ ਸਿੰਘ ਜੀ

ਨੇ ਸੁਚੇਤ ਮਨ ਨਾਲ ਬਹੁਤ ਬੇਲੋੜੀਆਂ ਸਥਿਤੀਆਂ ਇਸ ਰਚਨਾ ਵਿਚੋਂ ਕੱਢ ਦਿੱਤੀਆਂ ਹਨ। ਮਾਰਕੰਡੇ ਪੁਰਾਣ ਦੇ ਪਹਿਲੇ ੪ ਅਧਿਆਇ ਜੋ ਕਿ ਦੁਰਗਾ ਉਸਤਤੀ ਵਿਚ ਹਨ ਉਹ ਗੁਰੂ ਸਾਹਿਬ ਨੇ ਆਪਣੀ ਰਚਨਾ ਵਿਚ ਸ਼ਾਮਿਲ ਨਹੀਂ ਕੀਤੇ। ਇਸੇ ਤਰ੍ਹਾਂ ਗੁਰੂ ਸਾਹਿਬ ਨੇ ਹਜ਼ਾਰਾਂ ਸਾਲਾਂ ਦੇ ਯੁਧਾਂ, ਦੇਵਤਿਆਂ ਦੇ ਇਕਠੇ ਹੋਣ, ਦੇਵੀ ਦੀ ਉਤਪਤੀ ਤੇ ਹੋਰ ਵੇਰਵੇ ਆਪਣੀ ਰਚਨਾ ਦਾ ਹਿੱਸਾ ਨਹੀਂ ਬਣਾਏ। ਸੱਚ ਤੇ ਨੇਕੀ ਦੀ ਸ਼ਕਤੀ ਦੁਰਗਾ ਨੂੰ ਉਜਾਗਰ ਕਰਨ ਲਗਿਆਂ ਚੰਡੀ ਦੇ ਨਸ਼ੇ ਦਾ ਬਿਰਤਾਂਤ ਵੀ ਗੁਰੂ ਸਾਹਿਬ ਨੇ ਆਪਣੀ ਰਚਨਾ ਵਿਚ ਸ਼ਾਮਿਲ ਨਹੀਂ ਕੀਤਾ, ਜਦਕਿ ਮਾਰਕੰਡੇ ਪੁਰਾਣ ਵਿਚ ਦੁਰਗਾ ਵਲੋਂ ਸ਼ਰਾਬ ਦੇ ਸੇਵਨ ਦੀ ਬਾਤ ਭੀ ਕਹੀ ਗਈ ਹੈ। ਮਾਰਕੰਡੇ ਪੁਰਾਣ ਦੇ ੧੧ ਤੇ ੧੨ ਅਧਿਆਇ ਵਿਚ ਦੇਵੀ ਉਸਤਤਿ ਤੇ ਮਹਾਤਮ ਨੂੰ ਪੂਰੀ ਤਰ੍ਹਾਂ ਨਕਾਰ ਕੇ ਗੁਰੂ ਸਾਹਿਬ ਨੇ ਪ੍ਰਮਾਤਮਾ ਪਾਸੋਂ ਨੇਕ ਕੰਮਾਂ ਦੇ ਦ੍ਰਿੜ ਵਿਸ਼ਵਾਸ ਨਾਲ ਡਟੇ ਰਹਿਣ ਦੀ ਪ੍ਰਾਰਥਨਾ ਕੀਤੀ ਹੈ :

ਦੇਹਿ ਸਿਵਾ ਬਰ ਮੋਹਿ ਇਹੈ
ਸ਼ੁਭ ਕਰਮਨ ਤੇ ਕਬਹੂੰ ਨ ਟਰੋ ॥
ਨ ਡਰੋ ਅਰਿ ਸੋ ਜਬ ਜਾਇ ਲਰੋ,
ਨਿਸਚੈ ਕਰ ਆਪਨੀ ਜੀਤ ਕਰੋ ॥
ਅਰੁ ਸਿਖ ਹੌਂ ਆਪਨੇ ਹੀ ਮਨ ਕੌ
ਇਹ ਲਾਲਚ ਹਉ ਗੁਨ ਤਉ ਉਚਰੋ ॥
ਜਬ ਆਵ ਕੀ ਅਉਧ ਨਿਧਾਨ ਬਨੈ
ਅਤ ਹੀ ਰਨ ਮੈ ਤਬ ਜੂਝ ਮਰੋ ॥

ਚੰਡੀ ਚਰਿਤ੍ਰ, ੨੩੧ ॥

ਇਸੇ ਤਰ੍ਹਾਂ ਚੰਡੀ-ਚਰਿਤ੍ਰ ਦੂਜਾ ਜੋ ਕਿ ਦੇਵੀ ਭਾਗਵਤ ਪੁਰਾਣ 'ਤੇ ਆਧਾਰਿਤ ਹੈ ਵਿਚ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਮੂਲ ਸਰੋਤ ਵਿਚ ਅਸੁਰ ਸ਼ਕਤੀਆਂ ਦੀ ਉਤਪਤੀ, ਦੁਰਗਾ ਦੀ ਉਤਪਤੀ, ਦੁਰਗਾ ਦੀ ਉਸਤਤੀ ਅਤੇ ਹਜ਼ਾਰਾਂ ਸਾਲਾਂ ਦੀ ਲੜਾਈ ਨੂੰ ਆਪਣੀ ਰਚਨਾ ਵਿਚ ਜਗ੍ਹਾ ਨਹੀਂ ਦਿਤੀ। ਗੁਰੂ ਗੋਬਿੰਦ ਸਿੰਘ ਜੀ ਨੇ ਸਿਰਫ਼ ਆਪਣੇ "ਭਗਉਤੀ" ਦੇ ਫਲਸਫੇ ਨੂੰ ਦੈਵੀ

ਸ਼ਕਤੀ ਅਤੇ ਇਲਾਹੀ ਇਨਸਾਫ ਦੇ ਰੂਪ ਵਿਚ ਹੀ ਚੰਡੀ ਚਰਿਤ੍ਰ ਉਕਤਿ ਬਿਲਾਸ, ਚੰਡੀ ਚਰਿਤ੍ਰ ਦੂਜਾ, ਵਾਰ ਸ੍ਰੀ ਭਗਉਤੀ ਵਿਚ ਪੇਸ਼ ਕੀਤਾ ਹੈ । "ਦੁਰਗਾ" ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਮਤਲਬ ਹੈ "ਪਹੁੰਚ ਤੋਂ ਪਰ੍ਹੇ", "ਦੁਰਗਮ", "ਅਗਮ" ਅਤੇ ਇਸੇ ਹੀ ਰੂਪ ਵਿਚ ਉਹ ਗੁਰੂ ਸਾਹਿਬ ਦੀਆਂ ਲਿਖਤਾਂ ਵਿਚ ਆਉਂਦੀ ਹੈ । ਗੁਰੂ ਸਾਹਿਬ ਦਾ ਫ਼ੁਰਮਾਨ ਹੈ :

ਕਿਸਨ ਬਿਸਨ ਕਬਹੂੰ ਨਹਿ ਧਿਆਊਂ ॥
ਕਾਨ ਸੁਨੇ ਪਹਿਚਾਨ ਨ ਤਿਨ ਸੋਂ ॥
ਦਸਮ ਗ੍ਰੰਥ, ਕ੍ਰਿਸ਼ਨ ਅਵਤਾਰ, ੪੩੪, ਪੰ. ੩੧੦ ॥
ਜਵਨ ਕਾਲ ਸਭ ਜਗਤ ਬਨਾਯੋ ॥
ਦੇਵ ਦੈਤ ਜਛਨ ਉਪਜਾਯੋ ॥
ਆਦਿ ਅੰਤਿ ਏਕੈ ਅਵਤਾਰਾ ॥
ਸੋਈ ਗੁਰੂ ਸਮਝਿਯਹੁ ਹਮਾਰਾ ॥੯॥
ਦਸਮ ਗ੍ਰੰਥ, ਕਬਿਯੋ ਬਾਚ ਬੇਨਤੀ ਚੋਪਈ, ੯ ਪੰ. ੧੩੮ ॥

ਇਹ ਦੋ ਹੀ ਫ਼ੁਰਮਾਨ ਇਸ ਗਲ ਨੂੰ ਸਾਬਤ ਕਰਨ ਲਈ ਕਾਫ਼ੀ ਹਨ ਕਿ ਗੁਰੂ ਜੀ ਦੇ ਦੁਰਗਾ ਦੇ ਬਿਸ਼ਨ ਨੂੰ ਨਹੀਂ ਮੰਨਦੇ, ਦੁਰਗਾ ਤਾਂ ਬਹੁਤ ਦੂਰ ਹੈ। ਉਹ ਸਿਰਫ ਪਰਮ-ਪਿਤਾ ਪ੍ਰਮਾਤਮਾ ਨੂੰ ਹੀ ਆਪਣਾ ਇਸ਼ਟ ਮੰਨਦੇ ਹਨ ਨਾ ਕਿ ਕਿਸੇ ਅਵਤਾਰ ਪੁਰਸ਼ ਨੂੰ । ਇਸੇ ਲਈ ਸਾਡੇ ਚੰਡੀਗੜ੍ਹ ਦੇ ਖਰੜ ਗਿਆਨੀ ਇਨ੍ਹਾਂ ਰਚਨਾਵਾਂ ਤੋਂ ਮੁਨਕਰ ਹਨ ਤਾਂ ਜੋ ਉਹ ਆਪਣੀ ਗੁਰੂ ਗੋਬਿੰਦ ਸਿੰਘ ਸਾਹਿਬ ਵਿਰੁਧ ਮੰਦੀ ਭਾਵਨਾ ਦਾ ਪਸਾਰਾ ਕਰ ਸਕਣ ।

ਵਾਰ ਸ੍ਰੀ ਭਗਉਤੀ ਜੀ ਕੀ ਦੇ ਮੰਗਲਾਚਰਣ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਨਾਮ ਨਹੀਂ ਹੈ ਜੋ ਕਿ ਇਸ ਗਲ ਦਾ ਪ੍ਰਮਾਣ ਹੈ ਕਿ ਇਹ ਗੁਰੂ ਸਾਹਿਬ ਦੀ ਪ੍ਰਮਾਣਿਕ ਤੇ ਇਤਿਹਾਸਿਕ ਰਚਨਾ ਹੈ । ਜੇ ਇਹ ਕਿਸੇ ਕਵੀ ਦੀ ਰਚਨਾ ਹੁੰਦੀ ਤਾਂ ਇਸ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਨਾਮ ਵੀ ਨੌਂ ਗੁਰੂਆਂ ਤੋਂ ਬਾਅਦ ਸ਼ਾਮਲ ਹੁੰਦਾ । ਸਾਡੇ ਇਹ ਖਰੜ ਗਿਆਨੀ ਇਹ ਵੀ ਸਾਬਤ ਕਰਨ ਦੀ ਕੋਸ਼ਿਸ਼ ਵਿਚ ਹਨ ਕਿ ਇਹ ਗੁਰੂ ਸਾਹਿਬ ਦੇ ਸਮਕਾਲੀ ਅਤੇ ਸਿਖ ਕੌਮ ਦੀ ਮਹਾਨ

ਸ਼ਹੀਦ ਭਾਈ ਮਨੀ ਸਿੰਘ ਜੀ ਨਾਲੋਂ ਜ਼ਿਆਦਾ ਸਿਆਣੇ ਹਨ ਕਿਉਂਕਿ ਜਦੋਂ ੧੮ ਵੀਂ ਸਦੀ ਵਿਚ ਖ਼ਾਲਸੇ ਦੀ ਅਰਦਾਸ ਬਣਾਈ ਗਈ ਤਾਂ ਭਾਈ ਮਨੀ ਸਿੰਘ ਜੀ ਨੂੰ ਇਹ ਪਤਾ ਨਹੀਂ ਸੀ ਕਿ ਇਹ ਗੁਰੂ ਸਾਹਿਬ ਦੀ ਰਚਨਾ ਹੈ ਜਾਂ ਨਹੀਂ, ਜਿਸ ਦਾ ਇਲਹਾਮ ਇਨ੍ਹਾਂ ਸ਼ੰਕਾ ਵਾਦੀਆਂ ਨੂੰ ਹੋ ਚੁਕਾ ਹੈ, ਜਿਸ ਦਾ ਕੂੜ ਪ੍ਰਚਾਰ ਇਹ ਹੁਣ ਕਰ ਰਹੇ ਹਨ ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਰਚਿਤ ਚੰਡੀ ਚਰਿਤ੍ਰ ਉਕਤਿ ਬਿਲਾਸ, ਚੰਡੀ ਚਰਿਤ੍ਰ ਦੂਜਾ, ਵਾਰ ਸ੍ਰੀ ਭਗਉਤੀ ਜੀ ਕੀ ਆਦਿ ਦੀ ਮੂਲ ਪੁਰਾਣਕ ਸਰੋਤਾਂ ਨਾਲ ਤੁਲਨਾ ਕਰੀਏ ਤਾਂ ਇਹ ਸਾਫ ਜ਼ਾਹਿਰ ਹੁੰਦਾ ਹੈ ਕਿ ਗੁਰੂ ਸਾਹਿਬ ਨੇ ਸੁਚੇਤ ਮਨ ਨਾਲ ਪੁਰਾਣਕ ਸਾਹਿਤ ਦੀਆਂ ਬੇਲੋੜੀਆਂ ਸਥਿਤੀਆਂ ਤੇ ਵਿਸਥਾਰ ਆਪਣੀਆਂ ਰਚਨਾਵਾਂ ਵਿਚ ਸ਼ਾਮਿਲ ਨਹੀਂ ਕੀਤੇ। ਗੁਰੂ ਸਾਹਿਬ ਨੇ ਪੌਰਾਣਕ ਸਾਹਿਤ ਦਾ ਮਿਥਹਾਸਕ ਅੰਸ਼ ਖ਼ਤਮ ਕਰਕੇ ਇਨ੍ਹਾਂ ਕਥਾਵਾਂ ਨੂੰ ਪਹਿਲੀ ਵਾਰ ਇਤਿਹਾਸਕ ਪ੍ਰਸੰਗ ਦੇ ਤੌਰ ’ਤੇ ਪੇਸ਼ ਕੀਤਾ । ਚੰਡੀ ਚਰਿਤ੍ਰਾਂ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸੰਸਕ੍ਰਿਤ ਸ਼ਬਦ “ਨਿਸੰਗ” ਦਾ ਪ੍ਰਯੋਗ ਦੋ ਵਾਰੀ ਕੀਤਾ ਹੈ :

ਕਾਲੀ ਅਉ ਚੰਡ ਕੁਵੰਡ ਸੰਭਾਰ ਕੈ
ਦੈਤ ਸੋ ਜੁਧ ਨਿਸੰਗ ਸਜਿਓ ਹੈ। ਚੰਡੀ ਚਰਿਤ੍ਰ ਉਕਤਿ ਬਿਲਾਸ,੧੭੧॥
ਬਾਹੈ ਨਿਸੰਗ ॥ ਊਠੈਂ ਝੜੰਗ ॥
ਤੁਪਕ ਤੜਾਕ ॥ ਉੱਠਤ ਕੜਾਕ ॥ ਚੰਡੀ ਚਰਿਤ੍ਰ ਦੂਜਾ, ੩੦ ॥

ਇਸ ਸੰਸਕ੍ਰਿਤ ਸ਼ਬਦ ਦਾ ਪੰਜਾਬੀ ਸਮਰੂਪ ਹੈ “ਨਿਹੰਗ” ਜਿਸ ਦਾ ਪ੍ਰਯੋਗ ਗੁਰੂ ਅਰਜਨ ਦੇਵ ਜੀ ਗੁਰੂ ਗ੍ਰੰਥ ਸਾਹਿਬ ਵਿਚ ਇੰਜ ਕਰਦੇ ਹਨਃ “ਨਿਰਭਉ ਹੋਇਓ ਭਇਆ ਨਿਹੰਗਾ”, (ਪੰਃ ੩੯੨) । ਨਿਹੰਗ ਸ਼ਬਦ ਦਾ ਇੱਥੇ ਪ੍ਰਯੋਗ ਉਸ ਇਨਸਾਨ ਲਈ ਹੈ ਜੋ ਕਿ ਨਿਰਭਉ ਹੈ ਅਤੇ ਮੌਤ ਦੇ ਡਰ ਤੋਂ ਰਹਿਤ ਹੈ, ਨਿਡਰ ਹੈ, ਨਿਧੜਕ ਹੈ । ਇਸ ਸੰਸਕ੍ਰਿਤ ਸ਼ਬਦ “ਨਿਸੰਗ” ਜਿਸ ਨੂੰ ਕਿ ਗੁਰੂ ਗ੍ਰੰਥ ਸਾਹਿਬ ਵਿਚ ਨਿਹੰਗ (ਪੰਜਾਬੀ ਰੂਪ) ਵਿੱਚ ਵਰਤਿਆ ਗਿਆ ਹੈ ਤੋਂ ਨਿਹੰਗ ਸਿੰਘਾਂ ਦੇ ਜਥਿਆਂ ਦੀ ਉਤਪਤੀ ਹੋਈ ਤੇ ਉਨ੍ਹਾਂ ਨੇ ਇਸ ਸ਼ਬਦ ਨੂੰ ਆਪਣੇ

ਜਥੇ ਦਾ ਨਾਮ ਦੇ ਦਿੱਤਾ । ਇਨ੍ਹਾਂ ਚੰਡੀ ਚਰਿਤ੍ਰਾਂ ਵਿੱਚ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਕਈ ਸਿਧਾਂਤ ਉਜਾਗਰ ਕੀਤੇ ਜਿਵੇਂ ਕਿ : "ਖ਼ਾਲਸਾ ਅਕਾਲ ਪੁਰਖ ਕੀ ਫੌਜ", "ਚੜ੍ਹਦੀ ਕਲਾ", "ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥", "ਸਵਾ ਲਾਖ ਸੇ ਏਕ ਲੜਾਊ, ਤਬੈ ਗੋਬਿੰਦ ਸਿੰਘ ਨਾਮ ਕਹਾਊਂ", "ਧਰਮ ਯੁੱਧ" "ਦੇਗ-ਤੇਗ਼ ਫ਼ਤਹਿ" ਆਦਿ । ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੀਆਂ ਰਚਨਾਵਾਂ ਵਿਚ ਦੁਰਗਾ ਨੂੰ ਸਰਵ-ਸ਼ਕਤੀਮਾਨ ਪ੍ਰਮਾਤਮਾ ਦੀ ਸੰਘਾਰਨ ਸ਼ਕਤੀ ਦੇ ਰੂਪ ਵਿਚ ਪੇਸ਼ ਕਰਕੇ ਆਪਣੇ ਖ਼ਾਲਸੇ ਲਈ ਤੱਤ ਗਿਆਨ, ਦ੍ਰਿੜਤਾ ਅਤੇ ਹੌਂਸਲੇ ਦਾ ਉਹ ਸੋਮਾ ਤਿਆਰ ਕੀਤਾ ਜਿਸ ਦੇ ਫ਼ਲਸਫ਼ੇ ਰਾਹੀਂ ਪੂਰੀ ੧੮ ਵੀਂ ਸਦੀ ਖ਼ਾਲਸਾ ਗੁਰੂ ਦੇ ਸਾਥ ਤੋਂ ਬਿਨਾਂ ਉਨ੍ਹਾਂ ਦੇ ਉਦੇਸ਼ ਦੀ ਪੂਰਤੀ ਲਈ ਧਰਮ ਯੁੱਧ ਵਿੱਚ ਵਿਚਰਦਾ ਰਿਹਾ ਤੇ ਅਸੁਰ ਸ਼ਕਤੀਆਂ 'ਤੇ ਫਤਹਿ ਪਾ ਕੇ ਇਸ ਧਰਤੀ ਨੂੰ ਵਿਦੇਸ਼ੀ ਹਮਲਾਵਰਾਂ ਤੋਂ ਮੁਕਤ ਕਰਾਉਣ ਤੇ ਖ਼ਾਲਸਾ ਰਾਜ ਸਥਾਪਤ ਕਰਨ ਵਿਚ ਸਫਲ ਹੋਇਆ ਅਤੇ ਗੁਰੂ ਸਾਹਿਬ ਦੇ ਫੁਰਮਾਨ : "ਭਾਰੀ ਭੁਜਾਨ ਕੇ ਭਾਰੀ ਭਰੋਸੋ", ਦੀ ਤਰਜਮਾਨੀ ਕੀਤੀ (ਬਚਿਤ੍ਰ ਨਾਟਕ, ੧:੯੨) । ਕਿਸੇ ਵੀ ਰਚਨਾ ਜਾਂ ਸਤਰ ਤੋਂ ਇਹ ਸਿੱਧ ਨਹੀਂ ਹੁੰਦਾ ਕਿ ਗੁਰੂ ਸਾਹਿਬ ਨੇ ਦੁਰਗਾ ਦੀ ਪੂਜਾ ਕੀਤੀ, ਜਾਂ ਉਸ ਦੀ ਉਸਤਤੀ ਕੀਤੀ, ਜਾਂ ਉਸ ਦਾ ਮਾਨਵੀਕਰਨ (Personification) ਕੀਤਾ, ਯਾਂ ਉਸ ਨੂੰ ਪ੍ਰਗਟ (Recall) ਕੀਤਾ । ਅਕਾਲ ਉਸਤਤਿ ਵਿੱਚ ਵੀ ਦੁਰਗਾ ਦੇ ਅਸੁਰਾਂ ਨੂੰ ਸੰਘਾਰਨ ਦੇ ੨੦ ਛੰਦ (੨੧੧-੨੩੦) ਹਨ, ਜਿਨ੍ਹਾਂ ਦਾ ਵਿਸਥਾਰ ਚੰਡੀ ਚਰਿਤ੍ਰ ਉਕਤਿ ਬਿਲਾਸ, ਚੰਡੀ ਚਰਿਤ੍ਰ ਦੂਜਾ ਵਿੱਚ ਕਰਕੇ ਵਾਰ ਸ੍ਰੀ ਭਗਉਤੀ ਜੀ ਕੀ ਅਤੇ ਚਰਿਤ੍ਰੋਪਖਯਾਨ ਦੇ ਪਹਿਲੇ ਅਧਿਆਇ ਵਿਚ ਸੰਖਿਪਤ ਰੂਪ ਵਿੱਚ ਪੇਸ਼ ਕਰਕੇ ਇਹ ਪੱਕਾ ਸਬੂਤ ਦੇ ਦਿੱਤਾ ਕਿ ਇਹ ਸਾਰੀਆਂ ਰਚਨਾਵਾਂ ਇੱਕੋ ਹੀ ਕਲਮ ਦੀਆਂ ਹਨ ਅਤੇ ਇਹ ਕਲਮ ਮੇਰੇ ਸਤਿਗੁਰੂ ਪਾਤਸ਼ਾਹ ਦੀ ਹੀ ਹੈ । ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਆਪਣੇ ਇੱਕੋ ਇਸ਼ਟ ਪਰਮ-ਪਿਤਾ ਪ੍ਰਮਾਤਮਾ ਦੇ ਸਿਧਾਂਤ ਨੂੰ ਹੇਠ ਲਿਖੇ ਛੰਦ ਕਲਮਬੰਦ ਕਰਕੇ ਇਹ ਵੀ ਸਾਬਤ ਕਰ ਦਿੱਤਾ ਕਿ ਉਹ ਪਰਮ ਪਿਤਾ ਪ੍ਰਮਾਤਮਾ ਨੂੰ ਹੀ ਦੁਰਗਾ ਦੀ ਸਿਰਜਣ ਸ਼ਕਤੀ ਮੰਨਦੇ ਹਨ :

ਤੈਂਹੀ ਦੁਰਗਾ ਸਾਜਿਕੈ
ਦੈਤਾਂ ਦਾ ਨਾਸੁ ਕਰਾਇਆ ॥
ਦਸਮ ਗ੍ਰੰਥ, ਵਾਰ ਸ੍ਰੀ ਭਗਉਤੀ ਜੀ ਕੀ, ੨:੩ ॥
ਕਾਲ ਤੁਹੀ ਕਾਲੀ ਤੁਹੀ
ਤੁਹੀ ਤੇਗ ਅਰੁ ਤੀਰ ॥
ਤੁਹੀਂ ਨਿਸਾਨੀ ਜੀਤ ਕੀ
ਆਜ ਤੁਹੀ ਜਗ ਬੀਰ ॥੫॥
ਦਸਮ ਗ੍ਰੰਥ, ਸ੍ਰੀ ਸ਼ਸ਼ਤ੍ਰ ਨਾਮ ਮਾਲਾ ਪੁਰਾਣ, ੫॥
ਤੁਹੀ ਰਾਮ ਹ੍ਵੈਕੈ ਹਠੀ ਦੈਤ ਘਾਯੋ॥
ਤੁਹੀ ਕ੍ਰਿਸ਼ਨ ਹ੍ਵੈ ਕੰਸ ਕੇਸੀ ਖਪਾਯੋ ॥
ਤੁਹੀ ਜਾਲਪਾ ਕਾਲਕਾ ਕੈ ਬਖਾਨੀ ॥
ਤੁਹੀ ਚੌਦਹੁੰ ਲੋਕ ਕੀ ਰਾਜਧਾਨੀ ॥
ਦਸਮ ਗ੍ਰੰਥ, ਚਰਿਤ੍ਰੋਪਯਾਨ, ਚਰਿਤ੍ਰ ੧:੬ ॥

ਜੋ ਸਮਾਧੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜਮਨਾ ਨਦੀ ਦੇ ਕੰਢੇ ਪਾਉਂਟਾ ਸਾਹਿਬ ਵਿਖੇ ਅੰਤਰ ਧਿਆਨ ਹੋ ਕੇ ਪਰਮ-ਪਿਤਾ ਪ੍ਰਮਾਤਮਾ ਦੀ ਉਸਤਤਿ ਕਰਨ ਲਈ ਲਗਾਈ ਤੇ ਆਪਣੀ ਅਕਾਲ ਉਸਤਤਿ ਵਿਚ "ਤੁਹੀਂ ਤੁਹੀਂ" ਦੀ ਧੁੰਨੀ ਛੇੜੀ ਅਤੇ ੧੬ ਵਾਰ ਇਸ ਦਾ ਨਿਰੰਤਰ ਜਾਪ ਕੀਤਾ (ਅਕਾਲ ਉਸਤਤਿ, ੧੯-੨੦), ਅਕਾਲ ਉਸਤਤਿ ਵਿਚ "ਤੁਹੀਂ ਤੁਹੀਂ" ਦੀ ਧੁਨੀ ਦੇ ਜਾਪੁ ਦੀ ਗੂੰਜ ਵਾਰ ਸ੍ਰੀ ਭਗਉਤੀ ਜੀ ਕੀ, ਸ੍ਰੀ ਸ਼ਸ਼ਤ੍ਰ ਨਾਮ ਮਾਲਾ ਪੁਰਾਣ ਅਤੇ ਚਰਿਤ੍ਰੋ ਪਖਯਾਂਨ ਤਕ ਕਾਇਮ ਰੱਖੀ, ਜਿਵੇਂ ਕਿ ਉੱਪਰ ਦਿੱਤੇ ਨਾਮ-ਮਾਤਰ ਹਵਾਲਿਆਂ ਤੋਂ ਪਤਾ ਲਗਦਾ ਹੈ, ਇਸ ਸਚ ਨੂੰ ਉਜਾਗਰ ਕਰਨ ਵਿਚ ਪੂਰੀ ਤਰ੍ਹਾਂ ਸਮਰਥ ਤੇ ਸਪਸ਼ਟ ਹੈ ਕਿ ਸਾਰੀਆਂ ਰਚਨਾਵਾਂ ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਹੀ ਹਨ ।

ਸੰਸਾਰ ਦੇ ਸਾਹਿਤਕ ਇਤਿਹਾਸ ਵਿਚ ਇਹ ਕ੍ਰਿਸ਼ਮਾ ਪਹਿਲੀ ਤੇ ਆਖਰੀ ਵਾਰ ਹੋਇਆ ਕਿ ਕਿਸੇ ਕਵੀ ਨੇ ਆਪਣੇ ਦੇਸ਼ ਦੇ ਸਾਹਿਤਕ ਤੇ ਇਤਿਹਾਸਿਕ ਵਿਰਸੇ ਨੂੰ ਵਰਤਮਾਨ ਪ੍ਰਸਥਿਤੀਆਂ ਵਿਚ ਢਾਲ ਕੇ ਆਪਣੇ ਧਰਮ ਯੁੱਧ ਦੇ ਸਿਧਾਂਤ

ਨੂੰ ਉਜਾਗਰ ਕੀਤਾ । ਦਸਮ ਗ੍ਰੰਥ ਸਾਹਿਬ ਵਿਚ ਆਦਿ ਗੁਰੂ ਗ੍ਰੰਥ ਸਾਹਿਬ ਨਾਲੋਂ ਮਿਥਿਹਾਸਿਕ ਨਾਵਾਂ ਤੇ ਘਟਨਾਵਾਂ ਦਾ ਘੱਟ ਜ਼ਿਕਰ ਹੈ । ਜਿਹੜੀਆਂ ਮਿਥਿਹਾਸਕ ਨਾਇਕ-ਨਾਇਕਾਵਾਂ ਦਾ ਜ਼ਿਕਰ ਆਦਿ ਗੁਰੂ ਗ੍ਰੰਥ ਵਿਚ ਅਲੰਕਾਰ ਦੇ ਤੌਰ 'ਤੇ ਕੀਤਾ ਗਿਆ ਹੈ, ਉਸ ਨਾਲ ਇਹ ਮਿਥਿਹਾਸਕ ਪਾਤਰ ਲੋਕਾਂ ਦੀ ਸ਼ਰਧਾ ਤੇ ਵਿਸ਼ਵਾਸ ਦਾ ਹਿੱਸਾ ਬਣ ਗਏ । ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਨ੍ਹਾਂ ਨਾਵਾਂ ਤੇ ਘਟਨਾਵਾਂ ਦੀ ਵਿਸਥਾਰ ਨਾਲ ਦਸਮ ਗ੍ਰੰਥ ਵਿਚ ਵਿਆਖਿਆ ਕਰਕੇ ਲੋਕਾਂ ਦੀ ਸੋਚਣੀ ਤੇ ਦ੍ਰਿਸ਼ਟੀਕੋਣ ਵਿਚ ਇਕ ਕ੍ਰਾਂਤੀ ਲਿਆਂਦੀ । ਜੇ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਆਏ ਮਿਥਿਹਾਸਕ ਘਟਨਾਵਾਂ ਦੇ ਨਾਇਕ ਨਾਇਕਾਵਾਂ ਦਾ ਜ਼ਿਕਰ ਕੀਤਾ ਗਿਆ ਹੈ । ਇਹ ਕੋਈ ਅਤਿ-ਕਥਨੀ ਨਹੀਂ ਹੋਵੇਗੀ ਜੇ ਦਸਮ ਗ੍ਰੰਥ ਨੂੰ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਆਏ ਮਿਥਿਹਾਸਕ ਹਵਾਲਿਆਂ ਦਾ ਵਿਆਖਿਆਕਾਰ ਗ੍ਰੰਥ ਨਾਲ ਸਨਮਾਨਿਤ ਕੀਤਾ ਜਾਵੇ । ਗੁਰੂ ਗੋਬਿੰਦ ਸਿੰਘ ਨੇ ਦਸਮ ਗ੍ਰੰਥ ਸਾਹਿਬ ਵਿਚ ਇਕ ਅਕਾਲ ਪੁਰਖ ਦੀ ਸਰਵ-ਉੱਚਤਾ ਕਾਇਮ ਰੱਖਣ ਲਈ ਇਹ ਤਤ ਉਜਾਗਰ ਕੀਤਾ ਹੈ ਕਿ ਜਿਹੜੀਆਂ ਦੈਵੀ ਸ਼ਕਤੀਆਂ ਦੀ ਹਿੰਦੋਸਤਾਨ ਦੇ ਲੋਕ ਪੂਜਾ ਕਰਦੇ ਹਨ ਉਹ ਪਰਮ-ਪਿਤਾ ਪ੍ਰਮਾਤਮਾ ਦੀ ਸਿਰਜਨ ਤੇ ਵਿਨਾਸ਼ਕਾਰੀ ਸ਼ਕਤੀ ਦੇ ਹੀ ਗੁਲਾਮ ਹਨ, ਅਤੇ ਉਹ ਸਰਵ-ਸ਼ਕਤੀਮਾਨ ਪ੍ਰਮਾਤਮਾ ਦੇ ਹੁਕਮ ਵਿਚ ਕਈ ਵਾਰ ਇਸ ਧਰਤੀ 'ਤੇ ਆਏ ਤੇ ਕੂਚ ਕੀਤੇ । ਗੁਰੂ ਸਾਹਿਬ ਨੇ ਜਿੰਨੀ ਸਪਸ਼ਟਤਾ ਨਾਲ ਦੇਵੀ-ਦੇਵਤਿਆਂ ਤੇ ਮੂਰਤੀ-ਪੂਜਾ ਦਾ ਖੰਡਨ ਦਸਮ ਗ੍ਰੰਥ ਸਾਹਿਬ ਵਿਚ ਕੀਤਾ ਹੈ, ਉਤਨੀ ਸਪਸ਼ਟਤਾ ਨਾਲ ਇਸ ਦਾ ਖੰਡਨ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹੈ । ਇਹ ਸਾਰੇ ਦੇ ਸਾਰੇ ਦੇਵੀ-ਦੇਵਤਿਆਂ ਨੇ ਮਾਤਲੋਕ ਵਿਚ ਪਰਮ-ਪਿਤਾ ਪ੍ਰਮਾਤਮਾ ਦੀ ਪੂਜਾ ਦੀ ਬਜਾਇ ਆਪਣੀ ਪੂਜਾ ਸ਼ੁਰੂ ਕਰਵਾ ਦਿੱਤੀ ।

ਦਸਮ ਗ੍ਰੰਥ ਸਾਹਿਬ ਦੇ ਕੁਲ ਪੰਨੇ ੧੪੨੮ ਹਨ, ਹਰੇਕ ਪੰਨੇ 'ਤੇ ੨੫ ਸਤਰਾਂ ਹਨ ਅਤੇ ਦਸਮ ਗ੍ਰੰਥ ਵਿਚ ੮, ੬੨, ੭੦੦ ਲਫ਼ਜ਼ ਹਨ । ਆਦਿ ਗੁਰੂ ਗ੍ਰੰਥ ਸਾਹਿਬ ਜਗਿਆਸੂ ਲਈ ਇਕ ਅਧਿਆਤਮਕ ਸਫ਼ਰ ਹੈ, ਜਦਕਿ ਦਸਮ ਗ੍ਰੰਥ ਸਾਹਿਬ ਜਗਿਆਸੂ ਲਈ ਸੰਤ ਤੋਂ ਸਿਪਾਹੀ ਬਣਨ ਦਾ ਸਫਰ ਹੈ ।

ਗੁਰੂ ਹਰਗੋਬਿੰਦ ਸਾਹਿਬ ਨੇ ਜੋ ਮੀਰੀ-ਪੀਰੀ ਦਾ ਸਿਧਾਂਤ ੧੬੦੬ ਈ: ਵਿਚ ਉਜਾਗਰ ਕੀਤਾ ਉਸ ਦੀ ਤਰਜਮਾਨੀ ਦਸਮ ਗ੍ਰੰਥ ਸਾਹਿਬ ਕਰਦਾ ਹੈ । ਆਦਿ ਗੁਰੂ ਗ੍ਰੰਥ ਸਾਹਿਬ ਕਲਿਯੁਗ ਵਿਚ ਪਰਮ ਪਿਤਾ ਪ੍ਰਮਾਤਮਾ ਦੇ ਵਿਚ ਲੋਕਾਂ ਦੇ ਵਿਸ਼ਵਾਸ ਦੀ ਉਦਾਸੀਨਤਾ ਤੇ ਧਰਮ ਦੀ ਦੁਰਦਸ਼ਾ ਦੀ ਗੱਲ ਕਰਦਾ ਹੈ, ਦਸਮ ਗ੍ਰੰਥ ਇਸ ਤੋਂ ਇਲਾਵਾ ਧਰਮ-ਯੁੱਧ ਦੇ ਜਜ਼ਬੇ ਦੇ ਅਭਾਵ ਦੀ ਗੱਲ ਕਰਦਾ ਹੈ । ਆਦਿ ਗੁਰੂ ਗ੍ਰੰਥ ਧਰਮ ਨੂੰ ਰੂਹਾਨੀ ਤੇ ਅਧਿਆਤਮਕ ਗਿਆਨ ਦੇ ਖੇਤਰ ਵਿਚ ਉਜਾਗਰ ਕਰਦਾ ਹੈ, ਜਦਕਿ ਦਸਮ ਗ੍ਰੰਥ ਧਰਮ ਦੀ ਭੂਮਿਕਾ ਸਮਾਜਿਕ ਤੇ ਰਾਜਨੀਤਕ ਖੇਤਰ ਵਿਚ ਉਜਾਗਰ ਕਰਦਾ ਹੈ । ਆਦਿ ਗੁਰੂ ਗ੍ਰੰਥ ਸਾਹਿਬ ਸਿਖਾਂ ਦਾ ਹਰਿਮੰਦਰ ਹੈ ਤਾਂ ਦਸਮ ਗ੍ਰੰਥ ਸਿਖ ਪੰਥ ਦਾ ਅਕਾਲ ਤਖ਼ਤ ਹੈ, ਜਿਸ ਤੋਂ ਜਗਿਆਸੂ ਹਰਿਮੰਦਰ ਦੇ ਦਰਸ਼ਨ ਕਰਨ ਦੇ ਨਾਲ-ਨਾਲ ਆਪਣੇ ਧਰਮ ਯੁਧ ਦੇ ਫ਼ਲਸਫ਼ੇ ਤੋਂ ਵੀ ਜਾਣੂ ਹੁੰਦਾ ਹੈ । ਇਸ ਧਰਮ ਯੁਧ ਦੇ ਫ਼ਲਸਫ਼ੇ ਨੂੰ ਦ੍ਰਿੜ੍ਹਾਉਣ ਲਈ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖ਼ਾਲਸਾ ਪੰਥ ਪ੍ਰਗਟ ਕੀਤਾ । ਦਸਮ ਗ੍ਰੰਥ ਹੀ ਸਿਖਾਂ ਕੋਲ ਇੱਕ ਐਸਾ ਪ੍ਰਮਾਣਿਕ ਸੋਮਾ ਹੈ ਜੋ ਕਿ ਖ਼ਾਲਸਈ ਵਚਿਤ੍ਰਤਾ ਦਾ ਪ੍ਰਗਟਾਵਾ ਕਰਦਾ ਹੈ । ਇਸ ਵਿਚੋਂ ਤੇ ਸਿਰਫ ਇਸੇ ਵਿਚੋਂ ਹੀ ਖ਼ਾਲਸਾ ਰਹਿਤ, ਖ਼ਾਲਸੇ ਦੇ ਉਦੇਸ਼, ਖ਼ਾਲਸੇ ਦੇ ਕਕਾਰ, ਖ਼ਾਲਸੇ ਦੇ ਖੰਡੇ, ਖ਼ਾਲਸੇ ਦੀਆਂ ਨਿਤਨੇਮ ਬਾਣੀਆਂ: ਜਾਪੁ,

ਸਵਈਏ, ਚੌਪਈ ਆਦਿ ਖ਼ਾਲਸੇ ਦੀ ਅਰਦਾਸ, ਖ਼ਾਲਸਾ ਮਹਿਮਾ, ਖ਼ਾਲਸੇ ਦੇ ਧਰਮ ਯੁਧ ਦੇ ਫ਼ਲਸਫ਼ੇ, ਖ਼ਾਲਸੇ ਦੇ ਜੈਕਾਰੇ-"ਦੇਗ਼ ਤੇਗ਼ ਫਤਿਹ", "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ", ਖ਼ਾਲਸੇ ਦਾ ਆਚਰਣ, ਤੇ ਖ਼ਾਲਸੇ ਦੇ ਚੜਦੀ ਕਲਾ ਦੇ ਸਿਧਾਂਤ ਦੇ ਦਰਸ਼ਨ ਹੁੰਦੇ ਹਨ । ਅਸਲ ਵਿਚ ਦਸਮ ਗ੍ਰੰਥ ਸਾਹਿਬ ਖ਼ਾਲਸੇ ਦਾ ਗ੍ਰੰਥ ਅਤੇ ਜਿਸ ਦਾ ਵਿਸ਼ਵਾਸ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਿੱਧਾਂਤਾਂ ਵਿਚ ਹੋਵੇਗਾ, ਉਹ ਇਸ ਦੀ ਵਿਆਖਿਆ ਕਰਨ ਵਿਚ ਸਮਰਥ ਹੋਵੇਗਾ । ਖ਼ਾਲਸਾ ਦਸਮ ਗ੍ਰੰਥ ਸਾਹਿਬ ਤੋਂ ਬਿਨਾਂ ਨਿਰਮੂਲ ਤੇ ਨਿਰਬਲ ਹੈ ।

❖❖❖

# ਸ੍ਰੀ ਦਸਮ ਗ੍ਰੰਥ ਦਾ ਕਰਤ੍ਰਿਤਵ ਅਤੇ ਉਦੇਸ਼

ਦਸ਼ਮੇਸ਼ ਪਿਤਾ ਦੇ ਜੀਵਨ ਦੀ ਅੰਤਿਮ ਰਚਨਾ "ਜ਼ਫਰਨਾਮਾ", ਭਾਈ ਦਯਾ ਸਿੰਘ ਰਾਹੀਂ ਔਰੰਗਜ਼ੇਬ ਨੂੰ ਦੱਖਣ ਦੇ ਦੌਰੇ ਵੇਲੇ, ਅਹਿਮਦ ਨਗਰ ਵਿਚ ਮਿਲਿਆ। ਇਸ ਬਾਰੇ ਅੱਜ ਤੱਕ ਕਿਸੇ ਇਕ ਬੰਦੇ ਨੇ ਭੀ ਸ਼ੱਕ ਨਹੀਂ ਕੀਤਾ ਕਿ ਇਹ ਗੁਰੂ ਕ੍ਰਿਤ ਨਹੀਂ ਹੈ।

ਗੁਰੂ ਸਾਹਿਬ ਦੀ ਫਾਰਸੀ ਲਿਪੀ ਅਤੇ ਫਾਰਸੀ ਸ਼ਬਦਾਵਲੀ ਵਾਲੀ ਰਚਨਾ ਉਨ੍ਹਾਂ ਦੇ ਫਕੀਰੀ ਜਮਾਲ ਅਤੇ ਸ਼ਾਹੀ ਜਲਾਲ ਦਾ ਕਮਾਲ ਸੀ, ਜਿਸ ਨੇ ਔਰੰਗਜ਼ੇਬ ਦੇ ਕਪਟਤਾ ਭਰੇ ਮਨ ਦੇ ਕਿਵਾੜ ਖੋਲ ਕੇ ਸੱਚ ਦਾ ਐਸਾ ਝਲਕਾਰਾ ਮਾਰਿਆ ਕਿ ਆਲਮਗੀਰ ਬਾਦਸ਼ਾਹ ਧੁਰ ਅੰਦਰੋਂ ਹਿੱਲ ਗਿਆ ਅਤੇ ਨਾਨਕ ਪਰਸਤਾਂ ਨੂੰ ਆਜ਼ਾਦ ਫਿਰਨ ਦੇਣ ਬਾਰੇ ਸ਼ਾਹੀ ਫੁਰਮਾਨ ਜਾਰੀ ਕਰਨ ਤੇ ਮਜ਼ਬੂਰ ਹੋ ਗਿਆ।

ਨੀਲੇ ਦੇ ਸ਼ਾਹ ਸਵਾਰ ਅਤੇ ਕਲਮ ਦੇ ਧਨੀ ਕਲਗੀਆਂ ਵਾਲੇ ਨੇ ਕੀ ਸਾਰੀ ਜਿੰਦਗੀ ਵਿਚ ਕੇਵਲ ਇਹ ਇਕੋ ਰਚਨਾ ਕੀਤੀ ਹੋਵੇਗੀ, ਕੋਈ ਮੰਨੇਗਾ ? ਜਿਸ ਦੇ ਦਰਬਾਰ ਵਿਚ ਵੇਲੇ ਦੇ ਬਾਦਸ਼ਾਹਾਂ ਨਾਲੋਂ ਸਭ ਤੋਂ ਵੱਧ ਕਵੀ ਹੋਣ ਅਤੇ ਜਿਸ ਦੇ ਅਸਤਬਲ ਦੇ ਘੋੜਿਆਂ ਦੀ ਲਿਦ ਚੁੱਕਣ ਵਾਲੇ ਬੜੇ ਬੜੇ ਨਾਮਵਰ ਕਵੀਆਂ ਦਾ ਘੁਮੰਡ ਤੋੜਨ ਵਾਲੇ ਹੋਣ, ਜਿਸ ਨੇ ਕਈ ਸਾਲ ਲਗਾਤਾਰ ਜਮਨਾ ਦੇ ਕੰਢੇ ਤੇ ਕਵੀ ਦਰਬਾਰ ਲਗਾ ਕੇ ਕਵੀਆਂ ਕੋਲੋਂ ਕਵਿਤਾਵਾਂ ਸੁਣ ਕੇ ਉਨ੍ਹਾਂ ਦੀ ਦਰੁਸਤੀ ਕੀਤੀ ਹੋਵੇ, ਜਿਸ ਦੇ ਦਰਬਾਰ ਵਿਚ ਭਾਈ ਨੰਦ ਲਾਲ ਵਰਗੇ ਆਲਮ ਫਾਜ਼ਲ ਸ਼ਾਇਰ, ਅਤੇ ਅਨੇਕਾਂ ਬ੍ਰਿਜ ਭਾਸ਼ਾ ਦੇ ਕਵੀ ਹੋਣ, ਕੀ ਉਸ ਗੁਰੂ ਨੇ ਜੀਵਨ ਕਾਲ ਵਿਚ ਕੇਵਲ ਇਕੋ "ਜ਼ਫਰਨਾਮਾ" ਹੀ ਲਿਖਿਆ, ਇਹ ਕੌਣ ਮੰਨੇਗਾ ? ਨਿਸਚੇ ਹੀ ਦਸਮ ਗ੍ਰੰਥ ਦੇ ਨਾਮ ਦੀ ਸਾਰੀ ਰਚਨਾ ਗੁਰੂ ਕ੍ਰਿਤ ਹੈ। ਜਿਸ ਦਾ ਵਿਸ਼ਲੇਸ਼ਨ ਅਸੀਂ ਅੱਗੇ ਕਰਾਂਗੇ।

ਦਸਮ ਗ੍ਰੰਥ ਦੇ ਵਿਰੋਧੀਆਂ ਦਾ ਇਹ ਤਰਕ ਕਿ ਦਸ਼ਮੇਸ਼ ਜੀ ਦਾ ਜੰਗਾਂ ਜੁਧਾਂ ਵਾਲਾ, ਚੁਨੌਤੀਆਂ ਭਰਿਆ ਜੀਵਨ ਹੋਣ ਕਾਰਣ ਇੱਡੀ ਵੱਡੀ ਰਚਨਾ

ਨਹੀਂ ਕਰ ਸਕਦੇ ਅਗਿਆਨਤਾ ਭਰਿਆ ਹੈ । ਜੇ ਅੱਜ ਕੱਲ੍ਹ ਦੀਆਂ ਚੁਣੌਤੀਆਂ ਭਰੇ ਮਾਹੌਲ ਵਿਚ, ਅਟੱਲ ਬਿਹਾਰੀ ਬਾਜਪਾਈ ਕਵਿਤਾਵਾਂ ਲਿਖ ਸਕਦੇ ਹਨ; ਪੰਡਿਤ ਜਵਾਹਰ ਲਾਲ ਨਹਿਰੂ ਅਨੇਕਾਂ ਪੁਸਤਕਾਂ ਦੇ ਰਚੈਤਾ ਹੋ ਸਕਦੇ ਹਨ ਅਤੇ ਦੁਨੀਆਂ ਦੀ ਦੋ ਤਿਹਾਈ ਤੇ ਰਾਜ ਕਰਨ ਵਾਲੀ ਕੌਮ ਦੇ ਪ੍ਰਧਾਨ ਮੰਤਰੀ ਵਿਸੰਟਨ ਚਰਚਿਲ ਕਿਤਾਬਾਂ ਲਿਖ ਸਕਦੇ ਹਨ ਤਾਂ ਦਸ਼ਮੇਸ਼ ਪਿਤਾ ਕਿਉਂ ਨਹੀਂ ਲਿਖ ਸਕਦੇ ?

ਜੇ ਗ਼ੌਰ ਕੀਤਾ ਜਾਵੇ ਤਾਂ ਪੰਚਮ ਪਿਤਾ ਨੂੰ ਪਰਿਵਾਰਕ ਅਤੇ ਬ੍ਰਾਹਮਣੀ ਸਮਾਜ ਤੋਂ, ਘੱਟ ਚੁਣੌਤੀਆਂ ਦਾ ਸਾਹਮਣਾ ਕਰਨਾ ਨਹੀਂ ਪਿਆ ਸੀ । ਫਿਰ ਭੀ ਉਨ੍ਹਾਂ ਨੇ ਅਨੇਕਾਂ ਨਗਰ ਵਸਾਏ, ਸਰੋਵਰ ਬਣਾਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਛੋਟਾ ਕੰਮ ਨਹੀਂ ਕੀਤਾ, ਜਿਸ ਵਿਚ ਤਕਰੀਬਨ ਅੱਧੀ ਰਚਨਾ, ਉਨ੍ਹਾਂ ਦੀ ਆਪਣੀ ਹੈ । ਅਵਤਾਰੀ ਪੁਰਸ਼ਾਂ ਨੂੰ ਤੁਕ ਬੰਦੀ ਕਰਨ ਵਾਲੇ ਕਵੀਆਂ ਵਾਂਗ ਦਿਮਾਗ ਖਰੋਚ ਖਰੋਚ ਕੇ ਲਿਖਣਾ ਨਹੀਂ ਪੈਂਦਾ ਬਲਕਿ :–

***ਬਾਣੀ ਉਚਰਹਿ ਸਾਧ ਜਨ,***
***ਅਮਿਉ ਚਲਹਿ ਝਰਣੇ ॥*** (ਪੰਨਾ ੩੨੨)

ਅਨੁਸਾਰ, ਕਵਿਤਾ ਗੰਗਾ ਦੀ ਧਾਰਾ ਵਾਂਗ ਉਨ੍ਹਾਂ ਦੇ ਹਿਰਦੇ ਵਿਚੋਂ ਨਿਕਲਦੀ ਹੈ ।

***ਜੋਤਿ ਰੂਪੁ ਹਰਿ ਆਪਿ ਗੁਰੂ ਨਾਨਕੁ ਕਹਾਯਉ ॥***(ਪੰਨਾ ੧੪੦੮)
ਅਤੇ ***ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥***
(ਪੰਨਾ ੯੬੬)

ਅਨੁਸਾਰ ਗੁਰੂ ਨਾਨਕ ਦੀ ਗੱਦੀ ਦੇ ਦਸਵੇਂ ਵਾਰਿਸ ਤੇ ਇਹ ਤਰਕ ਅਗਿਆਨਤਾ ਹੀ ਨਹੀਂ, ਨੀਚ ਕਰਮੀ ਭੀ ਹੈ ।

ਕਲਗੀਧਰ ਪਿਤਾ ਦੇ ਜੀਵਨ ਤੇ ਪੰਛੀ ਝਾਤ ਪਾਇਆਂ ਪਤਾ ਚਲਦਾ ਹੈ ਕਿ :

(1) ਦਸੰਬਰ 1666 ਪੰਜ ਸਾਲ ਦੀ ਉਮਰ ਤੱਕ ਆਪ ਪਟਨਾ ਸਾਹਿਬ ਰਹੇ।

(2) 6 ਸਾਲ ਦੀ ਉਮਰ ਤੋਂ 18 ਸਾਲ ਤੱਕ, ਪੂਰੇ ਬਾਰਾਂ ਸਾਲ ਆਨੰਦਪੁਰ ਸਾਹਿਬ ਰਹੇ ।

(3) ਸੰਨ 1684 ਤੋਂ 1687 ਤੱਕ ਨਾਹਨ ਦੇ ਰਾਜੇ ਕੋਲ ਰਹੇ । ਇਥੇ ਆਪ ਨੇ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਅਤੇ ਸ੍ਰੀ ਨਗਰ ਦੇ ਰਾਜੇ ਫਤਹ ਸ਼ਾਹ ਦੀ ਸੁਲਾਹ ਕਰਵਾਈ । ਜਮਨਾ ਦੇ ਕੰਢੇ ਪਾਉਂਟਾ ਸਾਹਿਬ ਦਾ ਨਗਰ ਵਸਾਇਆ ਅਤੇ ਕਵੀ ਦਰਬਾਰ ਸਜਾਏ ।

(4) ਮਈ 1687 ਈ: ਨੂੰ ਭੰਗਾਣੀ ਦਾ ਯੁੱਧ ਹੋਇਆ । ਇਸ ਤਰ੍ਹਾਂ ਪਹਿਲਾ ਜੁੱਧ ਆਪ ਜੀ ਨੇ 21 ਸਾਲ ਦੀ ਉਮਰ ਵਿਚ ਕੀਤਾ ।

(5) 1687 ਵਿਚ ਅਨੰਦਪੁਰ ਆਉਣ ਤੋਂ ਪੂਰੇ ਦੋ ਸਾਲ ਪਿਛੋਂ 23 ਸਾਲ ਦੀ ਉਮਰ ਵਿਚ 1689 ਵਿਚ ਨਦੌਣ ਦਾ ਜੁੱਧ ਹੋਇਆ ।

(6) ਸੰਨ 1690 ਈ: ਵਿਚ ਹੁਸੈਨੀ ਜੁੱਧ ਹੋਇਆ । ਇਸ ਤਰ੍ਹਾਂ ਪਤਾ ਚਲਦਾ ਹੈ ਕਿ ਗੁਰਗੱਦੀ ਪ੍ਰਾਪਤ ਕਰਨ ਤੋਂ ਪਿਛੋਂ ਪੂਰੇ 15 ਸਾਲ ਦੇ ਸਮੇਂ ਵਿਚ ਆਪ ਨੂੰ ਕਿਸੇ ਬਹੁਤੀ ਬਿਪਤਾ ਦਾ ਸਾਹਮਣਾ ਨਹੀਂ ਕਰਨਾ ਪਿਆ । 1701 ਤੋਂ ਪਿਛੋਂ ਹੀ ਆਪ ਮੁਤਵਾਤਰ ਜੰਗਾਂ ਵਿਚ ਮਸਰੂਫ ਰਹੇ ।

ਦਸ਼ਮੇਸ਼ ਪਿਤਾ ਦੀ ਤੇਗ ਅਤੇ ਤੀਰਾਂ ਤੋਂ ਤੇਜ ਚੱਲਣ ਵਾਲੀ ਕਲਮ ਲਈ ਦਸਮ ਗ੍ਰੰਥ ਦੀ ਰਚਨਾ ਲਈ ਇਹ ਪੰਦਰਾਂ ਸਾਲ ਕੋਈ ਥੋੜਾ ਸਮਾਂ ਨਹੀਂ ਸੀ ।

ਸਾਰੇ ਭਰਮ ਭੁਲੇਖੇ ਦੂਰ ਕਰਨ ਲਈ ਦਸ਼ਮੇਸ਼ ਜੀ ਨੇ ਬਹੁਤ ਸਾਰੀਆਂ ਰਚਨਾਵਾਂ ਦੀ ਸਮਾਪਤੀ ਦੇ ਸੰਮਤ ਅਤੇ ਮਿਤੀਆਂ, ਰਚਨਾ ਸਥਾਨ ਸਮੇਤ ਆਪ ਹੀ ਵਰਨਣ ਕਰ ਦਿੱਤੇ ਹਨ ।

(ੳ) *ਸਤ੍ਰਹ ਸੈ ਚੁਤਾਵਲ ਮੈ ਸਾਵਨ ਸੁਦਿ ਬੁਧਵਾਰ ॥*
*ਨਗਰ ਪਾਂਵਟਾ ਮੋਂ ਤੁਮੋ ਰਚਿਯੋ ਗ੍ਰੰਥ ਸੁਧਾਰਿ ॥* ਪੰਨਾ ੬੮੩ ॥
(ਅ) *ਸਤ੍ਰਹ ਸੈਂ ਪੈਤਾਲ ਸੇ ਸਾਵਨ ਸੁਦਿ ਥਿਤਿ ਦੀਪ ॥*
*ਨਗਰ ਪਾਂਵਟਾ ਸ਼ੁਭ ਕਰਨ ਜਮੁਨਾ, ਬਹੈ ਸਮੀਪ ॥*
(ਕ੍ਰਿਸ਼ਨਾ ਅਵਤਾਰ)

(ੲ) *ਸੰਬਤ ਸੱਤ੍ਰ ਸਹਿਸ ਭਣਿਜੈ ॥*
*ਅਰਧ ਸਹਿਸ ਫੁਨਿ ਤੀਨ ਕਹਿਜੈ ॥*
*ਭਾਦਵ ਸੁਦੀ ਅਸ਼ਟਮੀ ਰਵਿ ਵਾਰਾ ॥*
*ਤੀਰ ਸਤੁਦ੍ਰਵ ਗ੍ਰੰਥ ਸੁਧਾਰਾ ॥* (ਚਰਿਤ੍ਰ ੪੦੫)

(ਸ) *ਸੰਮਤ ਸੱਤ੍ਰ ਸਹਸ ਪਚਾਵਨ ॥*
*ਹਾੜ ਵਦੀ ਪ੍ਰਿਥਮ ਸੁਖ ਦਾਵਨ ॥*
*ਨੇਤ੍ਰ ਤੁੰਗ ਕੇ ਚਰਨ ਤਰ ਸਤੁਦ੍ਰਵ ਤੀਰ ਤਰੰਗ ॥*
*ਸ੍ਰੀ ਭਗਵਤ ਪੂਰਨ ਕੀਯੋ ਰਘੁਬਰ ਕਥਾ ਪ੍ਰਸੰਗ ॥* (ਰਾਮਾ ਅਵਤਾਰ)

ਇਸ ਤਰ੍ਹਾਂ, ਬੜੀ ਸਹਿਜ ਅਵਸਥਾ ਵਿਚ ਇਹ ਸਾਰਾ ਗ੍ਰੰਥ ਤਿਆਰ ਹੋਇਆ । ਗੁਰੂ ਦਰਬਾਰੀ ਕਵੀਆਂ ਨੇ ਜੋ ਰਚਨਾਵਾਂ ਕੀਤੀਆਂ ਸਨ, ਹਾਲਾਤ ਨੂੰ ਵਿਗੜਦਿਆਂ ਦੇਖ ਕੇ ਉਨ੍ਹਾਂ ਨੂੰ ਪਹਿਲਾਂ ਹੀ ਆਨੰਦਪੁਰ ਸਾਹਿਬ ਤੋਂ ਬਹੁਤ ਵੱਡੇ ਸਨਮਾਨ ਦੇ ਕੇ ਵਿਦਾ ਕਰ ਦਿੱਤਾ ਸੀ, ਇਸ ਲਈ ਨਿਸਚੇ ਨਾਲ ਕਹਿ ਸਕਦੇ ਹਾਂ ਕਿ ਉਹ ਖਾਲੀ ਹੱਥ ਘਰਾਂ ਨੂੰ ਨਹੀਂ ਗਏ ਹੋਣਗੇ ਬਲਕਿ ਆਪਣੀਆਂ ਰਚਨਾਵਾਂ ਨਾਲ ਲੈ ਗਏ ਸਨ । ਜੋ ਦਸ਼ਮੇਸ਼ ਜੀ ਦੀ ਆਪਣੀ ਰਚਨਾ ਸੀ, ਉਹੀ ਆਨੰਦਪੁਰ ਸਾਹਿਬ ਉਨ੍ਹਾਂ ਕੋਲ ਸੀ। ਇਹ ਭੀ ਪੂਰੇ ਭਰੋਸੇ ਨਾਲ ਕਹਿਆ ਜਾ ਸਕਦਾ ਹੈ ਕਿ ਗੁਰੂ ਕੇ ਸਮਕਾਲੀ ਸਿੱਖਾਂ ਨੇ ਗੁਰੂ ਕ੍ਰਿਤ ਦੇ ਉਤਾਰੇ ਭੀ ਅਵੱਸ਼ ਹੀ ਕੀਤੇ ਸਨ ।

ਅਕਾਲ ਪੁਰਖ ਦੇ ਹੁਕਮ ਅੰਦਰ ਜਦ ਆਨੰਦਪੁਰ ਛੱਡਣਾ ਪਿਆ ਤਾਂ ਹੋਰ ਸਮਾਨ ਦੇ ਨਾਲ ਬਹੁਤ ਸਾਰਾ ਲਿਖਿਆ ਸਾਹਿਤ ਨਸ਼ਟ ਹੋ ਗਿਆ । ਪਰ ਕੁਝ ਕੁ ਸ਼ਰਧਾਵਾਨ ਸਿਖਾਂ ਦੇ ਕੀਤੇ ਉਤਾਰੇ ਅਤੇ ਕੁਝ ਕੁ ਗੁਰੂ ਸਾਹਿਬ ਦੇ ਆਪਣੇ ਦਸਤੇ ਮੁਬਾਰਕ ਨਾਲ ਲਿਖੇ ਪੰਨੇ ਬਚ ਭੀ ਗਏ, ਜੋ ਅੱਗੇ ਚੱਲ ਕੇ ਸਾਬਤ ਹੋ ਜਾਵੇਗਾ ।

ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਪਿਛੋਂ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਦਰਬਾਰ ਸਾਹਿਬ ਦੀ ਸੇਵਾ ਸੰਭਾਲ ਲਈ ਭੇਜਿਆ

ਨਾਲ ਹੀ ਦਸ਼ਮੇਸ਼ ਪਿਤਾ ਦੀ ਬਾਣੀ ਲੱਭ ਕੇ ਸੰਭਾਲਣ ਦੀ ਤਾਕੀਦ ਭੀ ਕੀਤੀ । ਭਾਈ ਸਾਹਿਬ ਨੇ ਮਾਤਾ ਜੀ ਨੂੰ ਜੋ ਚਿੱਠੀ ਲਿਖੀ ਉਸ ਤੋਂ ਪਤਾ ਚਲਦਾ ਹੈ ਕਿ ਉਨ੍ਹਾਂ ਨੇ ਦੋਨੋਂ ਕੰਮ ਪੂਰੀ ਤਨ ਦੇਹੀ ਨਾਲ ਸਿਰੇ ਚਾੜ੍ਹੇ ।

ਡਾਕਟਰ ਤ੍ਰਿਲੋਚਨ ਸਿੰਘ ਦੀ ਲਿਖਤ ਅਨੁਸਾਰ ਭਾਈ ਮਨੀ ਸਿੰਘ ਜੀ ਨੇ ਸ਼ਹੀਦ ਹੋਣ ਤੋਂ ਚਾਰ ਸਾਲ ਪਹਿਲਾਂ ਦਸਮ ਗ੍ਰੰਥ ਦੀ ਬੀੜ ਤਿਆਰ ਕਰਕੇ ਪੰਥ ਨੂੰ ਪੇਸ਼ ਕੀਤੀ । ਜਿਸ ਤੇ ਡੂੰਘੀ ਵੀਚਾਰ ਚਰਚਾ ਹੋਈ । ਕਈਆਂ ਦਾ ਕਹਿਣਾ ਸੀ ਕਿ ਗੁਰੂ ਸਾਹਿਬ ਦੀਆਂ ਆਤਮ ਉਪਦੇਸ਼ ਵਾਲੀਆਂ ਬਾਣੀਆਂ ਜਾਪ ਸਾਹਿਬ ਅਕਾਲ ਉਸਤਤਿ, ਹਜ਼ਾਰੇ ਦੇ ਸ਼ਬਦ ਅਤੇ 33 ਸਵੱਯੇ ਆਦਿ ਦੀ ਅਲੱਗ ਪੋਥੀ ਬਣੇ, ਹਿੰਦੂ ਮਿਥਿਹਾਸਕ ਗ੍ਰੰਥਾਂ ਦੇ ਉਲੱਥੇ ਅਤੇ ਚਰਿਤ੍ਰੋ ਪਖਯਾਨ ਆਦਿ ਅੱਡ ਅੱਡ ਪੋਥੀਆਂ ਵਿਚ ਰਖੀਆਂ ਜਾਣ। ਪਰ ਕਈਆਂ ਦਾ ਕਹਿਣਾ ਸੀ ਕਿ ਸਾਰੀਆਂ ਇਕੋ ਜਗਾ ਰਹਿਣ ।

ਮਹਾਨ ਕੋਸ਼ ਅਨੁਸਾਰ ਇਸ ਵਿਸ਼ੇ ਤੇ ਵੀਚਾਰ, ਭਾਈ ਸਾਹਿਬ ਦੀ ਸ਼ਹੀਦੀ ਪਿਛੋਂ ਪੰਥ ਨੇ ਦਮਦਮੇ ਸਾਹਿਬ ਕੀਤੀ । ਪਰ ਸਾਰੀਆਂ ਬਾਣੀਆਂ, ਜੋ ਹੁਣ ਪ੍ਰਚੱਲਤ ਦਸਮ ਗ੍ਰੰਥ ਵਿਚ ਹਨ, ਭਾਈ ਮਨੀ ਸਿੰਘ ਵਲੋਂ ਇਕੱਤ੍ਰ ਕਰ ਕੇ ਗ੍ਰੰਥ ਤਿਆਰ ਕਰਨ ਨੂੰ ਭਾਈ ਕਾਨ੍ਹ ਸਿੰਘ ਜੀ ਸਵੀਕਾਰਦੇ ਹਨ । ਇਥੇ ਇਹ ਦੱਸਣਾ ਭੀ ਉਚਿਤ ਹੈ ਕਿ ਇਨ੍ਹਾਂ ਕਿਰਤਾਂ ਨੂੰ ਅੱਡ ਅੱਡ ਪੋਥੀਆਂ ਦੀ ਸ਼ਕਲ ਵਿਚ ਰੱਖਿਆ ਜਾਵੇ ਜਾਂ ਇਕ ਗ੍ਰੰਥ ਵਿਚ ਰੱਖਿਆ ਜਾਵੇ । ਕੇਵਲ ਇਹੋ ਮੱਤਭੇਦ ਉਸ ਵੇਲੇ ਦੇ ਪੰਥਕ ਵਿਦਵਾਨਾਂ ਵਿਚ ਸੀ । ਪਰ ਇਨ੍ਹਾਂ ਦੇ ਕਰਤਾ ਬਾਰੇ ਕਿਸੇ ਇਕ ਸਿਖ ਨੂੰ ਭੀ ਸ਼ੰਕਾ ਨਹੀਂ ਸੀ । ਜਦ ਕਿ ਹੁਣ ਇਹ ਕੁਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਆਦਿ ਕਾਲ ਤੋਂ ਇਸ ਗ੍ਰੰਥ ਬਾਰੇ ਪੰਥ ਵਿਚ ਮੱਤਭੇਦ ਸੀ ।

ਭਾਈ ਮਨੀ ਸਿੰਘ ਜੀ ਵੱਲੋਂ ਤਿਆਰ ਕੀਤੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਜੋ ਪੰਚਮ ਪਿਤਾ ਦੀ ਬਣਾਈ ਤਰਤੀਬ ਤੋਂ ਵੱਖਰੀ, ਰਾਗਾਂ ਅਨੁਸਾਰ ਨਾ ਹੋ ਕੇ ਗੁਰੂ ਸਾਹਿਬਾਂ ਦੇ ਮਹੱਲੇ ਦੀ ਤਰਤੀਬ ਅਨੁਸਾਰ ਸੀ ਅਤੇ ਜਿਸ ਨੂੰ ਪੰਥ ਨੇ ਪ੍ਰਵਾਨ ਨਹੀਂ ਕੀਤਾ ਸੀ ਉਸ ਦਾ ਛਲਾਵਾ ਦੇ ਕਿ ਹੁਣ

ਪ੍ਰਚਾਰ ਹੋ ਰਿਹਾ ਹੈ ਕਿ ਭਾਈ ਮਨੀ ਸਿੰਘ ਵਲੋਂ ਇਕੱਤ੍ਰ ਕੀਤੀ, ਦਸਮ ਗ੍ਰੰਥ ਦੀ ਬਾਣੀ ਨੂੰ ਪੰਥ ਨੇ ਪ੍ਰਵਾਨ ਨਹੀਂ ਕੀਤਾ, ਸਰਾਸਰ ਕੁਫਰ ਹੈ । ਪੰਥ ਵੱਲੋਂ ਅਪ੍ਰਵਾਨਤ ਆਦਿ ਬੀੜ ਹੁਣ ਲੱਭੀ ਗਈ ਹੈ ਜੋ ਕਿ ਡਾਕਟਰ ਗੁਰਚਰਨ ਸਿੰਘ ਜੀ ਰਿ. ਮੁਖੀ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ ਕੋਲ ਕੰਪਿਊਟਰ ਵਿਚ ਮਹਿਫੂਜ਼ ਹੈ ।

ਭਾਈ ਮਨੀ ਸਿੰਘ ਜੀ ਵਲੋਂ ਤਿਆਰ ਕੀਤੀ ਦਸਮ ਗ੍ਰੰਥ ਦੀ ਬੀੜ ਵਿਚ, ਗੁਰੂ ਸਾਹਿਬ ਦੇ ਆਪਣੀ ਕਲਮ ਨਾਲ ਲਿਖੇ ਕਲਕੀ ਅਵਤਾਰ ਵਿਚੋਂ, ਇਕ ਪੰਨੇ ਦੀ ਫੋਟੋ ਮਹਾਨ ਕੋਸ਼ ਦੇ ਪੰਨਾ 419 ਤੇ ਭਾਈ ਕਾਨ੍ਹ ਸਿੰਘ ਜੀ ਨੇ ਦਿੱਤੀ ਹੈ । ਪਾਠਕਾਂ ਦੀ ਗਿਆਤ ਲਈ ਭਾਈ ਸਾਹਿਬ ਨੇ ਇਸ ਦੀ ਭਰਪੂਰ ਜਾਣਕਾਰੀ ਤੋਂ ਇਲਾਵਾ ਅਰਥ ਭੀ ਕੀਤੇ ਹਨ ਜਿਸ ਦੀ ਫੋਟੋ ਨਾਲ ਲਗਾਈ ਜਾ ਰਹੀ ਹੈ ।

ਜਿਸ ਤਰ੍ਹਾਂ ਸਭ ਨੂੰ ਪਤਾ ਹੈ ਕਿ ਮੱਸਾ ਰੰਘੜ ਦੀ ਘਟਨਾ ਪਿਛੋਂ ਸਾਰੇ ਪੰਥ ਨੇ ਸਰਬ ਸੰਮਤੀ ਨਾਲ ਦਸਮ ਗ੍ਰੰਥ ਦੀਆਂ ਸਾਰੀਆਂ ਨੂੰ ਬਾਣੀਆਂ ਭਾਈ ਮਨੀ ਸਿੰਘ ਜੀ ਦੇ ਬਣਾਏ ਤਤਕਰੇ ਅਨੁਸਾਰ ਇਕ ਜਿਲਦ ਵਿਚ ਰਖਣਾ ਪ੍ਰਵਾਨ ਕਰ ਲਿਆ ।

ਡਾਕਟਰ ਤ੍ਰਿਲੋਚਨ ਸਿੰਘ ਜੀ ਅਨੁਸਾਰ ਭਾਈ ਮਨੀ ਸਿੰਘ ਤੋਂ ਇਲਾਵਾ ਹੋਰ ਭੀ ਕਈ ਗੁਰਸਿੱਖਾਂ ਨੇ ਆਪਣੇ ਉੱਦਮ ਨਾਲ ਇਸ ਗ੍ਰੰਥ ਦੀਆਂ ਬੀੜਾਂ ਤਿਆਰ ਕੀਤੀਆਂ ਜਾਂ ਭਾਈ ਮਨੀ ਸਿੰਘ ਜੀ ਤੋਂ ਤਿਆਰ ਕੀਤੇ ਗ੍ਰੰਥ ਦੇ ਉਤਾਰੇ ਕੀਤੇ ।

ਇਨ੍ਹਾਂ ਵਿਚੋਂ ਮੁਖੀ ਨਾਮ, ਬਾਬਾ ਗੁਰਬਖਸ਼ ਸਿੰਘ, ਸੁਖਾ ਸਿੰਘ ਅਤੇ ਬਾਬਾ ਬਿਨੋਦ ਸਿੰਘ ਜੀ ਦੇ ਹਨ । ਬਾਬਾ ਬਿਨੋਦ ਸਿੰਘ ਜੀ ਗੁਰੂ ਅੰਗਦ ਦੇਵ ਮਹਾਰਾਜ ਦੇ ਪੜਪੋਤੇ ਅਤੇ ਦਸ਼ਮੇਸ਼ ਪਿਤਾ ਦੇ ਹਜ਼ੂਰੀ ਸਿੰਘ ਸਨ, ਜਿਨ੍ਹਾਂ ਨੂੰ ਮਹਾਰਾਜ ਨੇ ਬੰਦੇ ਬਹਾਦਰ ਨਾਲ ਪੰਜ ਪਿਆਰਿਆਂ 'ਚੋਂ ਇਕ ਪਿਆਰਾ ਥਾਪ ਕੇ ਪੰਜਾਬ ਭੇਜਿਆ ਸੀ । ਬਾਬਾ ਬਿਨੋਦ ਸਿੰਘ ਦਾ ਲਿਖਿਆ ਦਸਮ ਗ੍ਰੰਥ ਅੱਜ ਕੱਲ੍ਹ ਮਹਾਰਾਜਾ ਪਟਿਆਲਾ ਦੇ ਨਿੱਜੀ ਦੇਖ-ਰੇਖ ਹੇਠ ਹੈ । ਡਾਕਟਰ ਤ੍ਰਿਲੋਚਨ

ਸਿੰਘ ਜੀ ਨੇ ਇਸ ਦਾ ਡੂੰਘਾ ਅਧਿਐਨ ਕੀਤਾ ਹੈ ਅਤੇ ਦੇਖਿਆ ਹੈ ਕਿ ਇਸ ਵਿਚ 28 ਪੰਨੇ ਦਸ਼ਮੇਸ਼ ਜੀ ਦੇ ਆਪਣੇ ਕਰ ਕਮਲਾਂ ਦੇ ਲਿਖੇ ਹੋਏ ਲੱਗੇ ਹੋਏ ਹਨ । ਇਨ੍ਹਾਂ ਵਿਚੋਂ ਇਕ ਪੰਨੇ ਦਾ ਫੋਟੋ ਅਸੀਂ ਅੰਤਿਕੇ ਵਿਚ ਦੇ ਰਹੇ ਹਾਂ ।

ਇਸੇ ਤਰ੍ਹਾਂ ਬਾਬਾ ਦੀਪ ਸਿੰਘ ਜੀ ਦੀ ਹਥ ਲਿਖਤ ਨਿਤਨੇਮ ਦੀ ਪੋਥੀ ਬਠਿੰਡਾ ਦੇ ਪਿੰਡ ਤਿਉਣਾ ਪੁਜਾਰੀਆਂ ਤੋਂ ਪ੍ਰਾਪਤ ਹੋਈ ਹੈ । ਇਸ ਵਿਚ ਆਦਿ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਵਿਚੋਂ, ਦੋਨਾਂ ਗ੍ਰੰਥਾਂ ਵਿਚ ਦੀਆਂ ਬਾਣੀਆਂ ਹਨ । ਨਾਲ ਹੀ ਇਥੋਂ ਬਾਬਾ ਦੀਪ ਸਿੰਘ ਜੀ ਦੇ ਉਤਰ ਅਧਿਕਾਰੀ ਬਾਬਾ ਮਿਤ ਸਿੰਘ ਦੀ ਹੱਥ ਲਿਖਤ ਦਸਮ ਗ੍ਰੰਥ ਦੀ ਬੀੜ ਪ੍ਰਾਪਤ ਹੋਈ ਹੈ । ਇਹ ਸਭ ਡਾ. ਗੁਰਚਰਨ ਸਿੰਘ ਜੀ ਕੋਲ ਹਨ ।

ਹੁਣ ਅਸੀਂ ਉਪਰਲੀ ਕੀਤੀ ਚਰਚਾ ਦੀ ਪ੍ਰੋੜਤਾ ਲਈ ਇਤਿਹਾਸਕ ਪ੍ਰਮਾਨ ਪਾਠਕਾਂ ਲਈ ਭੇਟ ਕਰਦੇ ਹਾਂ ।

ਦਸ਼ਮੇਸ ਜੀ ਦੇ ਸਮਕਾਲੀ, ਭਾਈ ਦੇਸਾ ਸਿੰਘ ਆਪਣੇ ਲਿਖੇ ਰਹਿਤਨਾਮੇ ਵਿਚ ਕਲਗੀਧਰ ਮਹਾਰਾਜ ਦੇ ਬਚਨ ਇਸ ਤਰ੍ਹਾਂ ਲਿਖਦੇ ਹਨ :

*ਸੁਨਹੁ ਸਿੰਘ ਇਕ ਬਚਨ ਹਮਾਰਾ ।*
*ਪ੍ਰਥਮੈ ਹਮ ਨੇ ਜਾਪ ਉਚਾਰਾ ।। ੨੩੩ ।।*
*ਪੁਨ ਅਕਾਲ ਉਸਤਤਿ ਜੋ ਕਹੀ । ਬੇਦ ਸਮਾਨ ਪਾਠ ਜੇ ਅਹੀ ।*
*ਪੁਨ ਬਚਿਤ੍ਰ ਨਾਟਕ ਬਨਵਾਯੋ । ਸੋਢਿ ਬੰਸ ਜਹ ਕਥਾ ਸੁਹਾਯੋ ।।੧੩੪।।*
*ਪੁਨ ਦੋ ਚੰਡੀ ਚਰਿਤ੍ਰ ਬਨਾਏ । ਅੰਤਰ ਕੇ ਸਬ ਕਬਿ ਮਨ ਭਾਏ ।*
*ਗਯਾਨ ਪ੍ਰਬੋਧ ਬੋਧ ਹਮ ਕਹਾ । ਜਸ ਪਾਠ ਕਰ ਹਰਿ ਪਦ ਲਹਾ ।। ੧੩੪।।*
*ਪੁਨ ਚੋਬੀਸ ਅਵਤਾਰ ਕਹਾਨੀ । ਬਰਨਨ ਕਰਾ ਸਮਝ ਸਭ ਗਯਾਨੀ ।*
*ਦਤਾ ਤ੍ਰੇਯ ਕੇ ਗੁਰੂ ਸੁਕਾਏ । ਪੁਨ ਬਚਿਤ੍ਰ ਪਖਯਾਨ ਬਨਾਏ ।। ੧੩੬ ।।*
*ਤਿਨ ਕੇ ਭੀ ਇਕ ਗ੍ਰੰਥ ਵਖਾਨਾ । ਪੜ੍ਹੈ ਮੂੜ੍ਹ ਸੋ ਹੋਇ ਸਯਾਨਾ ।।*
*ਸ਼ਬਦ ਹਜ਼ਾਰੇ ਕੇ ਸੁਖਦਾਈ । ਸਬੈ ਨ੍ਰਿਪਨ ਕੀ ਕਥਾ ਸੁਨਾਈ ।। ੧੩੭ ।।*
*ਸੋ ਮੈਂ ਹਿਤ ਕਰ ਬਰਨ ਸਵਾਰੀ । ਪੁਨ ਕਹ ਰਹੰਤ ਨ ਕਹੂੰ ਉਚਾਰੀ ।*

*ਚਾਰ ਸੌ ਚਾਰ ਚਰਿਤ੍ਰ ਬਨਾਏ । ਜਹਾਂ ਜੁਵਤਿਨ ਕੇ ਛਲ ਦਿਖਲਾਏ ॥*
*॥੧੩੮ ॥*

('ਰਹਿਤਨਾਮੇ' ਕ੍ਰਿਤ ਪਿਆਰਾ ਸਿੰਘ ਪਦਮ ਪ੍ਰਕਾਸ਼ਕ, ਭਾਈ ਚਤਰ ਸਿੰਘ ਜੀਵਨ ਸਿੰਘ ਪੰਨਾ 156-57)

ਦਸ਼ਮੇਸ਼ ਜੀ ਦੇ ਜੋਤੀ ਜੋਤਿ ਸਮਾਉਣ ਦੇ ਤਕਰੀਬਨ 56 ਸਾਲ ਪਿਛੋਂ ਕੇਸਰ ਸਿੰਘ ਛਿਬਰ (ਦੋਹਤਾ ਭਾਈ ਮਤੀਦਾਸ) ਆਪਣੇ ਲਿਖੇ "ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ" ਵਿਚ ਲਿਖਦਾ ਹੈ :

*ਸੰਮਤ ਸਤਾਰਾਂ ਸੌ ਪਚਵੰਜਾ ਸਿਖਾਂ ਸਾਹਿਬ*
*ਅਗੇ ਬਿਨਤੀ ਕੀਤੀ, ਗਰੀਬ ਨਿਵਾਜ ਜੇ ਬਚਨ ਹੋਵੇ*
*ਤਾਂ ਦੋਹਾਂ ਗ੍ਰੰਥਾਂ ਦੀ ਜਿਲਦ ਇਕ ਚਾਹੀਐ ਕਰ ਲੀਤੀ ।*
*ਸਾਹਿਬ ਬਚਨ ਕੀਤਾ ਏਹਿ ਆਦਿ ਗੁਰੂ ਹੈ ਗ੍ਰੰਥ ।*
*ਓਹ ਅਸਾਡੀ ਖੇਡ ਹੈ, ਜੁਦਾ ਰਹੇ ਮਨ ਮੰਥ ॥੩੯੯ ॥*

"ਗੁਰੂ ਕੀਆਂ ਸਾਖੀਆਂ" ਕ੍ਰਿਤ ਭਾਈ ਸਰੂਪ ਸਿੰਘ ਕੌਸ਼ਿਕ ਜਿਸ ਨੂੰ ਪ੍ਰਸਿੱਧ ਵਿਦਵਾਨ ਪਿਆਰਾ ਸਿੰਘ ਪਦਮ ਜੀ ਨੇ ਸੰਪਾਦਿਤ ਕੀਤਾ ਹੈ, ਅਤੇ ਸਿੰਘ ਬ੍ਰਦਰਜ਼ ਨੇ ਪੰਜਵੀਂ ਵਾਰ ਜਨਵਰੀ 2●●3 ਵਿਚ ਪ੍ਰਕਾਸ਼ਤ ਕੀਤਾ ਹੈ, ਵਿਚ ਦਸਮ ਗ੍ਰੰਥ ਬਾਰੇ ਇੰਜ ਵਰਨਣ ਹੈ :

(1) ਸੰਮਤ ੧੭੪੧ ਵਿਚ ਸ੍ਰੀ ਕ੍ਰਿਸ਼ਨ ਅਸ਼ਟਮੀ ਤੇ 'ਸ੍ਰੀ ਕ੍ਰਿਸ਼ਨਾ ਅਵਤਾਰ' ਕਾ ਪ੍ਰਾਰੰਭ ਕੀਆ ।

*ਅਬ ਬਰਨੋ ਕ੍ਰਿਸ਼ਨਾ ਅਵਤਾਰੂ । ਜੈਸ ਭਾਂਤ ਬਪੁ ਧਰਾ ਮੁਰਾਰੂ ।*
*ਪਰਮ ਪਾਪ ਤੇ ਭੂਮਿ ਡਰਾਨੀ । ਡਗਮਗਾਤ ਬਿਧ ਤੀਰ ਸਿਧਾਨੀ ।*
*ਅਕਾਲ ਪੁਰਖ ਕੇ ਬਚਨ ਤੇ ਸੰਤਨ ਹੇਤ ਸਹਾਇ ।*
*ਮਥਰਾ ਮੰਡਲ ਕੈ ਬਿਖੈ ਜਨਮ ਧਰੋ ਹਰਿ ਜਾਇ ।*
*ਜੈ ਜੈ ਕ੍ਰਿਸ਼ਨ ਚਰਿਤਰ ਦਿਖਾਏ । ਦਸਮ* ਬੀਚ ਸਭ ਭਾਖ ਬਨਾਏ ।*

(*ਭਾਗਵਤ ਪੁਰਾਨ ਦਸਵਾਂ ਸਕੰਧ)

*ਗਿਆਰਾਂ ਸਹਿਸ ਛਿਆਸੀ ਛੰਦਾ । ਕਹੇ ਦਸਮ ਪੁਰ ਬੈਠ ਆਨੰਦਾ ।*

(ਕ੍ਰਿਸ਼ਨਾਵਤਾਰ)

ਜਿਸ ਦੀ ਸਮਾਪਤੀ ਪਾਂਵਟੇ ਨਗਰ ਸਾਲ ਸਤਾਰਾਂ ਸੌ ਪੱਤਾਲੀਸ ਸਾਵਨ ਸੁਦੀ ਸੱਤੇ ਮੰਗਲਵਾਰ ਕੇ ਦਿਵਸੀ ਜਮਨਾ ਨਦੀ ਦੇ ਕੰਢੇ ਤੇ ਹੋਈ ।

*ਸਤਾਰਾਂ ਸੈ ਪੰਤਾਲ ਮੈ ਸਾਵਨ ਸੁਦਿ ਤਿਥ ਦੀਪ ।*
*ਨਗਰ ਪਾਵਟਾ ਸੁਭ ਕਰਨ ਜਮਨਾ ਬਹੈ ਸਮੀਪ ।*

(ਕ੍ਰਿਸ਼ਨਾਵਤਾਰ) ਪੰਨਾ ਕਿਤਾਬ 93

(2) ਗੁਰੂ ਜੀ ਨੇ ਰਾਜਾ ਫਤੇਸ਼ਾਹ ਕੇ ਗੈਲ ਜੁਧ ਕਰਨੇ ਕੀ ਤਿਆਰੀ ਕਰਨੀ ਆਰੰਭ ਕਰ ਦਈ । ਲਾਗੇ ਦਰਬਾਰ ਮੇ ਇੰਜ ਬਚਨ ਕੀਆ :

*ਧੰਨ ਜੀਓ ਤਿਹ ਕੁ ਜਗ ਮੇਂ ਮੁਖ ਤੇ ਹਰਿ ਚਿੱਤ ਮਹਿ ਜੁਧ ਬਿਚਾਰੈ ।*
*ਦੇਹ ਅਨਿਤ ਨ ਨਿਤ ਰਹੈ ਜਸ ਨਾਵ ਚੜ੍ਹੈ ਭਵ ਸਾਗਰ ਤਾਰੈ ।*
*ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉਂ ਉਜੀਆਰੈ ।*
*ਗਿਆਨਹਿ ਕੀ ਬਢਨੀ ਮਨੋ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ ।*

(ਕ੍ਰਿਸ਼ਨਾ ਅਵਤਾਰ) ਪੰਨਾ ਕਿਤਾਬ 93

(3) ਸਾਖੀ (55) ਸ਼ਹਿਜ਼ਾਦੇ ਮੁਅੱਜ਼ਮ ਕੀ ਪੰਜਾਬ ਆਨੇ ਕੀ ਚਲੀ :

ਸ਼ਹਿਜ਼ਾਦਾ ਮੁਹੰਮਦ ਮੁਅੱਜ਼ਮ ਆਗਰਾ ਸੇ ਮਦਰ ਦੇਸ ਕੀ ਤਰਫ ਚੜ੍ਹ ਕੇ ਆਇਆ । ਆਨੰਦ ਪੁਰ ਮੇ ਇਨ ਕਾ ਆਨਾ ਸੁਨ ਕਰ ਮਨਚਲੇ ਸਿਖ ਗੁਰੂ ਜੀ ਕਾ ਸਾਥ ਛੋਰ ਉਪਰ ਪਰਬਤ ਮੇਂ ਚਲੇ ਗਏ । ਸਤਿਗੁਰਾਂ ਇਸ ਸਮੇਂ ਸਤਾਰਾਂ ਸੈ ਅਠਤਾਲੀ ਸੇ ਪਰਾਰੰਭ ਕੀਆ ਗ੍ਰੰਥ “ਚਰਿਤਰੋ ਪਖਯਾਨ” ਸਤਾਰਾਂ ਸੈ ਤਿਰਵੰਜਾ ਸੇ ਭਾਦਵ ਸੁਦੀ ਅੱਠੇ ਕੇ ਦਿਹੁੰ ਸੰਪੂਰਨ ਕੀਆ । ਦੁਸ਼ਟਾਂ ਵੱਲੋਂ ਉਠਾਏ ਜਾ ਰਹੇ ਉਤਪਾਦ ਮੇ ਰੱਖਿਆ ਸ੍ਰੀ ਅਸਿਧੁਜ ਆਗੇ ਇੰਜ ਜੋਦੜੀ ਕੀ:

*ਹਮਰੀ ਕਰੋ ਹਾਥ ਦੈ ਰੱਛਾ । ਪੂਰਨ ਹੋਇ ਚਿੱਤ ਕੀ ਇੱਛਾ ।*
*ਤਵ ਚਰਨਨ ਮਨ ਰਹੈ ਹਮਾਰਾ । ਆਪਨਾ ਜਾਨ ਕਰੋ ਪ੍ਰਿਤਪਾਰਾ ।।੧।।*

*ਹਮਰੈ ਦੁਸ਼ਟ ਸਭੈ ਤੁਮ ਘਾਵਹੁ । ਆਪ ਹਾਥ ਦੈ ਮੋਹਿ ਬਚਾਵਹੁ ।*
*ਸੁਖੀ ਬਸੈ ਮੋਰੋ ਪਰਿਵਾਰਾ । ਸੇਵਕ ਸਿੱਖ ਸਭੈ ਕਰਤਾਰਾ ।।੨।।*
*ਮੋ ਰੱਛਾ ਨਿਜ ਕਰ ਦੇ ਕਰੀਐ । ਸਭ ਬੈਰਨ ਕੋ ਅਜ ਸੰਘਰੀਐ ।*

(ਚ੍ਰਿਤ੍ਰੋ ਪਾਖਯਾਨ) ਕਿਤਾਬ ਪੰਨਾ 115

ਇਸੇ ਸਾਖੀ ਵਿਚ ਅੱਗੇ ਲਿਖਿਆ ਹੈ :

"ਓਧਰ ਦਿੱਲੀ ਦਰਬਾਰ ਸੇ ਚਾਰ ਐਹਦੀਏ ਔਰ ਆਗੇ ਪੀਛੇ ਆਨੰਦਪੁਰ ਕੇ ਪਰਬਤੀ ਰਾਜਯੋਂ ਕੀ ਤਰਫ ਭੇਜੇ ਗਏ। ਇਨ੍ਹੇ ਵੀ ਮਦਰ ਦੇਸ਼ ਜਾਇ ਮਿਰਜ਼ਾ ਬੇਗ ਕੇ ਲਿਖੇ ਕੀ ਪ੍ਰੋੜ੍ਹਤਾ ਕੀ, ਜਿਸ ਤੇ ਦਿੱਲੀ ਦਰਬਾਰ ਤੇ ਬਾਦਸ਼ਾਹ ਔਰੰਗਜ਼ੇਬ ਕੋ ਯਕੀਨ ਹੋਇ ਗਿਆ ।

ਸਤਿਗੁਰਾਂ ਇਸ ਝਗੜੇ ਕੇ ਖਾਤਮੇ ਪਰ ਅਪਨੀ ਕਥਾ ਮੇਂ ਇੰਜ ਲਿਖਾ ਹੈ :

*ਬਾਬੇ ਕੇ ਬਾਬਰ ਕੇ ਦੋਊ । ਕੀਏ ਆਪ ਪਰਮੇਸੁਰ ਸੋਊ ।*
*ਦੀਨ ਸਾਹ ਇਨ ਕੋ ਪਹਿਚਾਨੋ । ਦੁਨੀਪਤਿ ਉਨ ਕੋ ਅਨਮਾਨੋ ।*
*ਜੋ ਬਾਬੇ ਕੇ ਦਾਮ ਨ ਦੈ ਹੈ । ਤਿਨ ਤੇ ਗਹਿ ਬਾਬਰ ਕੇ ਲੈ ਹੈਂ ।*

(ਬਚਿਤ੍ਰ ਨਾਟਕ) ਪੰਨਾ ਕਿਤਾਬ 116

(4) ਸਾਖੀ (56) ਸਾਖੀ ਪਾਂਚ ਸਿਖੋਂ ਕੇ ਮੀਏਂ ਕੇ ਮੋੜ ਜਾਨੇ ਕੀ ਚਾਲੀ । "ਸੰਮਤ ਬਤੀਤ ਹੋ ਜਾਨੇ ਉਪਰੰਤ ਚੜ੍ਹਦੇ ਸਾਲ ੧੭੫੪ ਕੀ ਵੈਸਾਖੀ ਕੇ ਸ਼ੁਭ ਦਿਵਸ ਤੇ ਭਾਈ ਚਉਪਤਿ ਰਾਇ ਨੇ ਬੇਨਤੀ ਕੀਤੀ ਜੀ ਸੱਚੇ ਪਾਤਸ਼ਾਹ ! ਮੈਂ ਰੋਜ਼ਾਨਾ ਅਕਾਲ ਉਸਤਤਿ ਕਾ ਪਾਠ ਕੀਆ ਕਰਤਾ ਹਾਂ, ਆਪ ਇਨ ਤੁਕਾਂ ਕਾ ਭਾਵ ਅਰਥ ਸਮਝਾਈਏ :

*ਏਕ ਸਮੇ ਸ੍ਰੀ ਆਤਮਾ ਉਚਰਿਯੋ ਮਤਿ ਸਿਉ ਬੈਨ ।*
*ਸਭ ਪ੍ਰਤਾਪ ਜਗਦੀਸ ਕੋ ਕਹੋ ਸਗਲ ਬਿਧ ਤੈਨ ।।੨੦।।*

ਸਤਿਗੁਰਾਂ ਨੈਨ ਉਘਾਰ ਚਉਪਤ ਰਾਇ ਕੀ ਤਰਫ ਦੇਖਾ, ਕਹਾ ਕਿ ਪ੍ਰਸ਼ਨ ਤੇਰਾ ਠੀਕ ਹੈ, ਅਸਾਂ ਇਸ ਕੀ ਪੂਰਤੀ ਲਈ ਬਚਿਤ੍ਰ ਨਾਟਕ ਗ੍ਰੰਥ ਲਿਖਾ ਹੈ ਜਿਸ ਦਾ ਪ੍ਰਾਰੰਭ ਇਸ ਤੁਕ ਸੇ ਹੋਤਾ ਹੈ :

*ਨਮਸਕਾਰ ਸ੍ਰੀ ਖੜਗ ਕੋ ਕਰੋਂ ਸੋ ਹਿਤ ਚਿਤ ਲਾਇ ।*

*ਪੂਰਨ ਕਰੋ ਗ੍ਰੰਥ ਇਹ ਤੁਮ ਮੁਹਿ ਕਰੋ ਸਹਾਇ ॥੨॥* (ਪੰਨਾ ੧੧੬-੧੭)

(5) ਸਾਖੀ ਨੰ: 63 ਦੇ ਆਖੀਰ ਵਿਚ ਲਿਖਿਆ ਹੈ :

ਇਸੀ ਵਰਖ ਸਾਲ ਸਤਾਰਾਂ ਸੋ ਉਨਤਾਲੀ ਕਾ ਛੋਹਿਆ ਗ੍ਰੰਥ "ਬਚਿਤ੍ਰ ਨਾਟਕ" ਸੰਮਤ ਸਤਾਰਾਂ ਸੋ ਪਚਾਵਨ ਹਾੜ ਬਦੀ ਏਕਮ ਕੇ ਦਿਹੁੰ ਸੰਪੂਰਨ ਹੂਆ, ਸਮਾਪਤੀ ਤੇ ਸਤਿਗੁਰਾਂ ਉਚਾਰਨ ਕੀਆ :

*ਸੰਮਤ ਸਤਾਰਾਂ ਸਹਸ ਪਚਾਵਨ ।*
*ਹਾੜ ਬਦੀ ਪ੍ਰਿਥਮੈ ਸੁਖ ਦਾਵਨ ।*
*ਤਵ ਪ੍ਰਸਾਦਿ ਗ੍ਰੰਥ ਸੁਧਾਰਾ ।*
*ਭੂਲ ਪਰੀ ਕਵਿ ਲੇਹੁ ਸੁਧਾਰਾ ।*(ਬਚਿਤ੍ਰ ਨਾਟਕ)

ਇਸ ਤਰ੍ਹਾਂ ਇਸ ਗ੍ਰੰਥ ਕੀ ਸਮਾਪਤੀ ਤੇ ਧਰਮ ਜੁੱਧ ਕੀਆਂ ਤਿਆਰੀਆਂ ਆਰੰਭ ਹੋਈਆਂ । (ਪੰਨਾ 129)

ਦਸ਼ਮੇਸ਼ ਪਿਤਾ ਦੇ ਅਨਿੰਨ ਸਿਖ, ਜਿਸ ਨੂੰ ਗੁਰੂ ਸਾਹਿਬ ਨੇ ਚਮਕੌਰ ਦੀ ਗੜ੍ਹੀ ਵਿਚ ਆਪਣੀ ਪੌਸ਼ਾਕ ਪਹਿਨਾ ਕੇ ਜੀਂਦੇ ਜੀ ਦੁਸ਼ਮਨ ਦੇ ਹੱਥ ਨਾ ਆਉਣ ਦੀ ਤਕੀਦ ਕਰ ਕੇ ਆਪ ਗੜ੍ਹੀ ਵਿਚੋਂ ਨਿੱਕਲ ਗਏ, ਉਹ ਭਾਈ ਜੈਤਾ (ਜੀਵਨ ਸਿੰਘ) ਆਪਣੀ ਰਚਨਾ ਵਿਚ ਇੰਜ ਲਿਖਦਾ ਹੈ ।

*ਕੇਤੇ ਦਿਨ ਦਮਦਮਹਿ ਬੈਠਿ ਕੈ, ਸਤਿਗੁਰ ਚਿੰਤਨ ਚੀਤ ਲਗਾਯੋ ।*
*ਤਿਹ ਕਿਛ ਘਿਰਤ ਕਨਾਤ ਕੁਸਾ ਕਉ, ਏਕਠਿ ਕਰ ਕੇ ਅਗਨ ਜਲਾਯੋ ।*
*ਅਗਨਿ ਸਿਖਾ ਅਤਿ ਊਚ ਭਈ, ਤਉ ਮਿਆਨ ਬਿਨਾ ਗੁਰ ਤੇਗ ਲਹਿਰਾਯੋ ।*
*ਚਲਤ ਭਏ ਦਮਦਮਹਿ ਤੇ, ਤਬ ਹੀ ਜੈ ਤੇਗੰ ਜੈ ਤੇਗੰ ਗਾਯੋ ।(ਪੰਨਾ ੫੪)*

(ਬਚਿਤ੍ਰ ਨਾਟਕ ਦਾ ਪਹਿਲਾ ਸਵੱਯਾ ) (ਭਾਈ ਜੈਤਾ ਜੀ ਜੀਵਨ ਤੇ ਰਚਨਾ ਕ੍ਰਿਤ ਡਾ. ਗੁਰਮੁਖ ਸਿੰਘ ਪੰਨਾ ੬੫)

ਖੰਡਾ ਪਾਹੁਲ ਵੇਲੇ ਅੰਮ੍ਰਿਤਾ ਦਾ ਬਾਟਾ ਤਿਆਰ ਕਰਨ ਦੀ ਵਿਧੀ ਬਾਰੇ ਭਾਈ ਜੈਤਾ ਜੀ ਇੰਜ ਦਸਦੇ ਹਨ :

*ਜਪੁ ਕੋ ਪਾਠ ਕਰਹਿ ਸੰਗ ਤਿਹ ਸਿਖ ਪਾਤਰ ਦੂਸਰ ਹਾਥ ਧਰੀਜੈ॥੨੧੨॥*

*ਪਾਚਹੁ ਮਹਿ ਚਾਰ ਸੁ ਹੋਵਹਿ ਅਵਰ ਜੋਇ ਪਾਤਰ ਊਪਰ ਹਾਥ ਰਖੀਜੈ ।*
*ਆਪਨ ਆਪਨ ਬਾਰ ਯੇ ਪਾਂਚਹੁ ਪਾਂਚ ਹੀ ਬਾਣੀ ਕੋ ਪਾਠ ਪੜ੍ਹੀਜੇ ।*
*ਜਪੁ ਜਾਪ ਸਵੈਯੇ ਚੌਪਈ ਅਨੰਦ ਕੋ ਪਾਠ ਸੋ ਪਾਹੁਲ ਤਿਆਰ ਕਰੀਜੈ ।*
*ਪਾਂਚੋਂ ਚੁਲੈ ਮੁਖ ਪਾਵਹਿ ਜੁ ਯਾਚਕ ਏਤ ਹੀ ਨੇਤਰ ਕੇਸ ਪਵੀਜੈ ।।੨੨੩।।*

ਮੱਸਾ ਰੰਘੜ ਨੂੰ ਸੋਧਣ ਵਾਲੇ ਭਾਈ ਮਹਿਤਾਬ ਸਿੰਘ ਜੀ ਦੇ ਪੋਤੇ ਭਾਈ ਰਤਨ ਸਿੰਘ ਜੀ ਭੰਗੂ, ਕਰਤਾ "ਸ੍ਰੀ ਗੁਰ ਪੰਥ ਪ੍ਰਕਾਸ਼" (੧੮੪੧) ਪਹਿਲੇ ਸਿੱਖ ਇਤਿਹਾਸਕਾਰ ਹੋਏ ਹਨ । ਇਨ੍ਹਾਂ ਦੀ ਲਿਖਤ ਅਨੁਸਾਰ ਬਾਬਾ ਬੰਦਾ ਬਹਾਦਰ ਤੋਂ ਪਿਛੋਂ ਸਭ ਤੋਂ ਪਹਿਲੀ ਸ਼ਹੀਦੀ ਭਾਈ ਤਾਰਾ ਸਿੰਘ ਦੀ ਹੋਈ।

ਜਦ ਤੁਰਕ ਫੌਜ ਨੇ ਭਾਈ ਸਾਹਿਬ ਤੇ ਚੜ੍ਹਾਈ ਕੀਤੀ, ਉਸ ਕੋਲ ਸਿੱਖ ਥੋੜੇ ਹੀ ਸਨ । ਸਿੰਘਾਂ ਨੇ ਭਾਈ ਤਾਰਾ ਸਿੰਘ ਨੂੰ ਸਲਾਹ ਦਿੱਤੀ ਹੁਣ ਇਕ ਪਾਸੇ ਹੋ ਜਾਈਏ ਫੌਜ ਬਹੁਤੀ ਆ ਰਹੀ ਹੈ । ਭਾਈ ਸਾਹਿਬ ਨੇ ਸਿੰਘਾਂ ਨੂੰ ਕਿਹਾ ਕਿ ਅਰਦਾਸ ਕਰਕੇ ਪੋਥੀ (ਜੋ ਉਨ੍ਹਾਂ ਕੋਲ ਸੀ) ਵਿਚੋਂ ਹੁਕਮ ਲੈ ਲਵੋ । ਅਰਦਾਸ ਪਿਛੋਂ ਜੋ ਸ਼ਬਦ ਆਇਆ ਉਹ ਇਹ ਸੀ :

*ਜੋ ਕਹੂੰ ਕਾਲ ਤੇ ਭਾਜ ਕੇ ਬਾਚੀਅਤ ਤੋ ਕਿਹ ਕੁੰਟ ਕਹੋ ਭਜਿ ਜਈਐ ।।*
*ਆਗੈ ਹੂੰ ਕਾਲ ਧਰੇ ਅਸਿ ਗਾਜਤ ਛਾਜਤ ਹੈ ਜਿਹ ਤੇ ਨਸਿ ਆਈਐ।।*
*ਐਸੇ ਨ ਕੈ ਗਯੋ ਕੋਈ ਸੁ ਦਾਵ ਰੇ ਜਹਿ ਉਪਾਵ ਸੋ ਘਾਵ ਬਚੀਐ ।।*
*ਜਾਂ ਤੇ ਨ ਛੂਟੀਐ ਮੂੜ੍ਹ ਕਹੁ,*
*ਹਸ ਹਸ ਤਾਂ ਕੀ ਕਿਉਂ ਨਾ ਸ਼ਰਣਾਗਤਿ ਜਈਐ ।। ੯੬ ।।*

(ਬਚਿੱਤ੍ਰ ਨਾਟਕ)

ਸਿੱਧ ਕਰਦਾ ਹੈ ਕਿ ਦਸਮ ਪਿਤਾ ਦੀ ਬਾਣੀ ਦੀਆਂ ਪੋਥੀਆਂ ਉਸ ਵੇਲੇ ਸਿੱਖਾਂ ਕੋਲ ਆਮ ਹੁੰਦੀਆਂ ਸਨ । ਇਸੇ ਹੁਕਮ ਦੇ ਅਧਾਰ ਤੇ ਭਾਈ ਸਾਹਿਬ ਅਤੇ ਨਾਲ ਦੇ ਸਿੰਘਾਂ ਨੇ ਸ਼ਹੀਦੀ ਪ੍ਰਾਪਤ ਕੀਤੀ ।

ਇਸੇ ਤਰ੍ਹਾਂ ਭੰਗੂ ਜੀ ਖੰਡਾ ਪਾਹੁਲ ਛਕਾਉਣ ਵੇਲੇ ਜੋ ਦਸ਼ਮੇਸ਼ ਜੀ ਨੇ ਅਰਦਾਸ ਕੀਤੀ ਉਸ ਬਾਰੇ ਦਸਦੇ ਹਨ :

*ਪ੍ਰਿਥਮ ਭਗੌਤੀ ਵਾਰ ਜੁ ਪਉੜੀ ।*

ਪਿਛਲੀ ਸਦੀ ਦੇ ਮਹਾਨ ਵਿਦਵਾਨ, ਸ੍ਰ. ਸ਼ਮਸ਼ੇਰ ਸਿੰਘ ਅਸ਼ੋਕ ਜੀ ਆਪਣੇ ਲਿਖੇ ਟ੍ਰੈਕਟ 'ਤਾਰੀਖ ਤਬੱਰੁਕਾਤ' ਦੇ ਪੰਨਾ ੩ ਤੇ ਲਿਖਦੇ ਹਨ :

"ਜਿਥੇ ਉਨ੍ਹਾਂ (ਦਸਮੇਸ਼ ਪਿਤਾ) ਪਾਸ ਪੰਜ ਪਿਆਰਿਆਂ ਜਿਹੇ ਆਪਾ ਵਾਰਨ ਵਾਲੇ ਸਨ, ਉਥੇ ਪੀਰ ਬੁਧੂ ਸ਼ਾਹ, ਗਨੀ ਖਾਂ, ਨਬੀ ਖਾਂ ਵਰਗੇ ਕੁਰਬਾਨੀ ਦੇ ਪੁਤਲਿਆਂ ਦੇ ਹਾਮੀ, ਮਜ਼੍ਹਬੀ ਖਿੱਚੋਤਾਣ ਤੋਂ ਰਹਿਤ ਅਤੇ ਨਿਰਵੈਰ ਸਨ :

੧ ਹਿੰਦੂ ਤੁਰਕ ਕੋਊ ਰਾਫਜ਼ੀ ਇਮਾਮ ਸਾਫ਼ੀ
ਮਾਨਸ ਕੀ ਜਾਤ ਸਭੈ ਏਕੋ ਪਹਿਚਾਨ ਬੋ ॥

੨. ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ਼ ਓਈ
ਮਾਨਸ ਸਭੈ ਏਕ ਪੈ ਅਨੇਕ ਕੋ ਭਮਾਉ ਹੈ॥

(ਅਕਾਲ ਉਸਤਤਿ ਦਸਮ ਗ੍ਰੰਥ ਪੰਨਾ ੧੯)

ਇਸ ਟ੍ਰੈਕਟ ਦੇ ਪੰਨਾ ੧੧ ਉਪਰ ਸ਼ਾਸਤ੍ਰ ਅਸਤ੍ਰ ਬਾਰੇ ਜਾਣਕਾਰੀ ਦਿੰਦੇ ਦੱਸਦੇ ਹਨ : (੨) ਸ੍ਰੀ ਸਾਹਿਬ (ਤਲਵਾਰ) ਜੋ ਦਸ਼ਮੇਸ਼ ਜੀ ਨੇ ਬਾਬਾ ਤ੍ਰਿਲੋਕ ਸਿੰਘ ਨੂੰ ਅੰਮ੍ਰਿਤ ਛਕਾਉਣ ਸਮੇਂ ਦਮਦਮੇ ਬਖਸ਼ਿਆ ਸੀ, ਇਸ ਸ੍ਰੀ ਸਾਹਿਬ ਦੇ ਇਕ ਪਾਸੇ ਪਾਠ ਹੈ : ਸ੍ਰੀ ਭਗੌਤੀ ਸਹਾਇ, ਗੁਰੂ ਗੋਬਿੰਦ ਸਿੰਘ ਪਾਤਸ਼ਾਹੀ ੧੦" (੫) ਖੰਜਰ-ਜੋ ਗੁਰੂ ਗੋਬਿੰਦ ਸਿੰਘ ਸਾਹਿਬ ਛੋਟੀ ਉਮਰ ਵਿਚ ਗਾਤਰੇ ਸਜਾਇਆ ਕਰਦੇ ਸਨ। ਇਸ ਖੰਜਰ ਉਤੇ ਪਾਠ ਹੈ :

"ਸੰਮਤ ੧੭੪੧ ਸਤਿ ਸ੍ਰੀ ਅਕਾਲ ਪੁਰਖ ਜੀ ਸਹਾਇ
ਤੁਹੀ ਖੜਗ ਧਾਰਾ ਤੁਹੀ ਬਾਢ ਵਾਰੀ॥
ਤੁਹੀ ਤੀਰ ਤਰਵਾਰ ਕਾਤੀ ਕਟਾਰੀ॥
ਹਲਬੀ ਜੁਨੱਬੀ ਮਗਰਬੀ ਤੂਹੀ ਹੈ॥
ਨਿਹਾਰੋ ਜਹਾਂ ਤਹਾਂ ਠਾਢੀ ਵਹੀਂ ਹੈ।

(ਚਰਿਤ੍ਰੋ ਪਾਖਯਾਨ ਦਾ ਪਹਿਲਾ ਛੰਦ)

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਜੀ, ਰਿਆਸਤ "ਨਾਭਾ" ਦੇ ਇਤਿਹਾਸ ਵਿਚ ਪੰਨਾ ੩੯੩ ਤੇ ਇਸ ਦੀ ਪੁਸ਼ਟੀ ਕਰਦੇ ਹਨ।

ਇਸ ਟ੍ਰੈਕਟ ਦੇ ਪੰਨਾ ੧੮ ਤੇ ਲਿਖਦੇ ਹਨ :

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਹ ਤਲਵਾਰ ਪੰਜਾਬ ਗਵਰਨਮੈਂਟ ਦੀ ਮਾਅਰਫਤ 3 ਨਵੰਬਰ 1854 ਈ. ਨੂੰ ਇੰਗਲੈਂਡ ਰਵਾਨਾ ਕੀਤੀ ਗਈ। ਇਸ ਤਲਵਾਰ ਦੇ ਫਲ ਤੇ ਗੁਰਮੁਖੀ ਗੁਰਬਾਣੀ ਦੀ ਇਹ ਇਬਾਰਤ ਉਕਰੀ ਹੋਈ ਹੈ :

(ਸੱਜੇ ਪਾਸੇ) ਦਹਿਨੀ ਤਰਫ "ਅਕਾਲ ਪੁਰਖ ਕੀ ਰਛਿਆ ਹਮਨੈ॥
੧ੴ ਸਤਿਗੁਰ ਪ੍ਰਸਾਦਿ॥ ਉਤਾਰ ਖਾਸੇ ਪਾਤਸ਼ਾਹੀ ੧੦॥
ਸਰਬ ਲੋਹ ਕੀ ਰਛਆ ਹਮ ਨੈ॥
(ਖੱਬੇ ਪਾਸੇ) ਬਾਂਈ ਤਰਫ਼ : ਸਰਬ ਕਾਲ ਕੀ ਰਛਆ ਹਮ ਨੈ

ਸਰ....ਜੀ ਦੀ ਰਛਆ ਹਮ ਨੈ

(ਅਕਾਲ ਉਸਤਤਿ ਦਸਮ ਗ੍ਰੰਥ)

ਇਹ ਇਬਾਰਤ ਗੁਰਮੁਖੀ ਅਤੇ ਫਾਰਸੀ

ਲਿਪੀ ਦੋਹਾ ਵਿਚ ਦਿੱਤੀ ਹੋਈ ਹੈ।

ਜਿਨ੍ਹਾਂ ਰਚਨਾਵਾਂ ਨੂੰ ਦਸਮੇਸ਼ ਪਿਤਾ ਆਪਣੇ ਗਾਤਰੇ ਅਤੇ ਕਮਰਕਸੇ ਦੇ ਹਥਿਆਰਾਂ ਤੇ ਲਿਖਾ ਕੇ ਸਦਾ ਅੰਗ ਸੰਗ ਰੱਖਦੇ ਸਨ, ਬਦਕਿਸਮਤੀ ਨਾਲ ਹੁਣ, ਆਪਣੇ ਆਪ ਨੂੰ ਅਖੌਤੀ ਬੁੱਧੀਜੀਵੀ ਕਹਿਲਾਉਣ ਵਾਲਾ ਇਕ ਵਰਗ ਅਤੇ ਉਨ੍ਹਾਂ ਦੇ ਪਿੱਛਲੱਗ ਇਸ ਨੂੰ ਦਸ਼ਮੇਸ਼ ਕ੍ਰਿਤ ਮੰਨਣ ਤੋਂ ਮੁਨਕਰ ਹਨ।

M/s.

33 ਸਵੱਯੀਏ ਅਤੇ ਸ਼ਬਦ ਹਜ਼ਾਰੇ ਆਦਿ ।

(2) ਹਿੰਦੂ ਧਰਮ ਗ੍ਰੰਥਾਂ ਦਾ ਦੇਵਨਾਗਰੀ ਲਿਪੀ ਤੋਂ ਗੁਰਮੁਖੀ ਲਿਪੀ ਵਿਚ ਅਨੁਵਾਦ :- ਚੰਡੀ ਚਰਿਤ੍ਰ ਅਤੇ ਚੋਬੀਸ ਅਵਤਾਰ ਆਦਿ ।

(3) ਹਿੰਦੂ ਧਾਰਮਕ ਪੁਸਤਕਾਂ ਦਾ ਪੰਜਾਬੀ ਬੋਲੀ ਵਿਚ ਅਨੁਵਾਦ:- ਚੰਡੀ ਦੀ ਵਾਰ ਆਦਿ ।

(4) ਇਤਿਹਾਸਕ ਦਸਤਾਵੇਜ਼ :- ਬਚਿਤ੍ਰ ਨਾਟਕ ਅਤੇ ਜ਼ਫਰਨਾਮਾ।

(5) ਸਮਾਜਕ ਬਣਤਰ ਦੇ ਗਿਆਨ ਲਈ :- ਚਰਿਤ੍ਰੋ ਪਖਯਾਨ ਅਤੇ ਹਕਾਇਤਾਂ ।

ਇਹ ਇਕ ਇਤਿਹਾਸਕ ਤੱਥ ਹੈ ਕਿ ਦਸ਼ਮੇਸ਼ ਪਿਤਾ ਨੇ ਪੰਜ ਸਿੰਘ, ਰਾਮ ਸਿੰਘ, ਕਰਮ ਸਿੰਘ, ਗੰਡਾ ਸਿੰਘ, ਵੀਰ ਸਿੰਘ ਅਤੇ ਸੋਭਾ ਸਿੰਘ, ਨੂੰ ਸੰਸਕ੍ਰਿਤ ਪੜ੍ਹਨ ਲਈ ਬਨਾਰਸ ਭੇਜਿਆ (ਮਹਾਨ ਕੋਸ਼ ਪੰਨਾ 712) । ਇਹ ਭੀ ਸਭ ਨੂੰ ਪਤਾ ਹੈ ਕਿ ਜਦ ਬ੍ਰਾਹਮਣਾਂ ਨੇ ਖਾਲਸਾਈ ਭੇਸ ਵਾਲੇ ਸਿੱਖਾਂ ਨੂੰ ਪੜ੍ਹਾਉਣ ਤੋਂ ਇਨਕਾਰ ਕਰ ਦਿੱਤਾ ਤਾਂ ਉਨ੍ਹਾਂ ਨੂੰ ਵੇਸ ਭੂਸ਼ਾ ਭੀ ਬ੍ਰਾਹਮਣਾਂ ਅਨੁਸਾਰ ਹੀ ਬਨਾਉਣੀ ਪਈ ।

ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਆਪਣੇ ਦਰਬਾਰੀ ਕਵੀਆਂ ਨੂੰ ਵੱਡੇ ਵੱਡੇ ਇਨਾਮ ਦੇ ਕੇ ਵੇਦ, ਸ਼ਾਸ਼ਤਰ, ਰਾਮਾਇਣ, ਮਹਾਂਭਾਰਤ ਆਦਿ ਦੇ ਉਲੱਥੇ ਦੇਵਨਾਗਰੀ ਅਤੇ ਗੁਰਮੁਖੀ ਲਿਪੀ ਵਿਚ ਕਰਵਾਏ । ਕਲਗੀਧਰ ਮਹਾਰਾਜ ਨੇ ਸਿੱਖਾਂ ਤੇ ਬ੍ਰਾਹਮਣੀ ਰੰਗ ਚੜ੍ਹਾਉਣ ਲਈ ਇਹ ਕੁਛ ਨਹੀਂ ਕੀਤਾ ਬਲਕਿ ਸਿੱਖਾਂ ਨੂੰ ਸਰਬ ਪੱਖੀ ਗਿਆਨ ਦੇਣ ਦੇ ਆਸ਼ੇ ਨਾਲ ਕੀਤਾ ਸੀ।

ਫਿਰ ਗੁਰਬਾਣੀ ਵਿਚ ਜੋ ਘਟਨਾਵਾਂ ਅਤੇ ਇਨ੍ਹਾਂ ਦੇ ਨਾਇਕ, ਜਿਨ੍ਹਾਂ ਦਾ ਟੂਕ ਮਾਤਰ ਵਰਨਣ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਆਇਆ ਹੈ, ਉਸ ਨੂੰ ਸਮਝਣ ਲਈ ਸਿੱਖਾਂ ਦੀ ਗਿਆਤ ਵਾਸੇ ਇਕ ਬਹੁਤ ਵੱਡਾ ਉਪਰਾਲਾ ਕੀਤਾ ਸੀ।

ਉਦਾਹਰਣ ਦੇ ਤੌਰ ਤੇ :-

(ੳ)

*ਸੁਣਿ ਸਾਖੀ ਮਨ ਜਪਿ ਪਿਆਰ ॥ ਅਜਾਮਲੁ ਉਧਰਿਆ ਕਹਿ ਏਕ ਬਾਰ ॥*
*ਬਾਲਮੀਕੈ ਹੋਆ ਸਾਧ ਸੰਗੁ ॥ ਧ੍ਰੂ ਕੋ ਮਿਲਿਆ ਹਰਿ ਨਿਸੰਗ ॥ ॥*
*ਤੇਰਿਆ ਸੰਤਾਂ ਜਾਚਉ ਚਰਨ ਰੇਨ ॥ ਲੇ ਮਸਤਕਿ ਲਾਵਉ ਕਰਿ ਕ੍ਰਿਪਾ ਦੇਨ ॥ ॥ ਰਹਾਉ ॥*
*ਗਨਿਕਾ ਉਧਰੀ ਹਰਿ ਕਹੈ ਤੋਤ ॥ ਗਜਇੰਦ੍ਰ ਧਿਆਓ ਹਰਿ ਕੀਓ ਮੋਖ ॥*
*ਬਿਪ੍ਰ ਸੁਦਾਮੇ ਦਾਲਦੁ ਭੰਜ ॥ ਰੇ ਮਨ ਤੂ ਭੀ ਭਜੁ ਗੋਬਿੰਦ ॥ ॥*
*ਬਧਿਕ ਉਧਾਰਿਓ ਖਮਿ ਪ੍ਰਹਾਰ ॥ ਕੁਬਿਜਾ ਉਧਰੀ ਅੰਗੁਸਟ ਧਾਰ ॥*
*ਬਿਦਰੁ ਉਧਾਰਿਓ ਦਾਸਤ ਭਾਇ ॥ ਰੇ ਮਨ ਤੂ ਭੀ ਹਰਿ ਧਿਆਏ ॥ ॥*
*ਪ੍ਰਹਲਾਦ ਰਖੀ ਹਰਿ ਪੈਜ ਆਪਿ ॥ ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ ॥*
*ਜਿਨ ਜਿਨ ਸੇਵਿਆ ਅੰਤਬਾਰ ॥ ਰੇ ਮਨ ਸੇਵਿ ਤੂ ਪਰਹਿ ਪਾਰ ॥ ॥*
*ਧੰਨੈ ਸੇਵਿਆ ਬਾਲ ਬੁਧਿ ॥ ਤ੍ਰਿਲੋਚਨ ਗੁਰ ਮਿਲਿ ਭਈ ਸਿਧਿ ॥*
*ਬੇਣੀ ਕਉ ਗੁਰਿ ਕੀਓ ਪ੍ਰਗਾਸੁ ॥ ਰੇ ਮਨ ਤੂ ਭੀ ਹੋਹਿ ਦਾਸੁ ॥ ॥*
*ਜੈ ਦੇਵ ਤਿਆਗਿਓ ਅੰਹਮੇਵ ॥ ਨਾਈ ਉਧਰਿਓ ਸੈਨੁ ਸੇਵ ॥*
*ਮਨ ਡੀਗ ਨ ਡੋਲੈ ਕਹੂ ਜਾਇ ॥ ਮਨ ਤੂ ਭੀ ਤਰਸਹਿ ਸਰਣਿ ਪਾਏ ॥ ॥*
*ਜਿਹ ਅਨੁਗ੍ਰਹੁ ਠਾਕੁਰਿ ਕੀਓ ਆਪਿ ॥ ਸੇ ਤੈ ਲੀਨੇ ਭਗਤਿ ਆਪਿ ॥*
*ਤਿਨ ਕਾ ਗੁਣੁ ਅਉਗਣੁ ਨ ਬੀਚਾਰਿਓ ਕੋਇ ॥ ਏਹ ਬਿਧਿ ਦੇਖਿ ਮਨੁ ਲਗਾ ਸੇਵ ॥ ॥*
*ਕਬੀਰ ਧਿਆਇਓ ਏਕ ਰੰਗੁ ॥ ਨਾਮ ਦੇਵ ਹਰਿ ਜੀਓ ਬਸਹਿ ਸੰਗੁ ॥*
*ਰਵਿਦਾਸ ਧਿਆਇ ਪ੍ਰਭੂ ਅਨੂਪ ॥ ਗੁਰ ਨਾਨਕ ਦੇਵ ਗੋਬਿੰਦ ਰੂਪ ॥ ॥ ਅੰਕ ॥*

(ਅ) ਜਿਉ ਜਨ ਚੰਦ੍ਰਹਾਂਸੁ ਦੁਖਿਆ ਧ੍ਰਿਸਟ ਬੁਧੀ ਅਪੁਨਾ ਘਰੁ ਲੂਕੀ ਜਾਰੇ ॥ ਅੰਕ ॥

(ੲ) ਗੋਤਮ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰ ਲੁਭਾਇਆ॥ ਅੰਕ ॥

ਅਤੇ ਇਸ ਤਰ੍ਹਾਂ ਦੇ ਅਨੇਕ ਹੋਰ ਸ਼ਬਦ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਵਿਚ ਹਨ, ਜੇ ਕਿਸੇ ਨੇ ਇਨ੍ਹਾਂ ਦਾ ਵਿਸਥਾਰ ਪੂਰਬਕ ਹਾਲ ਸਮਝਣਾ ਹੋਵੇ ਤਾਂ ਕਿਥੋਂ ਪਤਾ ਚੱਲੇਗਾ ? ਜਾਂ ਤਾਂ ਜਿਸ ਨੂੰ ਸੰਸਕ੍ਰਿਤ ਆਉਂਦੀ ਹੈ ਉਹ ਇਹ ਪੁਸਤਕਾਂ ਪੜ੍ਹੇ ਜਾਂ ਫਿਰ ਪੰਡਿਤ ਜੀ ਅੱਗੇ ਗੋਡੇ ਟੇਕ ਕੇ ਪੁੱਛੇ ਕਿ ਪੰਡਿਤ ਜੀ ਫਲਾਣੀ ਘਟਨਾ ਕਿਸ ਤਰ੍ਹਾਂ ਵਾਪਰੀ ਸੀ ਕ੍ਰਿਪਾ ਕਰਕੇ ਦੱਸੋ ਅਤੇ ਪੰਡਿਤ ਜੀ ਮਰਜ਼ੀ ਅਨੁਸਾਰ ਝੂਠ ਸੱਚ ਜੋ ਦੱਸਣ ਉਸ ਨੂੰ ਮੰਨ ਲਿਆ ਜਾਵੇ ।

ਦਸ਼ਮੇਸ਼ ਪਿਤਾ ਜੀ ਨੇ ਇਸ ਸਭ ਕੁਝ ਲਈ ਆਪਣੇ ਸਿਖ ਨੂੰ ਪੰਡਿਤ ਜੀ ਦੀ ਗੁਲਾਮੀ ਤੋਂ ਬਚਾਉਣ ਲਈ ਆਪ ਹੀ ਸਭ ਕੁਝ ਦਸਮ ਗ੍ਰੰਥ ਵਿਚ ਲਿਖ ਦਿੱਤਾ । ਸੋ ਜੇ ਇਹ ਕਹਿ ਦਿੱਤਾ ਜਾਵੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਮੁੱਚੇ ਤੌਰ ਤੇ ਸਮਝਣ ਲਈ ਦਸਮ ਗ੍ਰੰਥ ਪੜ੍ਹਨਾ ਜ਼ਰੂਰੀ ਹੈ ਕੋਈ ਅਤਿਕਥਨੀ ਨਹੀਂ ਹੋਵੇਗੀ ।

ਅਜ ਤੋਂ ਸਾਢੇ ਤਿੰਨ ਸੋ ਸਾਲ ਪਹਿਲਾਂ ਜਦ ਕਿ ਇਹ ਸਾਰੇ ਧਾਰਮਕ ਗ੍ਰੰਥ ਆਮ ਆਦਮੀ ਦੀ ਪਹੁੰਚ ਤੋਂ ਦੂਰ ਸਨ ਅਤੇ ਬ੍ਰਾਹਮਣ ਜਾਤੀ ਦੀ ਨਿਜੀ ਜਾਇਦਾਦ ਸਨ, ਦਸਮੇਸ਼ ਪਿਤਾ ਨੇ ਸਭ ਲਈ ਦਰਵਾਜ਼ੇ ਖੋਲ੍ਹ ਕੇ ਮਨੁੱਖਤਾ ਤੇ ਇਕ ਵੱਡਾ ਪਰਉਪਕਾਰ ਕੀਤਾ ਹੈ ।

ਗੁਰੂ ਸਾਹਿਬ ਵੇਲੇ, ਜਿੱਥੇ ਇਕ ਪਾਸੇ ਖਾਲਸੇ ਨੂੰ ਜ਼ਾਲਮ ਨਾਲ ਜਿਸ ਲਈ ਤਲਵਾਰ ਜ਼ਰੂਰੀ ਸੀ । ਉਥੇ ਦੂਸਰੇ ਪਾਸੇ ਬ੍ਰਾਹਮਣ ਨਾਲ ਸਿਧਾਂਤਕ ਟੱਕਰ ਸੀ । ਇਸ ਲਈ ਬ੍ਰਾਹਮਣ ਨੂੰ ਨਿਰਉਤਰ ਕਰਨ ਲਈ ਇਨ੍ਹਾਂ ਗ੍ਰੰਥਾਂ ਦਾ ਗਿਆਨ ਹੋਣਾ ਲਾਜ਼ਮੀ ਸੀ । ਜਿਸ ਤਰ੍ਹਾਂ ਹੁਣ ਸਿਖ ਇਤਿਹਾਸ ਅਤੇ ਗੁਰਬਾਣੀ ਪੜ੍ਹਕੇ ਆਰ.ਐਸ.ਐਸ. ਅਤੇ ਉਸ ਦੇ ਖਰੀਦੇ ਸਿੱਖੀ ਭੇਸ ਵਾਲੇ ਬੰਦੇ ਸਿਖਾਂ ਨੂੰ ਚੁਣੌਤੀ ਦੇ ਰਹੇ ਹਨ। ਦਮਦਮੀ ਟਕਸਾਲ ਦੇ ਗੁਰਮੁਖਾਂ, ਪੰਡਿਤ ਤਾਰਾ ਸਿੰਘ ਨਰੋਤਮ, ਨਿਰਮਲਿਆਂ, ਗਿਆਨੀ ਦਿੱਤ ਸਿੰਘ ਅਤੇ ਪੰਡਿਤ ਕਰਤਾਰ ਸਿੰਘ ਦਾਖਾ ਆਦਿ, ਆਰੀਆ ਸਮਾਜ, ਸ੍ਵਾਮੀ ਦਯਾਨੰਦ ਅਤੇ ਹੋਰ ਪੰਥ ਦੋਖੀ ਬ੍ਰਾਹਮਣਾਂ ਨੂੰ ਦਸਮ ਗ੍ਰੰਥ ਅਤੇ ਹੋਰ ਬ੍ਰਾਹਮਣੀ ਗ੍ਰੰਥ ਪੜ੍ਹ ਕੇ ਹੀ ਪਛਾੜਨ ਵਿਚ ਕਾਮਯਾਬ ਹੋ ਸਕੇ । ਜੋ ਕਿ

ਗਿਆਨੀ ਦਿੱਤ ਸਿੰਘ ਜੀ ਦੀ ਲਿਖੀ ਪੁਸਤਕ "ਮੇਰਾ ਅਤੇ ਸ੍ਵਾਮੀ ਦਯਾਨੰਦ ਦਾ ਸੰਬਾਦ" ਪੜ੍ਹਨ ਤੋਂ ਪਤਾ ਚਲ ਜਾਂਦਾ ਹੈ ।

ਹਿੰਦੂ ਸਮਾਜ ਵਿਚੋਂ ਬਣੇ ਸਿਖਾਂ ਵਿਚੋਂ ਹੀਨ ਭਾਵਨਾ ਕੱਢਣ ਲਈ, ਚੰਡੀ ਦੀ ਵਾਰ ਜੈਸੀਆਂ ਜੋਸ਼ੀਲੀਆਂ ਵਾਰਾਂ (ਜੋ ਹਿੰਦੂ ਧਰਮ ਨਾਲ ਸਬੰਧਤ ਸਨ) ਇਨ੍ਹਾਂ ਵਿਚ ਬੀਰ ਰਸੀ ਬ੍ਰਿਤੀ ਪੈਦਾ ਕਰਨ ਲਈ ਅਤਿ ਜ਼ਰੂਰੀ ਸਨ ।

ਆਪਣੇ ਧਰਮ ਦੀ ਵਡਿਆਈ ਅਤੇ ਆਪਣੇ ਧਰਮ ਦੇ ਚੰਗੇ ਗੁਣਾਂ ਦਾ ਪ੍ਰਗਟਾਵਾ ਹਰ ਕੋਈ ਕਰਦਾ ਹੈ ਪਰ ਇਸ ਪੱਖੋਂ ਕਮਜ਼ੋਰੀਆਂ ਕੋਈ ਨਹੀਂ ਦਸ ਸਕਦਾ । ਇਹ ਕੇਵਲ ਉਨ੍ਹਾਂ ਦੇ ਗ੍ਰੰਥਾਂ ਦਾ ਅਧਿਐਨ, ਕਰ ਕੇ ਹੀ ਪਤਾ ਚਲਦਾ ਹੈ । ਕਿੰਨੀ ਹੈਰਾਨੀ ਦੀ ਗੱਲ ਹੈ ਕਿ ਖੱਤਰੀਆਂ ਦੀਆਂ ਕੁਲਾਂ ਨਾਸ਼ ਕਰਨ ਵਾਲਾ ਅਤੇ ਖੱਤਰੀਆਂ ਦੇ ਖ਼ੂਨ ਵਿਚ ਇਸ਼ਨਾਨ ਕਰਨ ਵਾਲਾ ਭੀ ਭਗਵਾਨ ਕਰਕੇ ਪੂਜਿਆ ਜਾਂਦਾ ਹੈ । ਆਪਣੀ ਧੀ ਤੇ ਮੁਹਤ ਹੋਣ ਵਾਲਾ ਭੀ ਭਗਵਾਨ ਹੈ । ਕਿਸੇ ਮਹਾਂ ਰਿਸ਼ੀ ਦੀ ਇਸਤ੍ਰੀ ਨੂੰ ਕਪਟ ਨਾਲ ਛੱਲ੍ਹ ਕੇ ਬਲਾਤਕਾਰ ਕਰਨ ਵਾਲਾ ਭੀ ਭਗਵਾਨ ਹੈ । ਇਨ੍ਹਾਂ ਗੱਲਾਂ ਦਾ ਆਮ ਲੁਕਾਈ ਨੂੰ ਕਿਵੇਂ ਗਿਆਨ ਹੋਣਾ ਸੀ ਜੇ ਦਸ਼ਮੇਸ਼ ਪਿਤਾ ਆਪ ਅਤੇ ਆਪਣੇ ਕਵੀਆਂ ਤੋਂ ਇਨ੍ਹਾਂ ਧਾਰਮਕ ਗ੍ਰੰਥਾਂ ਦੇ ਉਲੱਥੇ ਨਾ ਕਰਵਾਉਂਦੇ ।

ਇਨ੍ਹਾਂ ਠੋਸ ਸੱਚਿਆਈਆਂ ਅਤੇ ਗਹਿਰਾਈਆਂ ਤੋਂ ਅਣਭਿਜ, ਅਗਿਆਨੀ ਅਤੇ ਹੂੜ ਮਤਿ ਵਾਲੇ ਬੰਦੇ, ਅਜ ਜੇ ਦਸਮ ਗ੍ਰੰਥ ਨੂੰ ਖੰਡਣ ਕਰਦੇ ਹਨ ਤਾਂ ਸਹੀ ਨਿਰਣਾ ਅਸੀਂ ਪਾਠਕਾਂ ਤੇ ਹੀ ਛੱਡਦੇ ਹਾਂ ।

ਦਸਮ ਗ੍ਰੰਥ ਦੀ ਵਿਰੋਧਤਾ ਸਭ ਤੋਂ ਪਹਿਲਾਂ ਬਾਬੂ ਤੇਜਾ ਸਿੰਘ ਭਸੌੜ ਨੇ ਸ਼ੁਰੂ ਕੀਤੀ, ਜੋ ਕਿ ਕਾਲੇ ਅਫਗਾਨਾਂ ਦੀ ਮੱਤ ਦਾ ਧਾਰਨੀ ਸੀ । ਉਹ ਭਗਤ ਬਾਣੀ ਨੂੰ ਭੀ ਨਹੀਂ ਮੰਨਦਾ ਸੀ । ਇਸ ਲਈ ਭਗਤ ਬਾਣੀ ਤੋਂ ਬਗੈਰ ਹੀ ਇਕ ਬੀੜ ਬਣਾ ਦਿੱਤੀ। ਅਰਦਾਸ ਭੀ "ਪ੍ਰਿਥਮ ਸਤਿਨਾਮੁ ਸਿਮਰ ਕੈ" ਸ਼ੁਰੂ ਕਰ ਦਿੱਤੀ । ਇਸ ਲਈ ਪੰਥ ਵਿਚੋਂ ਛੇਕ ਦਿੱਤਾ ਗਿਆ । ਅੱਜ ਗਿਣਤੀ ਦੇ ਬੰਦਿਆਂ ਨੂੰ ਇਨ੍ਹਾਂ ਬਾਰੇ ਪਤਾ ਹੈ ।

ਉਸ ਪਿਛੋਂ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਸਵਰਗੀ ਹਰਭਜਨ ਸਿੰਘ ਨੇ ਜਹਾਦ ਖੜ੍ਹਾ ਕੀਤਾ ਅਤੇ ਮਿਸ਼ਨਰੀ ਕਾਲਜ ਦੇ ਸੰਚਾਲਕਾਂ ਨੇ ਇਸ ਨੂੰ ਖੰਡਣ ਦਾ ਬੀੜਾ ਚੁੱਕ ਲਿਆ । ਇਸ ਲਈ ਜਿਵੇਂ ਤਿਵੇਂ ਮਿਸ਼ਨਰੀ ਕਾਲਜ ਖੁੱਲ੍ਹ ਰਹੇ ਹਨ ਦਸਮ ਗ੍ਰੰਥ ਵਿਰੋਧੀਆਂ ਦੀ ਗਿਣਤੀ ਵਧ ਰਹੀ ਹੈ । ਪਰ ਬਹੁਤਾ ਕਰਕੇ ਕਿ ਆਪ ਵਿਰੋਧ ਨ ਕਰਕੇ, ਕਦੇ ਗਿ. ਭਾਗ ਸਿੰਘ ਦੀ ਪਿੱਠ ਠੋਕਦੇ ਰਹੇ ਅਤੇ ਹੁਣ ਕਾਲਾ ਅਫਗਾਨਾ ਦੀ ਪੁਸ਼ਤ ਪਨਾਹੀ ਕਰ ਰਹੇ ਹਨ ।

**ਚੜ੍ਹ ਜਾ ਬੱਚਾ ਸੂਲੀ ਰਾਮ ਭਲੀ ਕਰੇਂਗੇ ।**

❖❖❖

# 'ਚ੍ਰਿਤ੍ਰੋ ਪਾਖਯਾਨ' ਵਿਸ਼ਲੇਸ਼ਨ

ਸਾਡੇ ਮਨ ਦੇ ਪੰਜ ਗੁਣ ਹਨ, ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ । ਇਹ ਸਾਰੇ ਗੁਣ ਪ੍ਰਮੇਸ਼ਰ ਨੇ ਖਾਸ ਜੁਗਤੀ ਨਾਲ, ਸਾਡੇ ਮਨ ਵਿਚ ਆਪ ਪਾਏ ਹਨ ਤਾਂ ਜੋ ਸੰਸਾਰ ਦੀ ਖੇਡ ਚਲਦੀ ਰਹੇ । ਜੇ ਲੋਭ ਨ ਹੋਵੇ ਤਾਂ ਲੋੜਾਂ ਦੀ ਪੂਰਤੀ ਲਈ ਕੋਈ ਉਦਮ ਹੀ ਨਹੀਂ ਕਰੇਗਾ । ਮੋਹ ਤੋਂ ਬਗ਼ੈਰ ਕਿਹੜੀ ਮਾਂ ਆਪਣੇ ਬੱਚੇ ਲਈ ਆਪ ਭੁੱਖੀ ਰਹੇਗੀ ਅਤੇ ਹੋਰ ਦੁਖ ਝੱਲੇਗੀ ? ਇਸੇ ਤਰ੍ਹਾਂ ਸਾਡੀ ਸੰਸਾਰੀ ਹੋਂਦ ਹੀ 'ਹਉਂ' ਦੇ ਆਸਰੇ ਖੜ੍ਹੀ ਹੈ । ਸਾਡਾ ਸੰਸਾਰ ਤੇ ਆਨਾ ਜਾਣਾ, ਦੇਣ-ਲੈਣਾ ਅਤੇ ਹੋਰ ਬਹੁਤ ਕੁਝ ਇਸੇ ਦੇ ਸਹਾਰੇ ਖੜ੍ਹਾ ਹੈ । ਵਾਰ ਆਸਾ ਦਾ ***"ਹਉ ਵਿਚਿ ਆਇਆ ਹਉ ਵਿਚਿ ਗਿਆ"*** ਵਾਲਾ ਸਲੋਕ ਇਸ ਦਾ ਵਿਸਥਾਰ ਕਰਦਾ ਹੈ ।

ਇਨ੍ਹਾਂ ਪੰਜਾਂ ਗੁਣਾਂ ਵਿਚ ਸਭ ਤੋਂ ਪ੍ਰਧਾਨ 'ਕਾਮ' ਹੈ । ਇਸ ਲਈ ਇਸ ਦਾ ਨਾਉਂ ਸਭ ਤੋਂ ਪਹਿਲਾਂ ਆਉਂਦਾ ਹੈ, ਜੇ ਇਹ ਸਾਡੇ ਅੰਦਰ ਨਾ ਹੋਵੇ ਸੰਸਾਰ ਦੀ ਉਤਪਤੀ ਹੀ ਰੁਕ ਜਾਵੇਗੀ । ਇਸ ਦੀ ਪ੍ਰਬਲ ਤਾਕਤ ਨੂੰ ਦੇਖ ਕੇ ਜੋਗੀ ਡਰ ਕੇ ਭੱਜ ਨਿਕਲੇ ਅਤੇ ਜੰਗਲਾਂ ਜਾਂ ਪਹਾੜਾਂ ਦੀਆਂ ਗੁਫਾਵਾਂ ਵਿਚ ਜਾ ਆਸਣ ਲਾਏ ਅਤੇ ਗ੍ਰਹਸਥੀ ਸੰਸਾਰ ਨੂੰ ਭੰਡਣ ਲੱਗ ਗਏ । ਜੇ ਕਿਤੇ ਸਾਡਾ ਦੇਸ਼ ਸਾਰਾ ਹੀ ਗੋਰਖ ਨਾਥ ਦਾ ਚੇਲਾ ਬਣ ਜਾਂਦਾ, ਜ਼ਰਾ ਸੋਚੋ ਕੀ ਹੁੰਦਾ ? ਸਾਰੇ ਦੇਸ਼ ਵਿਚੋਂ ਮਨੁਖ ਜਾਤੀ ਖਤਮ ਹੋ ਜਾਂਦੀ । ਕਿਉਂਕਿ ਨ ਕਿਸੇ ਨੇ ਵਿਆਹ ਕਰਵਾਉਣਾ ਸੀ ਨ ਉਤਪਤੀ ਹੋਣੀ ਸੀ ।

ਗੁਰੂ ਨਾਨਕ ਦੇਵ ਮਹਾਰਾਜ ਦੀ ਕ੍ਰਿਪਾ ਹੋਈ ਸਾਡੇ ਦੇਸ਼ ਵਾਸੀਆਂ ਲਈ ਐਸਾ ਧਰਮ ਦਿੱਤਾ ਕਿ ਸੰਸਾਰੀ ਸੁਖ ਭੋਗਦੇ ਹੋਏ ਪਰਮਗਤਿ ਪਾ ਸਕੀਏ।

***ਸਤਿਗੁਰ ਕੀ ਐਸੀ ਵਡਿਆਈ ।***
***ਪੁਤਰ ਕਲਤਰ ਵਿਚੇ ਗਤਿ ਪਾਈ ।। (ਅੰਕ )***
***ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ।।***
***ਹਸੰਦਿਆਂ ਖੇਲੰਦਿਆਂ ਪੈਨੰਦਿਆਂ ਖਾਵੰਦਿਆਂ ਵਿਚੇ ਹੋਵੈ ਮੁਕਤਿ।।***

(ਅੰਕ )

ਸੋ, ਅੱਜ ਸਾਡੇ ਦੇਸ਼ ਵਿਚ ਜੋ ਲਹਿਰਾਂ ਬਹਿਰਾਂ, ਸੁੰਦਰ ਬਾਗ ਬਗੀਚੇ, ਮਹਿਲ ਮਾੜੀਆਂ ਅਤੇ ਹਸੂੰ ਹਸੂੰ ਕਰਦੇ ਬਾਲ ਨਜ਼ਰ ਆ ਰਹੇ ਹਨ, ਇਹ ਸਭ ਗੁਰੂ ਨਾਨਕ ਦੇਵ ਮਹਾਰਾਜ ਦੀ ਕ੍ਰਿਪਾ ਦਾ ਸਕਦਾ ਹੈ ।

ਪਰ ਹਰ ਚੀਜ਼ ਕਿਸੇ ਖਾਸ ਸੀਮਾਂ ਅੰਦਰ ਹੀ ਠੀਕ ਹੈ । ਸਾਡੇ ਸਰੀਰ ਦਾ ਤਾਪਮਾਨ ਗਿਰ ਜਾਵੇ ਤਾਂ ਬੀਮਾਰ, ਜੇ ਵਧ ਜਾਵੇ ਤਾਂ ਬੁਖਾਰ, ਭੁੱਖ ਨ ਲੱਗੇ ਅਤੇ ਬਹੁਤ ਜਿਆਦਾ ਲੱਗੇ ਤਾਂ ਬੀਮਾਰੀ ਦੇ ਲੱਛਣ ਹਨ । ਇਸੇ ਤਰ੍ਹਾਂ ਜਦ ਕਾਮ ਦੀ ਚੇਸ਼ਟਾ ਨਾ ਹੋਵੇ ਬੰਦੇ ਨੂੰ ਨਾਮਰਦ ਆਖਦੇ ਹਨ ਅਤੇ ਜੇ ਬਹੁਤ ਵੱਧ ਜਾਵੇ ਤਾਂ ਬਲਾਤਕਾਰੀ ਬਣ ਜਾਂਦਾ ਹੈ । ਇਸ ਲਈ ਸਤਿਗੁਰਾਂ ਨੇ ਵਾਰ ਵਾਰ ਚਿਤਾਵਨੀ ਦਿੱਤੀ ਹੈ ਤਾਂ ਜੋ ਇਹ ਸਾਡੇ ਮਨ ਤੇ ਭਾਰੂ ਨਾ ਹੋਵੇ ।

*ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ ॥*
*ਚਿਤ ਹਰਣੰ ਤ੍ਰੈ ਲੋਕ ਗੰਮੰ ਜਪ ਤਪ ਸੀਲ ਬਿਦਾਰਣਹ ॥*
*ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ ॥*
*ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ ॥*

(ਅੰਕ )

ਜਦ ਬੰਦਾ ਵਿਹਲਾ ਹੋਵੇ ਅਤੇ ਐਸ਼ੋ ਇਸ਼ਰਤ ਦੇ ਸਾਧਨ ਹੋਣ ਤਾਂ ਬੰਦੇ ਵਿਚ ਕਾਮ ਭਾਵ ਪ੍ਰਬਲ ਹੁੰਦਾ ਹੈ ।

ਦਸ਼ਮੇਸ਼ ਪਿਤਾ ਅੰਤਰਜਾਮੀ ਨੂੰ ਪਤਾ ਸੀ ਕਿ ਅੱਗੇ ਖਾਲਸੇ ਨੂੰ ਰਾਜ ਪਾਟ ਪ੍ਰਾਪਤ ਹੋਵੇਗਾ । ਇਹ ਭੀ ਸਭ ਨੂੰ ਪਤਾ ਹੈ ਕਿ ਮਰਦ ਦੀ ਸਭ ਤੋਂ ਵੱਡੀ ਕਮਜ਼ੋਰੀ ਔਰਤ ਹੈ । ਆਦਿ ਕਾਲ ਤੋਂ ਮਰਦ ਦੀ ਇਸ ਕਮਜ਼ੋਰੀ ਦਾ ਫਾਇਦਾ ਉਠਾ ਕੇ ਰਾਜੇ ਮਹਾਰਾਜੇ, ਜਾਂ ਵਿਸ਼ ਕੰਨਿਆ ਦੇ ਰੂਪ ਵਿਚ ਜਾਂ ਵੇਸਵਾਵਾਂ ਦੇ ਰੂਪ ਵਿਚ ਇਸ ਨੂੰ ਵਰਤਦੇ ਰਹੇ ਹਨ । ਦੂਸਰੇ ਸੰਸਾਰ ਯੁੱਧ ਵਿਚ ਇਸਤ੍ਰੀਆਂ ਨੇ ਕੁਦਰਤ ਵਲੋਂ ਮਿਲੀ ਇਸ ਤਾਕਤ ਨੂੰ ਵਰਤ ਕੇ ਦੁਸ਼ਮਨ ਬੜੇ ਬੜੇ ਗੁੱਝੇ ਭੇਦ ਤੋਂ ਲੈ ਕੇ ਜੰਗਾਂ ਦੇ ਰੁਖ ਬਦਲ ਦਿੱਤੇ । ਇਸ ਲਈ ਗੁਰੂ ਸਾਹਿਬ ਨੇ ਸਿੱਖ ਨੂੰ ਹਰ ਪੱਖੋਂ ਸੁਚੇਤ ਕਰਨ ਲਈ ਚਰਿਤ੍ਰੋ ਪਾਖਯਾਨ ਦਾ ਭਾਗ ਲਿਖਿਆ ਹੈ ।

ਇਹ ਭੀ ਇਕ ਵਿਗਿਆਨਕ ਸੱਚਾਈ ਹੈ ਕਿ ਸਰੀਰਕ ਪੱਖੋਂ ਕਮਜ਼ੋਰ ਮਨੁਖ ਆਪਣੇ ਤੋਂ ਤਕੜੇ ਉਪਰ ਸਫਲਤਾ ਪਾਉਣ ਲਈ ਦਿਮਾਗ ਤੋਂ ਜ਼ਿਆਦਾ ਕੰਮ ਲੈਂਦਾ ਹੈ ਅਤੇ ਹੋਰ ਰਸਤਾ ਨਾ ਮਿਲਣ ਤੇ ਛਲ ਕਪਟ ਕਰਨ ਤੋਂ ਭੀ ਗੁਰੇਜ਼ ਨਹੀਂ ਕਰਦਾ ਅਤੇ ਇਹੋ ਬਿਰਤੀ ਇਸਤ੍ਰੀ ਵਿਚ ਪ੍ਰਧਾਨ ਹੈ । ਜਿਸ ਨੂੰ ਦੂਸਰੇ ਸ਼ਬਦਾਂ ਵਿਚ ਚਰਿਤ੍ਰ ਕਿਹਾ ਜਾਂਦਾ ਹੈ । ਸ੍ਰੀ ਦਸਮ ਗ੍ਰੰਥ ਦਾ ਇਹ ਭਾਗ ਕੇਵਲ ਇਹ ਦਰਸਾਣ ਲਈ ਹੀ ਲਿਖਿਆ ਹੈ ਤਾਂ ਜੋ ਉਦਾਹਰਣਾਂ ਰਾਹੀਂ ਦੱਸਿਆ ਜਾ ਸਕੇ ਕਿ ਕਾਮ ਵਾਸ਼ਨਾ ਦੇ ਸੀਮਾਂ ਤੋਂ ਵੱਧ ਜਾਣ ਤੇ ਬੰਦਾ ਮਾਨਸਿਕ ਤੌਰ ਤੇ ਕਿੱਥੇ ਤੱਕ ਗਿਰ ਸਕਦਾ ਹੈ ਅਤੇ ਸੀਮਾਂ ਵਿਚ ਰਹਿਣ ਵਾਲਾ ਜੀਵਨ ਵਿਚ ਕਿਸ ਤਰ੍ਹਾਂ ਸਫਲਤਾ ਪਾਉਂਦਾ ਹੈ ।

ਪਹਿਲਾਂ ਤਾਂ ਇਸ ਦੇ ਵਿਰੋਧੀਆਂ ਨੂੰ ਪਾਖਯਾਣ ਦੇ ਅਰਥਾਂ ਦਾ ਹੀ ਪਤਾ ਨਹੀਂ ਹੈ । ਪਾਖਯਾਣ ਦਾ ਅਰਥ ਹੈ ਸੁਣੀ ਹੋਈ ਲੋਕ ਗਾਥਾ ਨਾ ਕਿ ਹਕੀਕਤ (ਅਸਲ ਵਰਤੀ) ਜਿਸ ਤਰ੍ਹਾਂ "ਪੰਚ ਤੰਤਰ" ਨਾਮੀ ਗ੍ਰੰਥ ਵਿਚ ਸ਼ੇਰ ਅਤੇ ਲੂੰਬੜ, ਕਛੂ ਅਤੇ ਸਹੇ ਦੀਆਂ ਕਹਾਣੀਆਂ ਆਪ ਪਾਤਰ ਸਿਰਜ ਕੇ ਕੇਵਲ ਉਪਦੇਸ਼ ਦੇਣ ਲਈ ਬਣਾਈਆਂ ਗਈਆਂ ਹਨ । ਇਸੇ ਤਰ੍ਹਾਂ ਇਨ੍ਹਾਂ ਚਰਿਤ੍ਰਾਂ ਦੇ ਪਾਤਰ ਸਿਰਜ ਕੇ ਸਮਾਜ ਦੀਆਂ ਕਮਜ਼ੋਰੀਆਂ ਉਘਾੜ ਕੇ ਰੱਖੀਆਂ ਹਨ । ਇਸ ਵਿਚ ਲੈਲਾ ਮਜਨੂੰ, ਅਤੇ ਸਮੇਂ ਦੀਆਂ ਹੋਰ ਪ੍ਰਚਲਤ ਕਹਾਣੀਆਂ ਭੀ ਹਨ, ਕ੍ਰਿਸ਼ਨ ਲੀਲਾ ਦੀਆਂ ਕਹਾਣੀਆਂ ਭੀ ਹਨ । ਮਰਦਾਂ ਦੇ ਚਰਿਤ੍ਰ ਭੀ ਹਨ ਅਤੇ ਇਸਤ੍ਰੀਆਂ ਦੇ ਭੀ ਹਨ ।

ਉਨ੍ਹਾਂ ਇਸਤ੍ਰੀਆਂ ਦੀਆਂ ਕਹਾਣੀਆਂ ਭੀ ਦਰਜ ਹਨ ਜਿਨ੍ਹਾਂ ਨੇ ਆਪਣੀ ਸਿਆਣਪ ਅਤੇ ਚਤੁਰਾਈ ਨਾਲ ਆਪਣੇ ਰਾਜੇ ਨੂੰ ਨਰਕਾਂ ਵਿਚ ਜਾਂਦੇ ਨੂੰ ਬਚਾ ਲਿਆ ਅਤੇ ਰਿਆਸਤ ਬਚਾ ਲਈ । ਉਨ੍ਹਾਂ ਮਰਦ ਰਾਜਿਆਂ ਦੀਆਂ ਕਹਾਣੀਆਂ ਭੀ ਹਨ ਜਿਨ੍ਹਾਂ ਨੇ ਆਪਣੇ ਤੇ ਪੂਰਾ ਕੰਟਰੋਲ ਰੱਖ ਕੇ ਸਿਆਣਪ ਨਾਲ ਡੋਰੇ ਪਾਉਣ ਵਾਲੀ ਇਸਤ੍ਰੀ ਨੂੰ ਦੁਰਕਾਰ ਦਿੱਤਾ ਅਤੇ ਉਨ੍ਹਾਂ ਦਾ ਹਾਲ ਭੀ ਦਰਜ ਜੋ ਇਸ ਵੇਗ ਵਿਚ ਰੁੜ੍ਹ ਕੇ ਆਪਣੀ ਜਾਨ ਗੁਆ ਗਏ ।

ਉਂਜ ਜੇ ਦੇਖਿਆ ਜਾਵੇ, ਤਾਂ ਚਰਿਤ੍ਰਾਂ ਵਿਚ ਦਰਜ ਸਾਰੀਆਂ ਘਟਨਾਵਾਂ ਅੱਜ ਭੀ ਉਸੇ ਤਰ੍ਹਾਂ ਵਾਪਰ ਰਹੀਆਂ ਹਨ ਜਿਨ੍ਹਾਂ ਨਾਲ ਅਖਬਾਰ ਭਰੇ ਹੁੰਦੇ ਹਨ।

ਗੁਰੂ ਸਾਹਿਬ ਨੇ ਜੇ ਅੱਜ ਇਹ ਚਰਿਤ੍ਰ ਲਿਖੇ ਹੁੰਦੇ ਤਾਂ ਨਿਸ਼ਚੇ ਹੀ ਧਰਿੰਦਰ ਬ੍ਰਹਮਚਾਰੀ ਜੋ ਆਸਣ ਸ੍ਰੀਮਤੀ ਇੰਦਰਾ ਗਾਂਧੀ ਨੂੰ ਸਿਖਾਉਂਦਾ ਰਿਹਾ ਜ਼ਰੂਰ ਦਰਜ ਕਰਦੇ ਅਤੇ ਅਮਰੀਕਾ ਦੇ ਰਾਸ਼ਟਰਪਤੀ ਮਿ: ਕਲਿੰਟਨ ਅਤੇ ਲਵਿੰਸਕੀ ਦਾ ਕਿੱਸਾ ਭੀ ਲਿਖਦੇ ਜਿਸ ਕਾਰਨ ਮਿ: ਕਲਿੰਟਨ ਨੂੰ ਸਾਰੇ ਦੇਸ਼ ਵਾਸੀਆਂ ਤੋਂ ਟੀ.ਵੀ. ਉਪਰ ਮੁਆਫੀ ਮੰਗ ਕੇ ਸ਼ਰਮਸਾਰ ਹੋਣਾ ਪਿਆ ।

ਚਰਿਤ੍ਰਾਂ ਦੀ ਕਹਾਣੀ ਸ਼ੁਰੂ ਹੀ ਇੰਜ ਹੁੰਦੀ ਹੈ ਇਕ ਚਤ੍ਰ ਸਿੰਘ ਨਾਮੀ ਰਾਜਾ ਚਿਤ੍ਰਵਤੀ ਨਗਰੀ ਵਿਖੇ ਰਹਿੰਦਾ ਸੀ । ਇੰਦਰ ਦੇ ਦਰਬਾਰ ਦੀ ਇਕ ਅਪਸਰਾ ਤੇ ਰਾਜਾ ਮੋਹਿਤ ਹੋਇਆ । ਉਸ ਨਾਲ ਸ਼ਾਦੀ ਕਰ ਕੇ ਕਈ ਸਾਲ ਇਕੱਠੇ ਰਹੇ ਅਤੇ ਇਕ ਹਨਵੰਤ ਸਿੰਘ ਨਾਮ ਵਾਲੇ ਲੜਕਾ ਉਨ੍ਹਾਂ ਦੇ ਪੈਦਾ ਹੋਇਆ । ਅਚਾਨਕ ਅਪਸਰਾ ਇਕ ਦਿਨ ਗੁੰਮ ਹੋ ਗਈ ਅਤੇ ਮੁੜ ਕੇ ਨਾ ਆਈ।

ਉਸ ਦੇ ਵਿਯੋਗ ਵਿਚ ਰਾਜੇ ਨੇ ਅਪਸਰਾ ਦੀ ਫੋਟੋ ਬਣਾ ਕੇ ਆਪਣੇ ਜਾਸੂਸ ਅੱਡ ਅੱਡ ਦਿਸ਼ਾ ਵਿਚ ਭੇਜੇ ਕਿ ਜਿਥੇ ਭੀ ਅਜਿਹੀ ਇਸਤ੍ਰੀ ਮਿਲਦੀ ਹੈ ਉਸ ਨੂੰ ਲੈ ਕੇ ਆਵੋ । ਜਾਸੂਸਾਂ ਦੇ ਦਸਣ ਤੇ ਰਾਜੇ ਨੇ ਆਪਣੇ ਲੜਕੇ ਨੂੰ ਫੌਜ ਦੇ ਕੇ ਭੇਜਿਆ ਅਤੇ ਉਸ ਨੇ ਉੜੀਸਾ ਦੇ ਰਾਜੇ ਨੂੰ ਲੜਾਈ ਵਿਚ ਹਰਾ ਕੇ ਉਸ ਦੀ ਲੜਕੀ ਰਾਜੇ ਨੂੰ ਲਿਆ ਦਿੱਤੀ ।

ਰਾਜੇ ਨੇ ਉਸ ਨਾਲ ਵਿਆਹ ਕਰਵਾ ਲਿਆ । ਪਰ ਨਵੀਂ ਰਾਣੀ ਦੇ ਮਨ ਵਿਚ ਰਾਜੇ ਦੀ ਬਜਾਏ ਰਾਜਕੁਮਾਰ (ਜੋ ਉਸ ਨੂੰ ਲੜਾਈ ਵਿਚ ਜਿਤ ਕੇ ਲਿਆਇਆ ਸੀ) ਵੱਸ ਗਿਆ ਅਤੇ ਉਸ ਨੇ ਮਨ ਦੀ ਬਿਰਥਾ ਰਾਜ ਕੁਮਾਰ ਨੂੰ ਦੱਸ ਦਿੱਤੀ । ਰਾਜਕੁਮਾਰ ਦੇ ਮਨ੍ਹਾਂ ਕਰਨ ਤੇ ਰਾਣੀ ਨੇ ਰਾਜੇ ਨੂੰ ਵਧਾ ਚੜ੍ਹਾ ਕੇ ਦਸਿਆ ਕਿ ਰਾਜਕੁਮਾਰ ਨੇ ਮੇਰੇ ਨਾਲ ਗੁਸਤਾਖੀ ਕੀਤੀ ਹੈ ।

ਰਾਜੇ ਨੇ ਕ੍ਰੋਧਿਤ ਹੋ ਕੇ ਪੁੱਤਰ ਨੂੰ ਕਤਲ ਕਰਨ ਦਾ ਹੁਕਮ ਦੇ ਦਿੱਤਾ ਪਰ ਮੰਤਰੀਆਂ ਨੇ ਸਮਝਾਇਆ ਕਿ ਇਸ ਵਿਚ ਕੋਈ ਭੇਦ ਹੈ । ਇਸਤ੍ਰੀ ਦਾ ਭੇਦ ਪਾਉਣਾ ਮੁਸ਼ਕਲ ਹੈ ਅਸੀਂ ਤੈਨੂੰ ਵਾਰਤਾ ਸੁਣਾਉਂਦੇ ਹਾਂ ਫਿਰ ਤੂੰ ਆਪਣਾ ਨਿਰਣਾ ਲਈਂ । ਰਾਜੇ ਨੇ ਪੁੱਤਰ ਨੂੰ ਕੈਦ ਕਰ ਦਿੱਤਾ ਅਤੇ ਮੰਤਰੀ ਰਾਜੇ ਨੂੰ ਹਰ ਰੋਜ਼ ਨਵੀਂ ਵਾਰਤਾ ਸੁਣਾਉਂਦੇ ਹਨ । ਇਸ ਲਈ ਹਰ ਚਰਿਤ੍ਰ ਦੀ ਸਮਾਪਤੀ ਤੇ ਲਿਖਿਆ ਹੈ

**ਇਤ ਸ੍ਰੀ ਚਰਿਤ੍ਰ ਪਖਯਾਨੰ ਤ੍ਰਿਯਾ ਚਰਿਤ੍ਰ ਮੰਤ੍ਰੀ ਭੂਪ ਸੰਬਾਦੇ (ਚਰਿਤ੍ਰ ਨੰ) ਸਮਾਪਤਮ (ਸਤੁ ਸੁਭਮ ਸਤੁ)**

ਪਾਠਕ ਆਪ ਹੀ ਅੰਦਾਜ਼ਾ ਲਾ ਲੈਣ ਕਿ ਇਹ ਮਨੋ ਕਲਪਤ ਪਾਤਰ ਰਚ ਕੇ ਵਾਰਤਾਵਾਂ ਲਿਖੀਆਂ ਹਨ ਜਾਂ ਗੁਰੂ ਸਾਹਿਬ ਵਲੋਂ ਚਰਿਤ੍ਰਾਂ ਅੰਦਰ ਦਸੀਆਂ ਗੱਲਾਂ ਨੂੰ ਅਪਨਾਉਣ ਦਾ ਉਪਦੇਸ਼ ਦਿੱਤਾ ਹੈ ।

ਜਿਸ ਤਰ੍ਹਾਂ ਕੋਈ ਸਮਾਜਕ ਸਿੱਖਿਆ ਲਈ, ਸਮਾਜ ਦੀਆਂ ਬੁਰਾਈਆਂ ਉਘਾੜਨ ਲਈ ਕੋਈ ਫਿਲਮ ਬਣਦੀ ਹੈ ਉਸ ਵਿਚ ਫਿਲਮ ਦਾ ਡਾਇਰੈਕਟਰ ਜੇ ਬਲਾਤਕਾਰ ਦਾ ਸੀਨ ਦਿਖਾਉਂਦਾ ਹੈ ਇਸ ਦਾ ਇਹ ਮਤਲਬ ਕੱਢ ਲੈਣਾ ਕਿ ਫਿਲਮ ਇਹ ਸਭ ਕੁਛ ਕਰਨ ਲਈ ਪ੍ਰੇਰਿਤ ਕਰ ਰਹੀ ਹੈ ਮੂਰਖਤਾ ਨਹੀਂ ਤਾਂ ਹੋਰ ਕੀ ਹੈ ? ਫਿਲਮ ਦੇ ਪਿਛੇ ਕੀ Theme ਹੈ ਸਿਆਣਾ ਬੰਦਾ ਉਹ ਪਕੜੇਗਾ ਅਤੇ ਫਿਲਮ ਨੂੰ ਦੇਖਣ ਵਾਲਾ ਮੂਰਖ ਦੂਸਰਾ ਪੱਖ ਲਵੇਗਾ । ਦਸਮ ਗ੍ਰੰਥ ਦੇ ਵਿਰੋਧੀ ਅਗਿਆਨਤਾ ਵੱਸ ਜਾਂ ਸ਼ਰਾਰਤਨ, ਪੂਰੇ ਚਰਿਤ੍ਰ ਦੇ ਭਾਵ ਨੂੰ ਸਮਝੇ ਬਗੈਰ, ਵਿਚੋਂ ਵਿਚੋਂ ਤੁਕਾਂ ਲੈ ਕੇ ਇਸ ਵਿਸ਼ੇ ਤੇ ਚਿੱਕੜ ਉਛਾਲ ਰਹੇ ਹਨ। ਹੁਣ ਅਸੀਂ ਕੁਛ ਕੁ ਉਟੰਕਣਾ ਦੇ ਉੱਤਰ ਦੇਣ ਦੀ ਕੋਸ਼ਿਸ਼ ਕਰਾਂਗੇ।

**ਐਸੀ ਫਬਤ ਦੁਹਨ ਕੀ ਜੋਰੀ ॥ ਜਨਕ ਕ੍ਰਿਸ਼ਨ ਬ੍ਰਿਖਭਾਨ ਕਿਸੋਰੀ ॥**

**ਚਰਿਤ੍ਰ 111 ਦ. ਗ੍ਰੰ. ਪੰਨਾ 967**

**ਦੁਹੂੰ ਹਾਥ ਤਿਹ ਕੁਚਨ ਮਰੋਰੈ ॥ ਜਨ ਖੋਯੈ ਨਿਧਨੀ ਧਨੁ ਟੋਰੈ ॥**
**ਬਾਰ ਬਾਰ ਤਿਹ ਗਰੈ ਲਗਾਵੈ ॥ ਜਨੁ ਕੰਦ੍ਰਪ ਕੋ ਦੁੱਖ ਮਿਟਾਵੈ ॥**
**ਭੋਗਤ ਤਾਹਿ ਜੰਘ ਲੈ ਕਾਂਧੇ ॥ ਜਨੁ ਦਵੈ ਮੈਨ ਤਰਕਸ਼ਨ ਬਾਂਧੇ ॥**

**(ਚਰਿਤ੍ਰ 111 ਦ.ਗ੍ਰ. ਪੰਨਾ 967)**

ਉਸ ਵੇਲੇ ਦੇ ਸਮਾਜ ਵਿਚ ਅਤੇ ਅਜ ਵੀ ਕਈ ਮਾਂ ਬਾਪ ਲਾਲਚ ਵਿਚ ਆ ਕੇ ਜਾਂ ਕਿਸੇ ਹੋਰ ਕਾਰਨ, ਲੜਕੀ ਨੂੰ ਬੁੱਢੇ ਨਾਲ ਜੋੜ ਦਿੰਦੇ ਸਨ ਜਾਂ ਸਰੀਰਕ ਪੱਖੋਂ ਕਮਜੋਰ ਇਕ ਦੂਸਰੇ ਦੀ ਜੋੜੀ ਬਣ ਜਾਂਦੀ ਸੀ ਅਤੇ ਜ਼ਿੰਦਗੀ ਇਸਤ੍ਰੀ ਪੁਰਸ਼ ਦੀ ਨਰਕ ਬਣ ਜਾਂਦੀ ਸੀ । ਇਸੇ ਚਰਿਤ੍ਰ ਦੇ ਬੰਦ 23 ਤੋਂ 27 ਤੱਕ ਇਸ ਤਰ੍ਹਾਂ ਦਰਜ ਹੈ ।

"ਜਵਾਨ ਇਸਤ੍ਰੀ ਜਵਾਨ ਮਰਦ ਚੌਦਵੀਂ ਦੇ ਚੰਦ ਵਾਂਗ ਜਿਵੇਂ ਚਾਨਣੀ ਰਾਤ ਹੁੰਦੀ ਹੈ ਇਕ ਦੂਜੇ ਨਾਲ ਬਰਾਬਰੀ ਕਰਦੇ ਹਨ ਹਾਰ ਕੇ ਪਿੱਛੇ ਹਟੇ ਤਾਂ ਕੌਣ ਹਟੇ । ਪੜ੍ਹਿਆ ਲਿਖਿਆ ਪੁਰਸ਼ ਅਤੇ ਪੜ੍ਹੀ ਲਿਖੀ ਜਵਾਨ ਇਸਤ੍ਰੀ ਇਕ ਦੂਜੇ ਨੂੰ ਪ੍ਰਾਪਤ ਕਰਕੇ ਵੱਧ ਚੜ੍ਹ ਕੇ ਇਕ ਦੂਜੇ ਨੂੰ ਗਲ੍ਹ ਲਗਾਉਂਦੇ ਹਨ ਇਕ ਪਲ ਭੀ ਦੂਰ ਨਹੀਂ ਹੋਇਆ ਜਾਂਦਾ । ਜੇ ਕੋਈ ਅਕਲਮੰਦ ਪੁਰਸ਼ ਅਕਲਮੰਦ ਇਸਤ੍ਰੀ ਨੂੰ ਪਾ ਲਵੇ ਉਹ ਫਿਰ ਉਸ ਨੂੰ ਆਪਣੇ ਦਿਲ ਤੋਂ ਨਹੀਂ ਭੁਲਾਉਂਦਾ, ਕਿਸੇ ਬੇ ਅਕਲ ਮੂਰਖ ਨੂੰ ਦਿਲ ਤੇ ਕਦੇ ਵੀ ਨਹੀਂ ਲਿਆਉਂਦਾ। ਮਨ ਬਚਨ ਕਰ ਕੇ ਸੁੰਦਰਤਾ ਅਤੇ ਸੁਘੜਤਾ ਨਾਲ ਹੀ ਵਿਆਹ ਕਰਦੇ ਹਨ । ਚੰਦਨ ਦੀ ਤਾਂ ਇਕ ਚੌਕੀ ਹੀ ਚੰਗੀ ਹੈ ਲਕੜੀ ਦਾ ਬ੍ਰਿਛ ਕਿਸ ਕੰਮ ਹੈ ਚੰਦਨ ਦੀ ਚੌਕੀ ਸਾਹਮਣੇ । ਸਿਆਣੇ ਪੁਰਸ਼ ਨਾਲ ਗਰੀਬੀ ਵੀ ਚੰਗੀ ਹੈ । ਮੂਰਖ ਦੇ ਰਾਜ ਨਾਲੋਂ ।"

ਇਹ ਹੈ ਤੱਤਸਾਰ ਸਿਖਿਆ ਜੋ ਇਸ ਚਰਿਤ੍ਰ ਵਿਚੋਂ ਨਿਕਲਦੀ ਹੈ ਬਾਕੀ ਸਭ ਇਸ ਗੱਲ ਨੂੰ ਸਿੱਧ ਕਰਨ ਲਈ ਪਾਤਰ ਸਿਰਜ ਕੇ ਸਭ ਕੁਝ ਸਹੀ ਰੂਪ ਵਿਚ ਜੋ ਇਕ ਜਵਾਨ ਮਰਦ ਅਤੇ ਇਸਤ੍ਰੀ ਕਰਦੇ ਹਨ ਦਰਸਾਇਆ ਗਿਆ ਹੈ । ਪਿਛਲੇ ਸਮੇਂ ਵਿਚ ਅਫੀਮ ਭੰਗ ਦਾ ਸਹਾਰਾ ਲਿਆ ਜਾਂਦਾ ਸੀ ਚੇਸ਼ਟਾ ਵਧਾਣ ਲਈ, ਅੱਜ ਕੱਲ ਇਕ ਦਿਨ ਵਿਚ ਕਿੰਨੀਆਂ ਗੋਲੀਆਂ ਵਿਆਗਾਰਾ ਦੀਆਂ ਵਰਤੀਆਂ ਜਾਂਦੀਆਂ ਹਨ ਕੋਈ ਗਿਣਤੀ ਨਹੀਂ, ਨ ਹੀ ਕਦੇ ਕਿਸੇ ਨੇ ਇਸ ਬਾਰੇ ਇਤਰਾਜ਼ ਕੀਤਾ ਹੈ । ਮਕਸਦ ਦੋਨਾਂ ਦਾ ਇਕੋ ਹੀ ਹੈ । ਦਸਮ ਗ੍ਰੰਥ ਦੇ ਵਿਰੋਧੀ ਤਤ ਸਾਰ ਨੂੰ ਛੱਡ ਕੇ ਛਿਲੜ ਚੱਬ ਕੇ ਕਹਿੰਦੇ ਹਨ ਇਹ ਫੋਕਾ ਹੈ ।

(2) ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਦਸਮ ਗ੍ਰੰਥ ਵਿਚ ਇਸਤ੍ਰੀ ਜਾਤੀ ਦਾ ਨਿਰਾਦਰ ਕੀਤਾ ਗਿਆ ਹੈ । ਗੁਰਬਾਣੀ ਕਹਿ ਰਹੀ ਹੈ :-

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥**

**ਉੱਤਰ** :- ਗੁਰਬਾਣੀ ਅਨੁਸਾਰ ਇਸਤ੍ਰੀ ਦੇ ਭਿੰਨ-ਭਿੰਨ ਰੂਪ ਹਨ । ਕੁਚੱਜੀ, ਸੁਚੱਜੀ ਅਤੇ ਗੁਣਵੰਤੀ । ਅੱਜ ਦੀ ਕਿਰਨ ਬੇਦੀ ਵਰਗੀ ਇਸਤ੍ਰੀ ਦੇ ਗੁਣਾਂ ਨੂੰ ਨਜ਼ਰ ਅੰਦਾਜ਼ ਕਰ ਕੇ ਜਦ ਸਮਾਜ ਵਿਚ ਕੇਵਲ ਇਸਤਰੀ ਹੋਣ ਕਰਕੇ ਦੁਰਕਾਰਿਆ ਜਾਂਦਾ ਸੀ ਮੂਰਖ, ਪਸ਼ੂ ਅਤੇ ਢੋਰ ਆਖ ਕੇ ਅਤਿਆਚਾਰ ਹੋ ਰਹੇ ਸਨ ਤਾਂ ਮਹਾਰਾਜ ਨੇ ਉਪਦੇਸ਼ ਦਿੱਤਾ :

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ।।**

ਕੀ ਇਸ ਪੰਗਤੀ ਦਾ ਸਹਾਰਾ ਲੈ ਕੇ ਇਕ ਦੁਰਾਚਾਰੀ ਔਰਤ ਨੂੰ ਮੱਥਾ ਟੇਕਣਾ ਚਾਹੀਦਾ ਹੈ ? ਯਾ ਕੀ ਇਹ ਤੁਕ ਉਨ੍ਹਾਂ ਇਸਤਰੀਆਂ ਲਈ ਹੈ ਜੋ ਅਮਰੀਕਾ ਦੀ ਅਲਬਾਹਮਾ ਸਟੇਟ ਵਿਚ ਸਲਾਨਾ ਜਸ਼ਨ ਮਨਾਉਣ ਵੇਲੇ ਅਲਫ ਨੰਗੀਆਂ ਹੋ ਕੇ ਸਰੀਰ ਤੇ ਪੇਂਟ ਮਲ੍ਹ ਕੇ ਨੱਚਦੀਆਂ ਹਨ ਜਾਂ ਕੀ ਉਸ ਇਸਤ੍ਰੀ ਲਈ ਹਨ ਜੋ ਮਾਡਲ ਗਰਲ ਬਣ ਕੇ ਬੀਚ ਤੇ ਜਾ ਕੇ ਕੇਵਲ ਚਾਰ ਇੰਚ ਦੀ ਬਿਕਨੀ ਪਾ ਕੇ ਇਸ਼ਤਿਹਾਰ ਲਈ ਫੋਟੋਆਂ ਖਿਚਵਾਂਦੀ ਹੈ । ਸਭ ਨੂੰ ਪਤਾ ਹੈ ਕਿ ਰਜ਼ੀਆ ਸੁਲਤਾਨਾ ਨੇ ਸ਼ਾਹੀ ਖਾਨਦਾਨ ਦੇ ਬੰਦਿਆਂ ਨੂੰ ਨਜ਼ਰ ਅੰਦਾਜ਼ ਕਰ ਕੇ ਆਪਣੇ ਹਬਸ਼ੀ ਨਫਰ ਤੇ ਮੋਹਿਤ ਹੋ ਕੇ ਨਿਕਾਹ ਕਰ ਲਿਆ। ਦਰਬਾਰ ਵਿਚ ਬਗ਼ਾਵਤ ਹੋ ਗਈ ਅਤੇ ਰਜੀਆ ਬੇਗ਼ਮ ਨੂੰ ਆਤਮ ਹੱਤਿਆ ਕਰਨੀ ਪਈ ।

1998 ਵਿਚ ਨਿਊਯਾਰਕ ਦੀ 37 ਸਾਲਾ ਟੀਚਰ, ਤਿੰਨ ਬੱਚਿਆਂ ਦੀ ਮਾਂ ਆਪਣੇ 15 ਸਾਲਾ ਵਿਦਿਆਰਥੀ ਨਾਲ ਪਿਆਰ ਦੀ ਪੀਂਘ ਦੇ ਹੁਲਾਰੇ ਲੈਂਦੀ ਇਕ ਬੱਚੇ ਦੀ ਮਾਂ ਬਣ ਗਈ । ਭੇਦ ਖੁੱਲ੍ਹਣ ਤੇ ਨੌਕਰੀ ਤੋਂ ਕੱਢ ਦਿੱਤਾ ਗਿਆ ਅਤੇ ਮੁਕਦਮਾ ਚਲਿਆ ਅਤੇ 7 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ । ਕੈਦ ਕੱਟ ਕੇ ਫਿਰ ਉਸੇ ਲੜਕੇ ਨਾਲ ਸ਼ਾਦੀ ਕਰ ਲਈ ।

ਟੀ.ਵੀ. ਚੈਨਲ 'ਆਜ ਤੱਕ' ਦੀ ਖਬਰ ਸੀ, ਗਾਜ਼ੀਆਬਾਦ ਦੀ ਇਕ ਇਸਤਰੀ ਟੀਚਰ ਹਰ ਰੋਜ਼ ਰਿਕਸ਼ੇ ਤੇ ਬੈਠ ਕੇ ਸਕੂਲ ਜਾਂਦੀ ਸੀ । ਪਿਆਰ ਵਿਚ ਫਸ ਕੇ ਰਿਕਸ਼ਾ ਚਾਲਕ ਨਾਲ ਘਰੋਂ ਭੱਜ ਗਈ ਅਤੇ ਅਗਵਾ ਕਰਨ ਦਾ ਡਰਾਮਾ ਰਚ ਕੇ ਆਪਣੇ ਪ੍ਰੇਮੀ ਤੋਂ ਦਸ ਲੱਖ ਦੀ ਫਿਰੌਤੀ ਦੇ ਪੈਸੇ ਲਈ ਘਰ ਟੈਲੀਫੂਨ ਕਰਵਾ ਦਿੱਤਾ । ਅਖੀਰ ਫੜੀ ਗਈ ਅਤੇ ਸਭ ਕੁਝ ਜ਼ਾਹਰ ਹੋ ਗਿਆ। ਕੀ ਅਜੇਹੀਆਂ ਔਰਤਾਂ ਲਈ ਗੁਰੂ ਸਾਹਿਬ ਨੇ ਕਿਹਾ ਸੀ "ਸੋ ਕਿਉ ਮੰਦਾ ਆਖੀਐ ਜੋ ਜੰਮਹਿ ਰਾਜਾਨ" ? ਅੱਜ ਕੱਲ੍ਹ ਪੈਸਾ ਕਮਾਉਣ ਦੇ ਲਾਲਚ ਵਿਚ, ਟੈਲੀਵੀਜ਼ਨ ਤੇ ਇਸਤਰੀਆਂ, ਜੋ ਨਗਨਤਾ ਦਾ ਪ੍ਰਦਰਸ਼ਨ ਕਰ ਰਹੀਆਂ ਹਨ ਉਸ ਨੂੰ ਸਮਾਜ ਦਾ ਹਰ ਸੂਝਵਾਨ ਵਿਅਕਤੀ ਦੁਰਕਾਰ ਰਿਹਾ ਹੈ ।

ਗੁਰਬਾਣੀ ਦੀਆਂ ਇਨ੍ਹਾਂ ਤੁਕਾਂ ਵੱਲ ਧਿਆਨ ਦੇਣਾ ਚਾਹੀਦਾ ਹੈ :

**ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਅਹੋਈ ਰਾਖੈ ਨਾਰਿ ॥ ਗਦਹੀ ਹੋਇ ਕੈ ਅਉਤਰੈ ਭਾਰੁ ਸਹੈ ਮਨ ਚਾਰਿ ॥**
**ਕਬੀਰ ਨ੍ਰਿਪੁ ਨਾਰੀ ਕਿਉ ਨਿੰਦੀਐ ਕਿਉ ਹਰਿ ਚੇਰੀ ਕਉ ਮਾਨੁ ॥**
**ਓਹੁ ਮਾਂਗ ਸਵਾਰੈ ਬਿਖੈ ਕਉ ਓਹੁ ਸਿਮਰੈ ਹਰਿ ਨਾਮੁ ॥ ਅੰਕ ੧੩੧੩**
**ਜਿਨ ਹਰਿ ਹਿਰਦੇ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ॥ ਅੰਕ ੬੭੯**
**ਕਬੀਰ ਬੈਸਨੋ ਕੀ ਕੂਕਰਿ ਭਲੀ ਸਾਕਤ ਕੀ ਬੁਰੀ ਮਾਇ ॥**
**ਓਹੁ ਨਿਤ ਸੁਨੈ ਹਰਿ ਨਾਮ ਜਸੁ ਉਹ ਪਾਪ ਬਸਾਹਿਨ ਜਾਇ ॥ ਅੰਕ ੧੩੬੭**

ਦਸਮ ਪਿਤਾ ਨੇ ਦੁਰਾਚਾਰੀ ਔਰਤਾਂ ਦੇ ਅਤੇ ਗੁਣਵੰਤੀਆਂ ਦੇ ਦੋਨੋਂ ਪੱਖ ਉਘਾੜ ਕੇ ਦਰਸਾਏ ਹਨ। ਆਪਣੇ ਵੱਲੋਂ ਸਿੱਖਾਂ ਨੂੰ ਇਹ ਸਭ ਕੁਛ ਅਪਨਾਉਣ ਲਈ ਇਕ ਲਾਈਨ ਭੀ ਨਹੀਂ ਲਿਖੀ ਦੋਨੋਂ ਪੱਖ ਪ੍ਰਗਟ ਕਰ ਕੇ ਨਿਰਣਾ ਪਾਠਕਾਂ ਤੇ ਛੱਡ ਦਿੱਤਾ ਹੈ। ਦਸਮ ਗ੍ਰੰਥ ਦੇ ਇਸ ਭਾਗ ਨੂੰ ਅਸ਼ਲੀਲ ਬਾਣੀ ਕਹਿਣ ਵਾਲਿਆਂ ਨੂੰ ਅਸੀਂ ਚੈਲੰਜ ਕਰਦੇ ਹਾਂ ਕਿ ਕੋਈ ਇਕ ਛੰਦ ਭੀ ਚਰਿਤ੍ਰਾਂ ਵਿਚੋਂ ਦੱਸਣ ਜਿਥੇ ਮਹਾਰਾਜ ਨੇ ਨਸ਼ੇ ਕਰਨ, ਕੇਸ ਮੁੰਨਾਉਣ ਜਾਂ ਹੋਰ ਅਨੈਤਿਕਤਾ ਕਰਨ ਲਈ ਉਪਦੇਸ਼ ਦਿੱਤਾ ਹੋਵੇ। ਬਲਕਿ ਅਨੇਕਾਂ ਥਾਂਈ ਲਿਖਿਆ ਹੈ ਮੂਰਖ ਰਾਜਾ ਛਲਿਆ ਗਿਆ, ਭੇਦ ਨਹੀਂ ਪਾ ਸਕਿਆ, ਸਮਝ ਨਹੀਂ ਸਕਿਆ ਇਤਿਆਦਿ।

(3) **ਤ੍ਰਿਯ ਝਾਂਟ ਨ ਮੂੰਡੀ ਜਾਇ ॥ ਬੇਦ ਪੁਰਾਨਨ ਮੈ ਸੁਨਿ ਪਾਈ ॥**
**ਹਸਿ ਕਰਿ ਬਚਨ ਸੋ ਛਾਨਿਓ॥ ਮੈ ਆਪੁਨੇ ਜੀਯ ਸਾਚ ਨ ਜਾਨਯੋ॥**
**ਤੈਂ ਤ੍ਰਿਯਾ ਹਮ ਸੋ ਝੂਠਿ ਉਚਾਰੀ ॥ ਹਮ ਮੂੰਡੇਗੇ ਝਾਂਟ ਤਿਹਾਰੀ ॥**
**ਤੇਜ ਅਸਤੁਰਾ ਏਕ ਮੰਗਾਯੋ ॥ ਨਿਜ ਕਰ ਗਹਿਕੈ ਰਾਵ ਚਲਾਯੋ॥**
**ਤਾਂ ਕੀ ਮੂੰਡਿ ਝਾਟਿ ਸਭ ਡਾਰੀ ॥ ਦੈ ਕੇ ਹਸੀ ਚੰਚਲਾ ਤਾਰੀ॥**
**(ਚਰਿਤ੍ਰ 190)**

ਚਰਿਤ੍ਰ ਦਾ ਪਿਛੋਕੜ ਇਹ ਹੈ ਕਿ ਇਕ ਰਾਜਾ ਕਾਮ ਵਸ ਹੋ ਕੇ ਇਕ ਇਸਤਰੀ ਦੇ ਵੱਸ ਹੋ ਜਾਂਦਾ ਹੈ ਜਿਸ ਨੇ ਪਹਿਲਾਂ ਹੀ ਸਹੇਲੀਆਂ ਨਾਲ ਸ਼ਰਤ ਲਗਾਈ ਹੁੰਦੀ ਹੈ ਕਿ ਮੈਂ ਅਜ ਰਾਜੇ ਕੋਲੋਂ ਪਾਣੀ ਮੰਗਵਾਵਾਂਗੀ ਅਤੇ ਝਾਂਟਾਂ ਮੁੰਨਵਾਂਵਾਂਗੀ। ਪਿਆਰ ਦੀ ਖੇਡ ਖੇਡਦੀ ਪਹਿਲਾਂ ਇਸਤ੍ਰੀ ਬੇਹੋਸ਼ ਹੋਣ ਦਾ ਡਰਾਮਾ ਰਚ ਕੇ ਪਾਨੀ ਪਾਨੀ

ਕਹਿੰਦੀ ਹੈ ਅਤੇ ਰਾਜਾ ਆਪ ਪਾਣੀ ਲੈ ਕੇ ਆਉਂਦਾ ਹੈ ਅਤੇ ਫਿਰ ਇਸੇ ਤਰ੍ਹਾਂ ਵੇਦ ਸ਼ਾਸ਼ਤਰਾਂ ਦਾ ਝੂਠਾ ਹਵਾਲਾ ਦੇ ਕੇ ਰਾਜੇ ਕੋਲੋਂ ਝਾਂਟਾਂ ਮੁੰਨਵਾਉਂਦੀ ਹੈ ।

**ਸਪਸ਼ਟੀਕਰਨ** : ਇਹ ਕੋਈ ਅਲੋਕਾਰ ਦੀ ਗੱਲ ਨਹੀਂ । ਸਭ ਨੂੰ ਪਤਾ ਹੈ ਕਿ ਪਟਿਆਲੇ ਦਾ ਇਕ ਰਾਜਾ ਬਹੁਤੀਆਂ ਰਾਣੀਆਂ ਕਰਕੇ ਮਸ਼ਹੂਰ ਸੀ ਇਕ ਦਿਨ ਇਕ ਨਵੀਂ ਰਾਣੀ ਮਹਿਲਾਂ ਵਿਚ ਆਈ, ਮਹਾਰਾਜੇ ਨਾਲ ਹਮਬਿਸਤਰ ਹੋਣ ਵੇਲੇ ਉਸ ਨੇ ਆਪਣੇ ਗੁਪਤ ਅੰਗ ਤੇ ਹੱਥ ਰੱਖ ਕੇ ਮਹਾਰਾਜਾ ਸਾਹਿਬ ਨੂੰ ਕਿਹਾ ਕਿ ਪਹਿਲਾਂ ਮੇਰੇ ਭਰਾ ਨੂੰ ਫੌਜ ਵਿਚ ਲਫਟੈਣ ਭਰਤੀ ਕਰੋ ਫਿਰ ਮੇਰੇ ਨਾਲ ਸੰਗ ਕਰਨਾ । ਕਾਮ ਵੇਗ ਵਿਚ ਅੰਨ੍ਹੇ ਹੋਏ ਮਹਾਰਾਜੇ ਨੇ ਉਸੇ ਵੇਲੇ ਸਬੰਧਤ ਅਫਸਰ ਨੂੰ ਫੋਨ ਕਰ ਦਿੱਤਾ ਕਿ ਫਲਾਣੇ ਬੰਦੇ ਨੂੰ ਲਫਟੈਨ ਬਣਾ ਦਿਉ ਨਾਲ ਹੀ ਕਿਹਾ "ਹੁਣ ਤਾਂ ਹੱਥ ਚੱਕ" ਹੁਕਮ ਦੇ ਨਾਲ ਹੀ ਇਹ ਗੱਲ ਭੀ ਟੈਲੀਫੂਨ ਤੇ ਪਹੁੰਚ ਗਈ ਅਤੇ ਪਟਿਆਲੇ ਦੇ ਹੱਥ ਚੱਕ ਲਫਟੈਨ ਮਸ਼ਹੂਰ ਹੋ ਗਏ। ਆਮ ਹਾਲਤਾਂ ਵਿਚ ਭੀ ਇਸਤਰੀ ਆਪਣੇ ਪਿਆਰ ਵਿਚ ਰੰਗ ਕੇ ਸੇਜ ਭੋਗਣ ਵੇਲੇ ਕਿੰਨੇ ਬਿਲ ਪਾਸ ਕਰਾਂਦੀ ਹੈ ਅਤੇ ਕਿੰਨੇ ਵਾਅਦੇ ਕਰਾਉਂਦੀ ਹੈ ਇਹ ਕਿਸੇ ਤੋਂ ਲੁਕੀ ਛਿੱਪੀ ਗੱਲ ਨਹੀਂ ।

ਇਸ ਵਾਰਤਾ ਦਾ ਸਾਰੰਸ਼ ਦਰਸਾਂਦਾ ਹੈ ਕਿ ਕਾਮ ਵੱਸ ਪ੍ਰਾਣੀ ਦੀ ਅਕਲ ਦਾ ਭੋਗ ਕਿਸ ਤਰ੍ਹਾਂ ਪੈ ਜਾਂਦਾ ਹੈ ਅਤੇ ਆਪਣੇ ਮਾਣ ਸਤਿਕਾਰ ਨੂੰ ਭੀ ਭੁੱਲ ਜਾਂਦਾ ਹੈ । ਇਸ ਬਾਰੇ ਗੁਰਬਾਣੀ ਦਾ ਫੁਰਮਾਨ ਇਸ ਤਰ੍ਹਾਂ ਹੈ ।

**ਸਾਰਾ ਦਿਨੁ ਲਾਲਚਿ ਅਟਿਆ ਮਨਮੁਖ ਹੋਰੇ ਗੱਲਾ ॥**
**ਰਾਤੀ ਊਘੈ ਦਬਿਆ ਨਵੇ ਸੋਤ ਸਭਿ ਢਿਲਾ ॥**
**ਮਨਮੁਖਾਂ ਦੇ ਸਿਰਿ ਜੋਰਾ ਅਮਰੁ ਹੈ ਨਿਤ ਦੇਵਹਿ ਭਲਾ ॥**
**ਜੋਰਾ ਦਾ ਆਖਿਆ ਪੁਰਖ ਕਮਾਵਦੇ ਸੇ ਅਪਵਿਤ ਅਮੇਧ ਖਲਾ ॥**
**ਕਾਮਿ ਵਿਆਪੇ ਕੁਸੁਧ ਨਰ ਸੇ ਜੋਰਾ ਪੁਛਿ ਚਲਾ ॥ ਅੰਕ** ੩੦੪

**ਅਰਥ** : ਮਨਮੁਖ ਸਾਰਾ ਦਿਨ ਲਾਲਚ ਵਿਚ ਫਸਿਆ ਹੋਇਆ ਹੋਰ ਹੋਰ ਗੱਲਾਂ ਕਰਦਾ ਹੈ । ਰਾਤ ਨੂੰ ਨੀਂਦ ਦੇ ਦੱਬਣ ਕਾਰਨ ਸਰੀਰ ਦੇ ਨੌਂ ਦਰਵਾਜੇ ਢਿੱਲੇ ਪੈ ਜਾਂਦੇ ਹਨ । ਮਨਮੁਖਾਂ ਦੇ ਸਿਰ ਉਤੇ ਰੰਨਾਂ ਦਾ ਹੁਕਮ ਚਲਦਾ ਹੈ । ਉਹ (ਨਿਤ) ਹੁਕਮ ਦਿੰਦੀਆਂ ਹਨ ਅਤੇ ਮਨਮੁਖ ਉਸ ਨੂੰ ਚੰਗਾ ਕਰ ਕੇ ਕਮਾਂਦੇ ਹਨ । (ਜੋ) ਪੁਰਸ਼ ਰੰਨਾ ਦਾ

ਆਖਿਆ ਮੰਨਦੇ ਹਨ ਉਹ ਅਪਵਿਤ੍ਰ ਗੰਦੇ ਅਤੇ ਮੂਰਖ ਹੁੰਦੇ ਹਨ । ਅਪਵਿਤ੍ਰ ਮਨੁੱਖਾਂ ਨੂੰ ਕਾਮ ਚੇਸ਼ਟਾ ਵਿਆਪਦੀ ਹੈ (ਜਿਸ ਕਾਰਨ) ਰੰਨਾ ਪਾਸੋਂ ਪੁਛ ਕੇ ਉਨ੍ਹਾਂ ਦੇ ਦੱਸੇ ਹੋਏ ਰਸਤੇ ਤੇ ਚਲਦੇ ਹਨ । ਕੀ ਇਹ ਗੁਰ ਫੁਰਮਾਣ ਚਰਿਤ੍ਰ ਦੇ ਤਤਸਾਰ ਤੋਂ ਵੱਖਰਾ ਹੈ ?

**ਦੀਵਾਨ ਜਰਮਨੀ ਦਾਸ ਨੇ ਆਪਣੀ ਕਿਤਾਬ "ਮਹਾਰਾਜਾ" ਵਿਚ ਕਈ ਸੱਚੀਆਂ ਕਹਾਣੀਆਂ ਲਿਖੀਆਂ ਹਨ । ਕੀ ਜਰਮਨੀ ਦਾਸ ਨੇ ਲੋਕਾਂ ਨੂੰ ਇਹ ਸਭ ਕੁਛ ਕਰਨ ਦੇ ਉਪਦੇਸ਼ ਲਈ ਲਿਖੀਆਂ ਹਨ ? ਨਹੀਂ, ਕੇਵਲ ਰਾਜਿਆਂ ਦੇ ਚਰਿਤ੍ਰ ਦੀ ਫੋਟੋ ਪੇਸ਼ ਕਰਨ ਲਈ ਲਿਖੀਆਂ ਹਨ । ਕਾਸ਼ ਕਿ ਸਿੱਖ ਰਾਜਿਆਂ ਅਤੇ ਸਰਦਾਰਾਂ ਨੂੰ ਸਹੀ ਢੰਗ ਨਾਲ ਇਨ੍ਹਾਂ ਚਰਿਤਰਾਂ ਰਾਹੀਂ ਸੁਚੇਤ ਕੀਤਾ ਹੁੰਦਾ ਤਾਂ ਅਨੇਕਾਂ ਗੁਣਾਂ ਦੇ ਭੰਡਾਰ ਸਾਬਕਾ ਮਹਾਰਾਜਾ ਪਟਿਆਲਾ ਦੀ ਅੱਜ ਇਹ ਦਿਖ ਨ ਹੁੰਦੀ ਅਤੇ ਸਰਦਾਰਾਂ ਵਿਚ ਸਿਖੀ ਦਾ ਪਤਨ ਨਾ ਹੁੰਦਾ ।**

(4) **ਜੇ ਅਮਲਨ ਕਹੇ ਖਾਇ ਖਤਾ ਕਬਹੂ ਨ ਖਾਵੈ ॥**
**ਮੂੰਡਿ ਅਵਰ ਨ ਜਾਹਿ ਆਪੁ ਕਬਹੂੰ ਨ ਮੁੰਡਾਵੈ ॥**
... ... ... ...
**ਕਬਹੂੰ ਨ ਖਾਇ ਪਾਨ, ਅਮਲ ਕਬਹੂੰ ਨਹਿ ਪੀਯੋ ॥**
**ਕਬਹੂ ਨ ਖੇਲ ਅਖੇਟ ਨ ਸੁਖ ਨਿਰਧਨ ਕਹਿ ਕੀਯੋ ॥**
**ਹੋ ਕਰਯੋ ਨ ਭਾਮਿਨ ਭੋਗ, ਜਗਤ ਕਯੋਂ ਆਇਯੋ ॥**

**ਚਰਿਤ੍ਰ** 245)

ਇਸ ਚਰਿਤ੍ਰ ਦੀ ਪੁਸ਼ਟ ਭੂਮੀ ਇਸ ਤਰ੍ਹਾਂ ਹੈ ਕਿ ਇਕ ਬੜਾ ਧਨਵਾਨ ਸ਼ਾਹੂਕਾਰ ਹੁੰਦਾ ਹੈ ਜੋ ਬਹੁਤ ਕੰਜੂਸ ਭੀ ਹੁੰਦਾ ਹੈ ਅਤੇ ਸਾਰਾ ਦਿਨ ਪੈਸਾ ਕਮਾਉਣ ਵਿਚ ਲੱਗਾ ਰਹਿੰਦਾ ਹੈ ਅਤੇ ਆਪਣੀ ਇਸਤਰੀ ਵੱਲ ਧਿਆਨ ਭੀ ਨਹੀਂ ਦਿੰਦਾ ਨ ਹੀ ਕੋਈ ਦਾਨ ਪੁੰਨ ਕਰਦਾ ਹੈ ।

ਸੋ ਇਸ ਚਰਿਤ੍ਰ ਵਿਚ ਸ਼ਾਹ ਦੀ ਅਤੇ ਇਸਤਰੀ ਦੀ ਵਾਰਤਾਲਾਪ ਹੈ । ਇਸਤਰੀ ਕਹਿੰਦੀ ਹੈ ਖਾ, ਪੀ ਮੌਜ ਮਸਤੀ ਕਰ ਅਤੇ ਪੈਸਾ ਖਰਚ ਕਰ ਦਾਨ ਪੁੰਨ ਭੀ ਕਰ ਮੇਰੀ ਤਸੱਲੀ ਭੀ ਕਰ । ਨਾਲ ਹੀ ਕਹਿੰਦੀ ਹੈ ਕਿ ਜੋ ਅਮਲ ਕਰਦੇ ਹਨ ਉਹ ਸੂਰਮੇ ਹੁੰਦੇ ਹਨ ਮੁੱਛ ਖੜੀ ਰਖਦੇ ਹਨ । ਮੈਦਾਨ ਵਿਚ ਦੁਸ਼ਮਣ ਤੇ ਬਾਜ ਵਾਂਗ

ਪੈਂਦੇ ਹਨ ਅਤੇ ਇਸਤਰੀਆਂ ਭੋਗਦੇ ਹਨ । ਅਮਲ ਰਾਜੇ ਮਹਾਰਾਜੇ ਕਰਦੇ ਹਨ, ਬਹੁਤੀਆਂ ਇਸਤਰੀਆਂ ਨਾਲ ਵਿਹਾਰ ਕਰਦੇ ਹਨ । ਅਮਲ ਸੂਰਮੇ ਪੀਂਦੇ ਹਨ, ਮੂਰਖਾਂ ਦੇ ਸਿਰ ਤਲਵਾਰ ਵਾਹੁੰਦੇ ਹਨ। ਅਮਲ ਜੋਗੀ ਪੀਂਦੇ ਹਨ ਕ੍ਰਿਸ਼ਨ ਦਾ ਧਿਆਨ ਕਰਦੇ ਨੇ ਅਮਲ ਦਾ ਸੁਆਦ ਲੈ ਕੇ ਸੂਮ ਤੇ ਸੋਫੀਆਂ ਨੇ ਕੀ ਕਰਨਾ ਹੈ ?

ਸ਼ਾਹ ਕਹਿੰਦਾ ਹੈ; – ਜਿਹੜੇ ਪੁਰਸ਼ ਅਮਲ ਪੀਂਦੇ ਹਨ ਰਾਤ ਦਿਨ ਊਂਘਦੇ ਹਨ । ਜੇ ਕਿਤੇ ਇਕ ਘੜੀ ਅਮਲ ਨ ਮਿਲੇ ਤਾਂ ਤਾਪ ਚੜ੍ਹ ਜਾਂਦਾ ਹੈ ਅਮਲੀਆਂ ਨੂੰ । ਇਸ ਲਈ ਜਿਹੜਾ ਪੁਰਸ਼ ਅਮਲ ਪੀਂਦਾ ਹੈ, ਉਹ ਕਿਸੇ ਕੰਮ ਜੋਗਾ ਨਹੀਂ । ਉਹ ਤਾਂ ਮੂਰਖ ਹੋ ਕੇ ਮੁਰਦਾ ਹੋ ਕੇ ਘਰ ਪਿਆ ਰਹਿੰਦਾ ਹੈ ।

ਇਸੇ ਤਰ੍ਹਾਂ ਸ਼ਾਹ ਦੀ ਅਤੇ ਇਸਤਰੀ ਦੀ ਲੰਬੀ ਵਾਰਤਾਲਾਪ ਹੈ । ਕਾਲਾ ਅਫਗਾਨਾ ਅਤੇ ਉਨ੍ਹਾਂ ਦੇ ਸਮਰਥਕ ਚਲਾਕੀ ਨਾਲ ਇਸਤਰੀ ਵੱਲੋਂ ਅਮਲ ਖਾਨ ਬਾਰੇ ਗੱਲਾਂ ਤਾਂ ਦਸਦੇ ਹਨ ਪਰ ਸ਼ਾਹ ਵਲੋਂ ਅਮਲ ਦੇ ਨੁਕਸਾਨ ਬਾਰੇ ਚੁਪ ਵੱਟ ਲੈਂਦੇ ਹਨ । ਅਜੇਹੇ ਬੇਈਮਾਨਾਂ ਅਤੇ ਲੋਕਾਂ ਨੂੰ ਗੁਮਰਾਹ ਕਰਨ ਵਾਲਿਆਂ ਲਈ ਤਾਂ 420 ਦਾ ਮੁਕੱਦਮਾ ਚਲਾਉਣਾ ਚਾਹੀਦਾ ਹੈ ।

**ਪਿਯਤ ਭਾਂਗ ਕਾਹੂ ਜੋ ਹੇਰੈ ॥** (ਜੇ ਉਹ ਕਿਸੇ ਨੂੰ ਭੰਗ ਪੀਂਦਾ ਦੇਖੇ)

**ਠਾਢੋ ਹੋਤ ਨ ਤਾ ਕੇ ਨੇਰੋ ॥** (ਉਸ ਕੋਲ ਖੜਾ ਵੀ ਨਹੀਂ ਸੀ ਹੁੰਦਾ)

**ਭਯੋ ਸਦਨ ਤਿੱਹ ਕਹੋ ਉਜਾਰਾ॥** (ਕਹਿੰਦਾ ਸੀ ਉਹ ਘਰ ਉਜੜ ਜਾਂਦੇ ਹਨ)

**ਜਾਂ ਕੈ ਕੂੰਡਾ ਬਜੈ ਦੁਆਰਾ ॥** (ਜਿਸ ਦੇ ਘਰ ਭੰਗ ਵਾਲਾ ਕੂੰਡਾ ਘੋਟਣਾ ਖੜਕਦਾ ਹੈ)

ਸੋਫੀ ਤਾ ਕੋ ਹੋਤ ਉਜਾਰਿ ਕਹੈ ਘਰ ॥ (ਉਹ ਘਰ ਹੀ ਉਜਾੜ ਹੋ ਜਾਂਦਾ ਹੈ)

**ਭਾਂਗ ਅਫੀਮ ਭਖਤ ਹੈ ਜੋ ਨਰ ॥** (ਜਿਹੜਾ ਪੁਰਸ਼ ਭੰਗ ਅਫੀਮ ਖਾਂਦਾ ਹੈ)

**ਸੋਫੀ ਸਕਲ ਬੁਧਿ ਬਲ ਰਹੈ ॥** (ਸੋਫੀ ਹਰ ਵੇਲੇ ਠੀਕ ਬੁੱਧ ਅਤੇ ਆਪਣੇ ਬਲ ਵਿਚ ਰਹਿੰਦਾ ਹੈ)

**ਅਮਲਨਿ ਕੋ ਕਛੁ ਕੈ ਨਹਿ ਰਹੈ ॥**

(ਅਮਲੀ ਨੂੰ ਭਾਂਵੇਂ ਕੁਛ ਕਹੋ ਉਹ ਕੁਛ ਕਹਿਣ ਜੋਗਾ ਨਹੀਂ ਹੁੰਦਾ, ੨੪੫ ਚਰਿਤ੍ਰ (੮) ਅਮਲੀ ਕੋਲ ਅਕਲ ਹੁੰਦੀ ਹੀ ਨਹੀਂ)

(5) ਦਸਮ ਗ੍ਰੰਥ ਦੇ ਖੰਡਣ ਵਾਲਿਆਂ ਦਾ ਕਹਿਣਾ ਹੈ ਕਿ ਕਿਤੇ ਲਿਖ ਦਿੱਤਾ ਖੰਡਾ "ਪ੍ਰਥਮੇ" ਸਾਜ ਕੈ ਸਭ ਸੰਸਾਰ ਉਪਾਇਆ॥ (ਚੰਡੀ ਦੀ ਵਾਰ) ਅਤੇ ਕਿਥੇ ਲਿਖ ਦਿੱਤਾ :- ***ਏਕ ਸ੍ਰਵਣ ਤੇ ਮੈਲ ਨਿਕਾਰਾ ॥***

***ਤਾਂ ਤੇ ਮਧੁ ਕੀਟਭ ਤਨ ਧਾਰਾ ॥***

**ਦੁਤੀਆ ਕਾਨ ਤੇ ਮੈਲ ਨਿਕਾਰੀ ॥**

**ਤਾਂ ਤੇ ਭਈ ਸ੍ਰਿਸ਼ਟਿ ਇਹ ਸਾਰੀ ॥ (ਬਚਿਤ੍ਰ ਨਾਟਕ)**

ਗੁਰਬਾਣੀ ਦਸ ਰਹੀ ਹੈ ਕਿ "ਅਨਿਕ ਬਾਰ ਪਸਰਿਓ ਪਾਸਾਰਾ" ਤੁਹਾਡੇ ਕੋਲ ਕੀ ਸਬੂਤ ਹੈ ਕਿ ਹਰ ਵਾਰੀ ਪਾਸਾਰੇ ਦਾ ਇਕੋ ਤਰੀਕਾ ਹੀ ਹੈ । ਦੂਸਰੇ ਗੁਰਬਾਣੀ ਦਸ ਰਹੀ ਹੈ,

**ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ ॥**

**(ਅੰਕ 489)**

ਹੁਣ ਤੁਸੀਂ ਦਸੋ ਕਿ ਕਮਲ ਫੁੱਲ ਦੀ ਨਾਲੀਂ ਵਿਚੋਂ ਬ੍ਰਹਮਾ ਕਿਵੇਂ ਪੈਦਾ ਹੋ ਗਿਆ ? ਸਾਨੂੰ ਪਤਾ ਹੈ ਤੁਸੀਂ ਪੋਲੇ ਜਿਹੇ ਮੂੰਹ ਨਾਲ ਕਹਿ ਦੇਵੋਗੇ ਕਿ ਇਹ ਤਾਂ ਹਿੰਦੂ ਮਿਥਿਹਾਸਕ ਪੁਰਾਣਾਂ ਦਾ ਹਵਾਲਾ ਹੈ । ਪਰ ਅਸੀਂ ਪੁਛਦੇ ਹਾਂ ਗੁਰਬਾਣੀ ਰਾਹੀਂ ਸਿੱਧ ਕਰੋ ਕਿ ਝੂਠ ਹੈ । ਜਪੁਜੀ ਸਾਹਿਬ ਵਿਚ ਲਿਖਿਆ ਹੈ

1. **"ਕੀਤਾ ਪਸਾਉ ਏਕੋ ਕਵਾਉ"** ਇਕ ਸ਼ਬਦ ਤੋਂ ਸਾਰਾ ਪਸਾਰਾ ਹੋਇਆ ਹੈ। ਇਸ ਤੋਂ ਅੱਗੇ ਦਰਜ ਹੈ

2. **ਏਕਾ ਮਾਈ ਜੁਗਤਿ ਵਿਆਈ ਤਿੰਨ ਚੇਲੇ ਪਰਵਾਨ ਇਕ**
   **ਸੰਸਾਰੀ ਇਕ ਭੰਡਾਰੀ ਇਕ ਲਾਏ ਦੀਬਾਣੁ ॥**

3. **ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ ॥**
   **ਏਕ ਨੂਰ ਤੇ ਸਭੁ ਜਗੁ ਉਪਜਿਆ ਕਉਣ ਭਲੇ ਕਉਣ ਮੰਦੇ ॥**
   **ਅੰਕ ੧੩੪੯ ॥**

4. **ਮਾਈ ਮਾਇਆ ਪ੍ਰਸੂਤ ਜਮਾਇਆ ॥**

5. **ਸਾਚੇ ਤ ਪਵਣਾ ਭਇਆ ਪਵਨੇ ਤੇ ਜਲੁ ਹੋਇ ॥**
   **ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥ ਅੰਕ ੧੯ ॥**

6. **ਕਾਇਆ ਅੰਦਰਿ ਪਾਪੁ ਪੁੰਨੁ ਦੋਇ ਭਾਈ ॥**

**ਦੁਹੀ ਮਿਲ ਕੇ ਸ੍ਰਿਸ਼ਟਿ ਉਪਾਈ ॥ ਅੰਕ** ੧੨੬ **॥**

7. **ਪਹਿਲ ਪੁਰੀਏ ਪੁੰਡਰਕ ਵਨਾ ॥**

**ਤਾਚੇ ਹੰਸਾ ਸਗਲੇ ਜਨਾ ॥ ਅੰਕ** ੬੯੩ **॥**

ਇਨ੍ਹਾਂ ਸੱਤ ਪ੍ਰਮਾਣਾਂ ਵਿਚੋਂ ਉਤਪਤੀ ਦਾ ਕਿਹੜਾ ਤਰੀਕਾ ਤੁਹਾਡੀ ਬੁੱਧੀ ਠੀਕ ਮੰਨਦੀ ਹੈ । ਜਾਂ ਇਹ ਸਾਰੀਆਂ ਵਿਧੀਆਂ ਠੀਕ ਹਨ ?

"ਜੇ ਪਹਿਲ ਪੁਰੀਏ ਪੁੰਡਰਕ ਵਨਾ" ਅਤੇ ਨਾਭਿ ਕਮਲ ਤੇ ਬ੍ਰਹਮਾ ਉਪਜਿਆ ਠੀਕ ਹੋ ਸਕਦਾ ਹੈ ਤਾਂ ਫਿਰ ਬਚਿਤ੍ਰ ਨਾਟਕ ਵਾਲੀ ਕੰਨ ਦੀ ਮੈਲ ਤੋਂ ਉਤਪਤੀ ਕਿਸ ਤਰ੍ਹਾਂ ਗਲਤ ਹੋ ਸਕਦੀ ਹੈ ?

ਬਚਿੱਤ੍ਰ ਨਾਟਕ, ਦੂਜੇ ਅਧਿਆਏ ਵਿਚ ਜਗਤ ਉਤਪਤੀ ਬਾਰੇ ਦਸ਼ਮੇਸ਼ ਜੀ ਲਿਖਦੇ ਹਨ :

**ਪ੍ਰਿਥਮ ਕਾਲ ਜਬ ਕਰਾ ਪਸਾਰਾ ॥ ਓਅੰਕਾਰ ਤੇ ਸ੍ਰਿਸ਼ਟ ਉਪਾਰਾ ॥੧੦॥**

ਬਚਿੱਤ੍ਰ ਨਾਟਕ ਨੂੰ ਖੰਡਣ ਵਾਲੇ ਚਲਾਕੀ ਨਾਲ ਇਸ ਦਸਵੇਂ ਛੰਦ ਨੂੰ ਛੱਡ ਕੇ ਤ੍ਰੇਰਵੇਂ ਅਤੇ ਚੌਧਵੇਂ ਛੰਦ ਨੂੰ ਪਕੜ ਲੈਂਦੇ ਹਨ ।

ਦਸਵੇਂ ਛੰਦ ਵਿਚ ਦੱਸੀ ਜਗਤ ਉਤਪਤੀ ਗੁਰਮਤ ਅਨੁਕੂਲ ਹੈ ਜਦ ਕਿ ਤੇਰਵੇਂ ਅਤੇ ਚੌਧਵੇਂ ਛੰਦ ਵਿਚ ਦੱਸੀ ਗੱਲ ਸੋਢ ਬੰਸ ਅਤੇ ਬੇਦੀ ਬੰਸ ਦੇ ਪ੍ਰਾਪਤ ਸ੍ਰੋਤ ਅਨੁਸਾਰ ਹੈ ।

**ਤਿਨ ਕੋ ਕਾਲ ਬਹੁਰ ਬਧ ਕਰਾ ॥**

**ਤਿਨ ਕੋ ਮਧ ਸਮੁੰਦ ਮੇ ਪਰਾ ॥**

**ਅਰਥ** : ਫਿਰ ਕਾਲ ਨੇ ਉਸ ਕਾਲਧੁਜ ਦਾ ਬਧ ਕਰ ਦਿੱਤਾ ਅਤੇ ਉਸ ਦੀ ਮਿਝ (ਚਰਬੀ) ਸਮੁੰਦਰ ਵਿਚ ਗਿਰੀ

**ਚਿਕਨ ਤਾਸ ਜਲ ਪਰ ਤਿਰ ਰਹੀ ॥**

**ਮੇਧਾ ਨਾਮ ਤਬਹਿ ਤੇ ਰਹੀ ॥**

**ਅਰਥ** : ਉਸ ਦੀ ਚਰਬੀ ਪਾਣੀ ਵਿਚ ਪਈ ਰਹੀ ਜਿਸ ਤੋਂ ਧਰਤੀ ਬਣੀ ਇਸ ਲਈ ਧਰਤੀ ਦਾ ਨਾਮ ਮੇਧਾ ਜਾਂ ਮੇਧਨੀ ਪੈ ਗਿਆ । ਮਹਾਨ ਕੋਸ਼ ਵਿਚ ਮੇਦਨੀ ਦੇ ਅਰਥ ਭੀ ਭਾਈ ਕਾਨ੍ਹ ਸਿੰਘ ਜੀ ਨੇ ਇਹੀ ਕੀਤੇ ਹਨ ।

ਮੇਦਨੀ ਸ਼ਬਦ ਗੁਰਬਾਣੀ ਵਿਚ ਅੰਕ ਨੰ: 542, 1407, 472, 580, 712, 724, 936, 1092, 1096, 110, 1281, 1283, 1288 ਅਤੇ 1416 ਵਿਚ ਆਇਆ ਹੈ ਅਤੇ ਹਰ ਵਾਰੀ ਧਰਤੀ ਦੇ ਅਰਥ ਵਿਚ ਵਰਤਿਆ ਗਿਆ ਹੈ । ਇਸ ਲਈ ਜੇ ਗੁਰਬਾਣੀ ਬਚਿਤ੍ਰ ਨਾਟਕ ਦੇ ਬੰਦ 14 ਨੂੰ ਪ੍ਰਵਾਨ ਕਰਦੀ ਹੈ ਤਾਂ ਬੰਦ ਨੰ: 13 ਕਿਵੇਂ ਗਲਤ ਹੋ ਸਕਦਾ ਹੈ ? ਕਾਲਾ ਅਫਗਾਨਾ ਅਤੇ ਉਨ੍ਹਾਂ ਦੇ ਸਮਰਥਕ ਪੂਰੇ ਤਾਣ ਨਾਲ ਕਹਿ ਰਹੇ ਹਨ ਕਿ ਅਸੀਂ ਕੇਵਲ ਪ੍ਰੋ. ਸਾਹਿਬ ਸਿੰਘ ਜੀ ਦੀਆਂ ਲਿਖਤਾਂ ਨੂੰ ਮਾਨਤਾ ਦਿੰਦੇ ਹਾਂ ਹੋਰ ਕਿਸੇ ਨੂੰ ਨਹੀਂ ਮੰਨਦੇ । ਪਰ ਸਿੰਘ ਬ੍ਰਦਰਜ਼ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਜਾਪੁ ਸਾਹਿਬ, ਸਵੱਈਏ ਅਤੇ ਚੌਪਈ ਦੇ ਟੀਕੇ ਵਿਚ ਪ੍ਰੋ. ਸਾਹਿਬ ਜੀ ਬਚਿਤ੍ਰ ਨਾਟਕ ਅਤੇ ਚੰਡੀ ਦੀ ਵਾਰ ਨੂੰ ਗੁਰੂ ਕ੍ਰਿਤ ਸਵੀਕਾਰਦੇ ਹਨ ।

6. **"ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੰਸਾਰ ਉਪਾਇਆ"** ਭਾਵ ਲੋਹੇ ਦੇ ਖੰਡੇ ਤੋਂ ਧਰਤੀ ਬਣੀ ਝੂਠ ਹੈ ।

ਸਭ ਨੂੰ ਪਤਾ ਹੈ, ਇਕ ਸ਼ਬਦ ਦਾ ਇਕੋ ਅਰਥ ਨਹੀਂ ਬਲਕਿ ਕਈ, ਅਰਥ ਹੁੰਦੇ ਹਨ ਅਤੇ ਪ੍ਰਕਰਣ ਅਨੁਸਾਰ ਉਸ ਦੇ ਅਰਥ ਕੀਤੇ ਜਾਂਦੇ ਹਨ । ਉਦਾਹਰਣ ਦੇ ਤੌਰ ਤੇ ਮਹਾਨ ਕੋਸ਼ ਵਿਚ ਸਾਰੰਗ ਪਦ ਦੇ ਬਾਰਾਂ ਅਰਥ ਲਿਖੇ ਹਨ । ਨਾਲ ਹੀ ਭਾਈ ਸਾਹਿਬ ਨੇ ਮਹਾਂ ਕਵੀ ਸੰਤੋਖ ਸਿੰਘ ਜੀ ਦਾ ਇਕ ਸਵੱਯਾ ਦਿੱਤਾ ਹੈ ਜਿਸ ਵਿਚ ਉਨ੍ਹਾਂ ਨੇ ਸ੍ਰੀ ਗੁਰੂ ਹਰਿ ਗੋਬਿੰਦ ਸਿੰਘ ਜੀ ਦੀ ਉਸਤਤਿ ਵਿਚ ਬਾਰਾਂ ਵਾਰ ਹੀ ਸਾਰੰਗ ਪਦ ਵਰਤਿਆ ਹੈ । ਇਸ ਲਈ ਮੈਂ ਬੇਨਤੀ ਕਰਾਂਗਾ "ਖੰਡਾ" ਸ਼ਬਦ ਦੇ ਅਰਥ ਦੇਖਣ ਲਈ ਮਹਾਨ ਕੋਸ਼ ਦੇਖਣ ਦੀ ਖੇਚਲ ਕਰੋ । ਇਸ ਦੇ ਦੋ ਅਰਥ ਹਨ :

1. ਲੋਹੇ ਦਾ ਦੋ ਧਾਰਾ ਸ਼ਸ਼ਤਰ ਰੂਪ ਖੰਡਾ ।
2. ਮਾਯਾ, ਕੁਦਰਤ, ਸੰਸਾਰ ਦੇ ਸਭ ਦੂੰਦ ਪਦਾਰਥ ਰਚ ਕੇ ਅਨੇਕ ਭੇਦ ਕਰਨ ਵਾਲੀ ਹੋਣ ਕਰ ਕੇ ਕੁਦਰਤ ਦਾ ਨਾਉਂ ਖੰਡਾ ਹੈ ।

ਕੇਵਲ ਸ੍ਰੀ ਦਸਮ ਗ੍ਰੰਥ ਨੂੰ ਖੰਡਨ ਲਈ ਇਸ ਗ੍ਰੰਥ ਦੇ ਵਿਰੋਧੀ ਵਿਚੋਂ ਵਿਚੋਂ ਤੁਕਾਂ ਕੱਢ ਕੇ ਲੋਕਾਂ ਨੂੰ ਕੁਰਾਹੇ ਪਾ ਰਹੇ ਹਨ ਅਤੇ ਜੋ ਤੱਤਸਾਰ ਹਿੱਤੋ ਉਪਦੇਸ਼ ਹੈ ਉਸ ਨੂੰ ਛੁਪਾ ਲੈਂਦੇ ਹਨ ।

*ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ ॥*
*ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਥਾਰੇ ॥*
*ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿਤ ਬਢੈਯਹੁ ॥*
*ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜਯਹੁ ॥*
*ਪਰ ਨਾਰੀ ਕੇ ਭਜੇ ਸਹਸ ਬਾਸਵ ਭਾਗ ਪਾਏ ॥*
*ਪਰ ਨਾਰੀ ਕੇ ਭਜੇ ਚੰਦ੍ਰ ਕਲੰਕ ਲਗਾਏ ॥*
*ਪਰ ਨਾਰੀ ਕੇ ਹੇਤ ਸੀਸ ਦਸ ਸੀਸ ਗਵਾਯੋ ॥*
*ਹੇ ਪਰ ਨਾਰੀ ਕੇ ਹੇਤ ਕਟਕ ਕਵਰਨ ਕੋ ਘਾਯੋ ॥ (ਚਿਤ੍ਰ ੨੧)*
*ਪਰ ਨਾਰੀ ਕੇ ਭਜੇ ਸਹ ਬਾਸਵ ਭਗ ਪਾਏ ॥*
*ਪਰ ਨਾਰੀ ਕੇ ਭਜੇ ਚੰਦ੍ਰ ਕਾਲੰਕ ਲਗਾਏ ॥*
*ਪਰ ਨਾਰੀ ਸੋਂ ਨੇਹੁ ਛੁਰੀ ਪੈਨੀ ਕਰ ਜਾਨਹੁ ॥*
*ਪਰ ਨਾਰੀ ਕੇ ਭਜ ਕਾਲ ਬਯਾਪਯੋ ਤਨ ਮਾਨਹੁ ॥*
*ਅਧਿਕ ਹਰੀਫੀ ਜਾਨਿ ਭੋਗ ਪਰ ਤ੍ਰਿਅ ਜੋ ਕਰਹੀਂ ॥*
*ਹੋ ਅੰਤ ਸ੍ਵਾਨ ਕੀ ਮ੍ਰਿਤ ਹਾਥ ਲੈਂਡੀ ਕੇ ਮਰਹੀਂ ॥*
*ਬਾਲ ਹਮਾਰੇ ਪਾਸ ਦੇਸ ਦੇਸਨ ਤੇ ਤ੍ਰਿਅ ਆਵਹਿ ॥*
*ਮਨ ਬਾਂਛਤ ਬਰ ਮਾਂਗਿ ਜਾਨਿ ਗੁਰ ਸੀਸ ਝੁਕਾਵਹਿ ॥*
*ਹੋ ਕਹੁ ਸੁੰਦਰਿ ਤਿਹ ਸਾਥ ਗਵਨ ਕੈਸੇ ਕੈ ਕਰਿਹੋਂ ॥*

*(ਚਰਿਤ੍ਰ ਪੰਨਾ ੧੧੦)*

ਅਜੇਹੇ ਹੀ ਸ਼ੁਧ ਪਵਿਤ੍ਰ ਉਪਦੇਸ਼ ਚਰਿਤ੍ਰੋ ਪਖਯਾਨ ਵਿਚ ਜਗ੍ਹਾ ਜਗ੍ਹਾ ਭਰੇ ਪਏ ਹਨ ਪਰ ਇਨ੍ਹਾਂ ਵੱਲ ਦਸਮ ਗ੍ਰੰਥ ਵਿਰੋਧੀ ਕਦੇ ਦੇਖਣ ਦੀ ਕੋਸ਼ਿਸ਼ ਨਹੀਂ ਕਰਨਗੇ ।

ਸੋ ਕਾਲਾ ਅਫਗਾਨਾ ਅਤੇ ਉਨ੍ਹਾਂ ਦੇ ਸਮਰਥਕਾਂ ਦਾ ਦਸਮ ਗ੍ਰੰਥ ਤੇ ਇਹ ਦੂਸ਼ਣ ਅਗਿਆਨਤਾ ਵਾਲਾ ਹੈ । ਕਿਸੇ ਅਤਿ ਮਹਾਨ ਵਿਦਵਾਨ ਦੀ ਰਚਨਾ ਨੂੰ ਸਮਝਣ ਲਈ ਅਤਿ ਪ੍ਰਬੀਨ ਅਤੇ ਮਹੀਨ ਬੁਧੀ ਦੀ ਲੋੜ ਹੁੰਦੀ ਹੈ । ਇਸ ਲਈ ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ, ਡਾਕਟਰ ਤ੍ਰਿਲੋਚਨ ਸਿੰਘ ਅਤੇ ਸਿ. ਕਪੂਰ ਸਿੰਘ

ਵਰਗੇ ਦਸਮ ਗ੍ਰੰਥ ਦੀ ਬਾਣੀ ਦੀ ਪ੍ਰਮਾਣੀਕਤਾ ਬਾਰੇ ਕੋਈ ਸ਼ੰਕਾ ਨਹੀਂ ਕਰਦੇ। ਕੇਵਲ ਨੀਵੀਂ ਪੱਧਰ ਦੀ ਬੁਧੀ ਵਾਲੇ ਹੀ ਇਸ ਤੋਂ ਮੁਨਕਰ ਹੋ ਕੇ ਭੰਡਣ ਦੀ ਮੂਰਖਤਾ ਕਰਦੇ ਹਨ।

*ਏਕ ਮਦੀ ਦੂਜੇ ਤਰੁਨ ਤੀਜੇ ਅਤਿ ਧਨ ਧਾਮ।*
*ਪਾਪ ਕਰੇ ਬਿਨ ਕਯੋਂ ਬਚੈ ਬਚੈ ਬਚਾਵੈ ਰਾਮ।*

(ਦਸਮ ਗ੍ਰੰਥ ਚਰਿਤ੍ਰ ੧੮੩)

ਭਾਵ, ਬੰਦੇ ਨੂੰ ਇਕ ਚੜ੍ਹਦੀ ਜਵਾਨੀ ਹੋਵੇ ਉਪਰੋਂ ਸ਼ਰਾਬ ਪੀਤੀ ਹੋਵੇ ਘਰ ਵਿਚ ਪੈਸਾ ਖੁਲ੍ਹਾ ਹੋਵੇ, ਉਹ ਪਾਪ ਕਰਨ ਤੋਂ ਕਿਸ ਤਰ੍ਹਾਂ ਬਚ ਸਕਦਾ ਹੈ? ਜੇ ਪਰਮੇਸ਼ਰ ਬਚਾਵੇ ਤਾਂ ਹੀ ਬਚ ਸਕਦਾ ਹੈ।

*ਜਨਨਿ ਜਠਰ ਮਹਿ ਆਇ ਪੁਰਖ ਬਹੁਤੋਂ ਦੁਖ ਪਾਵਹਿ ॥*
*ਮੂਤ੍ਰ ਧਾਮ ਕੋ ਪਾਇ ਕਹਤ ਹਮ ਭੋਗ ਕਮਾਵਹਿ ॥*
*ਥੂਕ ਤ੍ਰਿਯਾ ਕੋ ਚਾਟ ਕਹਤ ਅਧਰਾਮ੍ਰਿਤ ਪਾਯੋ ॥*
*ਬਿਰਥਾ ਜਗਤ ਮੈ ਜਨਮ ਬਿਨਾਂ ਜਗਦੀਸ਼ ਗਵਾਯੋ ॥*

**ਚਰਿਤ੍ਰ** ੮੧ **ਪੰ:** ੩੦੭

*ਇਸ਼ਕ ਮੁਸ਼ਕ ਖਾਸੀ ਅਰੁ ਖੁਰਕ ਬਖਾਨਿਯੋ ॥*
*ਖੂਨ ਖੈਰ ਮਦਪਾਨ ਸੁ ਬਹੁਰਿ ਪ੍ਰਮਾਨਿਯੈ ॥*
*ਕਸ ਕੋਈ ਕਰਈ ਸਾਤ ਛਪਾਏ ਛਪਤ ਨਹਿ ॥*
*ਹੋ ਹੋਵਤ ਪ੍ਰਗਟ ਨਿਦਾਨ ਸੁ ਸਾਰੀ ਸ੍ਰਿਸ਼ਟ ਮਹਿ ॥ ਪੰ: ੨੫੦ ॥*

❖❖❖

# ਸ੍ਰੀ ਦਸਮ ਗ੍ਰੰਥ ਸਾਹਿਬ ਦੇ ਰਾਮ ਅਤੇ ਸ਼ਯਾਮ ਕਵੀ

ਆਦਿ ਕਾਲ ਤੋਂ ਗੁਰੂ ਕੇ ਸਿੱਖ ਸ੍ਰੀ ਦਸਮ ਗ੍ਰੰਥ ਸਾਹਿਬ ਨੂੰ ਦਸਮੇਸ਼ ਪਿਤਾ ਦੀ ਕ੍ਰਿਤ ਮੰਨਦੇ ਆਏ ਹਨ । ਭਾਈ ਮਨੀ ਸਿੰਘ ਸ਼ਹੀਦ, ਬਾਬਾ ਦੀਪ ਸਿੰਘ ਸ਼ਹੀਦ ਅਤੇ ਬਾਬਾ ਬਿਨੋਦ ਸਿੰਘ ਆਦਿ, ਜੋ ਦਸਮੇਸ਼ ਜੀ ਦੇ ਸਮਕਾਲੀ ਸਨ ਅਤੇ ਜਿਨ੍ਹਾਂ ਦੀ ਮੱਤ ਬੁੱਧੀ ਜਾਂ ਪ੍ਰਮਾਰਥਕ ਜੀਵਨ ਦੀਆਂ ਬੁਲੰਦੀਆਂ ਨੂੰ ਛੂਹਣਾ ਕਿਸੇ ਐਰੇ ਗੈਰੇ ਦੇ ਵੱਸ ਦੀ ਗੱਲ ਨਹੀਂ, ਨੇ ਆਪ ਜਿੱਥੋਂ ਕਿਤੋਂ ਪ੍ਰਾਪਤ ਕਰ ਕੇ ਦਸਮ ਗ੍ਰੰਥ ਦੀਆਂ ਬਾਣੀਆਂ ਨੂੰ ਇਕੱਠਾ ਕਰਕੇ ਬੀੜਾਂ ਤਿਆਰ ਕੀਤੀਆਂ ਜੋ ਪੰਥ ਨੇ ਪ੍ਰਵਾਣ ਕਰੀਆਂ । ਇਸੇ ਤਰ੍ਹਾਂ ਅਗੋਂ ਇਨ੍ਹਾਂ ਦੇ ਉਤਾਰੇ ਹੋ ਕੇ ਗੁਰਸਿੱਖਾਂ ਕੋਲ ਪਹੁੰਚਦੇ ਰਹੇ ।

ਇਸ ਗ੍ਰੰਥ ਦੀਆਂ ਤਿੰਨ ਬਾਣੀਆਂ ਸ੍ਰੀ ਜਾਪ ਸਾਹਿਬ, ਸੁਧਾ ਸਵਯੋ ਅਤੇ ਕਬਿਯੋ ਬਾਚ ਬੇਨਤੀ ਚੌਪਈ ਦਸਮੇਸ਼ ਜੀ ਨੇ ਖੰਡਾ ਪਾਹੁਲ ਤਿਆਰ ਕਰਨ ਵੇਲੇ ਆਪ ਪੜ੍ਹੀਆਂ । ਗੁਰੂ ਸਾਹਿਬ ਦੇ ਜੀਵਨ ਸਾਥੀ ਅਨਿਨ ਸਿੱਖ ਭਾਈ ਜੈਤਾ (ਭਾਈ ਜੀਵਨ ਸਿੰਘ) ਨੇ ਆਪਣੀ ਰਚਨਾ ਵਿਚ ਖੰਡਾ ਪਾਹੁਲ ਤਿਆਰ ਕਰਨ ਦੀ ਵਿਧੀ ਇਸ ਤਰ੍ਹਾਂ ਲਿਖੀ ਹੈ :-

***ਜਪੁ ਕੌ ਪਾਠ ਕਰਹਿ ਸੰਗ ਤਿਹ ਸਿਖ ਪਾਤਰ ਦੂਸਰ ਹਾਥ ਧਰੀਜੈ ।।੨੧੨।।***
***ਪਾਂਚਹੁੰ ਮਹਿ ਚਾਰ ਸੁ ਹੋਵਹਿ ਅਵਰ ਜੋਇ ਪਾਤਰ ਊਪਰ ਹਾਥ ਰਖੀਜੈ ।***
***ਆਪਨ ਆਪਨ ਬਾਰ ਯੇ ਪਾਂਚਹੁ ਪਾਂਚ ਹੀ ਬਾਣੀ ਕੌ ਪਾਠ ਪੜ੍ਹੀਜੈ ।***
***ਜਪੁ ਜਾਪ ਸਵੈਯੇ ਚੌਪਈ ਆਨੰਦ ਕੌ ਪਾਠ ਸੌਂ ਪਾਹੁਲ ਤਿਆਰ ਕਰੀਜੈ ।***
***ਪਾਂਚੋਂ ਚੁਲੇ ਮੁਖ ਪਾਵਹਿ ਸੁ ਯਾਚਕ ਏਤ ਹੀ ਨੇਤਰ ਕੇਸ ਪਵੀਜੈ ।।੨੨੩।।***

(ਭਾਈ ਜੈਤਾ ਜੀਵਨ ਤੇ ਰਚਨਾ ਕ੍ਰਿਤ ਡਾ. ਗੁਰਮੁਖ ਸਿੰਘ ਪੰਨਾ ੭੮)

ਪਰ ਹੁਣ ਬਹੁਤ ਸਾਰੇ ਸੱਜਣ, ਜਿਨ੍ਹਾਂ ਨੇ ਇਸ ਗਰੰਥ ਦੇ ਕਦੇ ਦਰਸਨ ਭੀ ਨਹੀਂ ਕੀਤੇ ਜਾਂ ਉਹ ਸੱਜਣ ਕਿਸੇ ਖਾਸ ਕਾਰਣ ਕਰਕੇ ਆਪਣੇ ਮਤਲਬ ਦੀਆਂ ਤੁਕਾਂ ਵਿਚੋਂ ਕੱਢ ਕੇ ਪ੍ਰਚਾਰ ਕਰ ਰਹੇ ਹਨ ਕਿ ਇਸ ਗ੍ਰੰਥ ਦਾ ਬਹੁਤਾ ਭਾਗ ਵਿਸ਼ੇਸ਼ ਰੂਪ ਵਿਚ, "ਚੌਬੀਸ ਅਵਤਾਰ", ਚੰਡੀ ਚਿਤ੍ਰ ਦੋਨੋਂ ਭਾਗ ਅਤੇ ਚਰਿਤ੍ਰੋਪਖਯਾਨ ਗੁਰੂ ਕ੍ਰਿਤ ਨਹੀਂ ਇਹ ਗੁਰੂ ਦਰਬਾਰੀ ਕਵੀ ਰਾਮ ਅਤੇ ਸ਼ਯਾਮ ਦੀਆਂ ਲਿਖੀਆਂ ਹੋਈਆਂ ਹਨ, ਕਿਉਂਕਿ ਕ੍ਰਿਸ਼ਨਾ ਅਵਤਾਰ ਵਿਚ 'ਸਯਾਮ ਕਵਿ' ਦਾ ਨਾਉਂ ਆਉਂਦਾ ਹੈ । ਦੂਸਰਾ, ਇਨ੍ਹਾਂ ਦਾ ਕਹਿਣਾ ਹੈ ਕਿ ਗੁਰਮਤਿ ਵਿਚ ਅਵਤਾਰਵਾਦ ਦਾ ਖੰਡਨ ਹੈ ਪਰ ਇਨ੍ਹਾਂ ਰਚਨਾਵਾਂ

ਵਿਚ ਸਨਾਤਨ ਧਰਮ ਦੇ ਅਵਤਾਰਾਂ ਅਤੇ ਦੇਵੀਆਂ ਦੀ ਉਸਤਤਿ ਹੈ । ਇਸੇ ਤਰ੍ਹਾਂ ਚਰਿਤ੍ਰੋ ਪਖਯਾਨ ਅਤੇ ਹਕਾਇਤਾਂ ਵਿਚ ਅਸ਼ਲੀਲਤਾ ਦਾ ਦੋਸ਼ ਹੋਣ ਕਰ ਕੇ ਇਨ੍ਹਾਂ ਮੁਤਾਬਿਕ, ਇਹ ਗੁਰੂ ਕ੍ਰਿਤ ਨਹੀਂ ਹਨ । ਅਸੀਂ ਇਨ੍ਹਾਂ ਸਾਰੀਆਂ ਗੱਲਾਂ ਦਾ ਵਿਸ਼ਲੇਸ਼ਣ ਕਰ ਕੇ ਤੱਤਸਾਰ ਸੰਗਤਾਂ ਵਿਚ ਰੱਖਣ ਦੀ ਕੋਸ਼ਿਸ਼ ਕਰ ਰਹੇ ਹਾਂ।

ਸਾਨੂੰ ਇਹ ਕਹਿਣ ਵਿਚ ਕੋਈ ਗੁਰੇਜ਼ ਨਹੀਂ ਕਿ ਦਸਮ ਗ੍ਰੰਥ ਦੇ ਵਿਰੋਧੀ ਸਭ ਤੋਂ ਵੱਧ ਮਿਸ਼ਨਰੀ ਕਾਲਜਾਂ ਦੇ ਸੰਚਾਲਕ ਅਤੇ ਉਹ ਅਖੌਤੀ ਬੁੱਧੀ ਜੀਵੀ ਹਨ ਜਿਨ੍ਹਾਂ ਦੇ ਹਿਰਦੇ ਵਿਚ ਗੁਰੂ ਪਿਆਰ ਅਤੇ ਬ੍ਰਹਮ ਗਯਾਨ ਨਾਲੋਂ ਕਿਤੇ ਵੱਧ ਵਿਗਿਆਨ ਵਸਿਆ ਹੋਇਆ ਹੈ ।

ਇਨ੍ਹਾਂ ਵਿਚੋਂ ਇਕ ਤਬਕਾ ਸ੍ਰੀ ਦਸਮ ਗ੍ਰੰਥ ਤੋਂ ਇਲਾਵਾ ਭਾਈ ਗੁਰਦਾਸ, ਭੱਟਾਂ ਦੇ ਸਵੱਯੇ ਅਤੇ ਬਹੁਤ ਸਾਰੀ ਭਗਤ ਬਾਣੀ ਭੀ ਮੰਨਣ ਤੋਂ ਇਨਕਾਰੀ ਹੈ । ਇਹ ਖੁਲ੍ਹੰਮ ਖੁੱਲ੍ਹਾ ਕਹਿ ਰਹੇ ਹਨ ਕਿ ਦਸਮ ਗ੍ਰੰਥ ਦੀਆਂ ਖੰਡਾ ਪਾਹੁਲ ਵਾਲੀਆਂ ਬਾਣੀਆਂ ਜਾਪ ਸਾਹਿਬ, ਸਵੱਯੇ ਅਤੇ ਚੌਪਈ ਬਾਣੀ ਨਹੀਂ ਪੜ੍ਹਨੀ ਚਾਹੀਦੀ ਕਿਉਂਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਦੀ ਬਾਣੀ ਹੈ । ਇੰਦਰ ਸਿੰਘ ਘੱਗਾ ਅਤੇ ਇਸ ਦੇ ਸਮਰਥਕ ਇਸ ਤਬਕੇ ਦੇ ਮੋਢੀ ਹਨ । ਇਹ ਚੰਡੀ ਦੀ ਵਾਰ ਵਿਚੋਂ ਲਈ ਅਰਦਾਸ ਦੀ ਪਹਿਲੀ ਪਉੜੀ ਤੋਂ ਭੀ ਮੁਨਕਰ ਹਨ । ਬੇਸ਼ਕ ਜਦ ਇਨ੍ਹਾਂ ਨੇ ਆਪ ਅੰਮ੍ਰਿਤ ਛੱਕਿਆ ਸੀ ਤਾਂ ਇਨ੍ਹਾਂ ਬਾਣੀਆਂ ਨਾਲ ਹੀ ਅੰਮ੍ਰਿਤ ਤਿਆਰ ਕੀਤਾ ਗਿਆ ਸੀ ਅਤੇ ਜਿੰਦਗੀ ਦੇ ਕਾਫੀ ਹਿੱਸੇ ਤੱਕ ਇਹ ਬਾਣੀਆਂ ਪੜ੍ਹਦੇ ਰਹੇ ਹਨ ਪਰ ਹੁਣ ਕੁਝ ਸਾਲਾਂ ਤੋਂ ਖਾਸ ਕਰ ਕੇ ਕਾਲਾ ਅਫਗਾਨਾ ਤੋਂ ਇਨ੍ਹਾਂ ਨੂੰ ਅਕਲ ਆਈ ਹੈ ਕਿ ਅਸੀਂ ਹੁਣ ਤੱਕ ਹਰਾਮ ਦੇ ਬਣੇ ਰਹੇ ਅਤੇ ਹੁਣ ਹਲਾਲ ਦੇ ਬਣ ਜਾਣਾ ਚਾਹੀਦਾ ਹੈ।

ਦੂਸਰਾ ਤਬਕਾ ਖੰਡਾ ਪਹੁਲ ਦੀਆਂ ਬਾਣੀਆਂ ਵਿਚੋਂ “ਕਬਿਯੋ ਬਾਚ ਬੇਨਤੀ ਚੌਪਈ” ਤੇ ਕਿੰਤੂ ਕਰਨ ਤੋਂ ਇਲਾਵਾ ਉਪਰ ਦੱਸੀਆਂ ਰਚਨਾਵਾਂ ਨੂੰ ਖੰਡਣ ਨਹੀਂ ਕਰਦਾ ਪਰ ਸ਼ੱਕੀ ਨਿਗਾਹ ਨਾਲ ਦੇਖਦਾ ਹੈ । ਜਦੋਂ ਭਾਈ ਬਾਲੇ ਨੂੰ ਇਤਿਹਾਸ ਵਿਚੋਂ ਖਾਰਜ ਕਰਨਾ ਹੋਵੇ ਤਾਂ ਭਾਈ ਗੁਰਦਾਸ ਦੀ ਬਾਂਹ ਫੜ ਲੈਣਗੇ, ਕਿਉਂਕਿ ਭਾਈ ਸਾਹਿਬ ਦੀ ਬਾਣੀ ਵਿਚ ਇਸ ਦਾ ਜ਼ਿਕਰ ਨਹੀਂ ਪਰ ਜਦੋਂ ਭਾਈ ਸਾਹਿਬ ਦੀਆਂ ਵਾਰਾਂ ਵਿਚ ਮੱਕਾ ਫੇਰਨ ਦੀ ਗੱਲ ਆਉਂਦੀ ਹੈ ਤਾਂ ਕਹਿਣਗੇ ਸਾਇੰਸ ਇਸ ਨੂੰ ਨਹੀਂ ਮੰਨਦੀ ਇਸ ਲਈ ਗ਼ਲਤ ਹੈ । ਇਸੇ ਤਰ੍ਹਾਂ ਭਗਤ ਬਾਣੀ ਵਿਚ ਦੇਹੁਰਾ ਫਿਰਨਾ, ਮਰੀ ਗਉ ਜਿਉਂਦੀ ਕਰਨ ਨੂੰ ਭੀ ਮੰਨਣ ਤੋਂ ਮੁਨਕਰ ਹਨ । ਦਸਮ ਗ੍ਰੰਥ ਦੇ ਵਿਰੋਧੀਆਂ ਵਿਚੋਂ ਬਹੁਤਿਆਂ ਨੇ

ਨ ਤਾਂ ਸਹੀ ਤੌਰ ਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮਨ ਚਿੱਤ ਲਾ ਕੇ ਪਾਠ ਕੀਤਾ ਹੈ ਅਤੇ ਨ ਹੀ ਦਸਮ ਗ੍ਰੰਥ ਦੇਖਿਆ ਹੈ, ਬਸ ! ਦੋ ਸਾਲ ਦਾ ਮਿਸ਼ਨਰੀ ਕੋਰਸ ਕਰ ਕੇ ਆਲਮ ਫਾਜ਼ਲ ਬਣ ਕੇ ਭਾਈ ਵੀਰ ਸਿੰਘ, ਅਕਾਲੀ ਕੌਰ ਸਿੰਘ ਨਿਹੰਗ, ਭਾਈ ਕਾਨ੍ਹ ਸਿੰਘ ਅਤੇ ਸਿ. ਕਪੂਰ ਸਿੰਘ ਅਤੇ ਹੋਰ ਪੰਥ ਪ੍ਰਸਿੱਧ ਵਿਦਵਾਨਾਂ ਨੂੰ ਚੈਲਿੰਜ ਕਰ ਰਹੇ ਹਨ ।

ਅਸੀਂ ਹੁਣ ਮੂਲ ਵਿਸ਼ੇ ਵੱਲ ਮੁੜਦੇ ਹਾਂ ਜਿਥੋਂ ਤੱਕ ਦਸਮ ਗ੍ਰੰਥ ਵਿਚ ਅਵਤਾਰਾਂ ਅਤੇ ਦੇਵੀਆਂ ਦੀ ਉਸਤਤਿ ਦਾ ਸਵਾਲ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਅਨੁਸਾਰ :

*ਸਭ ਮਹਿ ਜੋਤਿ ਜੋਤਿ ਹੈ ਸੋਇ ॥*ਪੰਨਾ ੬੬੩

*ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ*

*ਸਹਸ ਮੂਰਤਿ ਨਨਾ ਏਕੁ ਤੋਹੀ ॥*ਪੰਨਾ ੧੩

ਜਦ ਗੁਰੂ ਸਾਹਿਬ ਪਰਮੇਸ਼ਰ ਨੂੰ ਕਣ ਕਣ ਵਿਚ ਵਿਆਪਕ ਦੇਖਦੇ ਹਨ ਤਾਂ ਸਨਾਤਨ ਧਰਮ ਦੇ ਪ੍ਰਵਾਣਤ ਅਵਤਾਰਾਂ ਦੀ ਵਡਿਆਈ ਨਹੀਂ ਕਰਦੇ ਹੁੰਦੇ; ਬਲਕਿ ਉਨ੍ਹਾਂ ਵਿਚ ਅਕਾਲੀ ਜੋਤ ਨੂੰ ਦੇਖ ਕੇ ਪ੍ਰਮੇਸ਼ਰ ਦੀ ਹੀ ਸਿਫਤ ਕਰਦੇ ਹਨ :

*ਬ੍ਰਹਮ ਮਹੇਸ਼ ਸਿਧ ਮੁਨਿ ਇੰਦਰਾ*
*ਮੋਹਿ ਠਾਕੁਰ ਹੀ ਦਰਸਾਰੇ ॥* – ਪੰਨਾ ੫੩੪
*ਆਪੇ ਗੋਪੀ ਕਾਨੁ ਹੈ ਪਿਆਰਾ ਬਨਿ ਆਪੇ ਗਊ ਚਰਾਹਾ ॥*
*ਆਪੇ ਸਾਵਲ ਸੁੰਦਰਾ ਹੈ ਪਿਆਰਾ ਆਪੇ ਵੰਸੁ ਵਜਾਹਾ॥* – ਪੰਨਾ ੬੦੭
*ਆਪੇ ਸੁਰ ਨਰ ਗਣ ਗੰਧਰਬਾ ਆਪੇ ਖਟ ਦਰਸ਼ਨ ਕੀ ਬਾਣੀ ॥*
*ਆਪੇ ਸ਼ਿਵ ਸ਼ੰਕਰ ਮਹੇਸ਼ਾ ਆਪੇ ਗੁਰਮੁਖਿ ਅਕਥ ਕਹਾਣੀ ॥*
*ਆਪੇ ਜੋਗੀ ਆਪੇ ਭੋਗੀ ਆਪੇ ਸੰਨਿਆਸੀ ਫਿਰੈ ਬਿਬਾਣੀ॥*–ਪੰਨਾ ੫੫੩

ਇਸੇ ਤਰ੍ਹਾਂ ਦਸ਼ਮੇਸ਼ ਜੀ ਨੇ ਆਪਣੀਆਂ ਕ੍ਰਿਤਾਂ ਵਿਚ ਇਸੇ ਨਜ਼ਰੀਏ ਤੋਂ ਦੇਖ ਕੇ ਜਿਥੇ ਕਿਤੇ ਭੀ ਸਿਫਤ ਕੀਤੀ ਹੈ ਨਿਰੰਕਾਰ ਦੀ ਸਿਫਤ ਕੀਤੀ ਹੈ।

ਦੂਸਰੇ ਪਾਸੇ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਬ੍ਰਹਮਾ, ਵਿਸ਼ਨੂੰ, ਮਹੇਸ਼ ਜਾਂ ਕ੍ਰਿਸ਼ਨ ਜੀ ਅਤੇ ਰਾਮ ਚੰਦ੍ਰ ਜੀ ਦਾ ਨਿਜ ਰੂਪ ਦੇਖ ਕੇ ਸ਼ੁਭ ਗੁਣਾਂ ਦੀ ਸੋਭਾ ਅਤੇ ਗਲਤ ਗੱਲਾਂ ਦਾ ਖੰਡਨ ਕੀਤਾ ਹੈ । ਅਸੀਂ ਇਸ ਪੱਖੋਂ ਹੀ ਦਸਮ ਗ੍ਰੰਥ ਦੀ ਬਾਣੀ

ਵੀਚਾਰਨੀ ਹੈ । ਬਚਿਤ੍ਰ ਨਾਟਕ ਦੇ ਪਹਿਲੇ ਅਧਿਆਇ ਦੇ ਪਹਿਲੇ ਛੰਦ ਵਿਚ ਅਤੇ ਹੋਰ ਥਾਉਂ ਗੁਰੂ ਸਾਹਿਬ ਨੇ ਇਹ ਵਿਧੀ ਅਪਣਾਈ ਹੈ।

ਪੁਰਾਤਨ ਕਾਲ ਵਿਚ ਹਰ ਇਕ ਕਵੀ ਆਪਣੀ ਰਚਨਾ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਇਸ਼ਟ ਨੂੰ ਧਿਆਉਂਦਾ ਸੀ ਫਿਰ ਆਪਣੇ ਗੁਰੂ ਨੂੰ, ਆਪਣੇ ਵਿਸ਼ਾ ਵਸਤੂ ਬਾਰੇ ਦੱਸ ਕੇ ਰਚਨਾ ਸ਼ੁਰੂ ਕਰਦਾ ਸੀ । ਅਸੀਂ ਜਦ ਦਸਮ ਗ੍ਰੰਥ ਦੀਆਂ ਰਚਨਾਵਾਂ ਦੀ ਆਰੰਭਤਾ ਦੇਖਦੇ ਹਾਂ ਤਾਂ ਤੱਤ ਇਸ ਤਰ੍ਹਾਂ ਨਿਕਲਦਾ ਹੈ।

(1) ਜਾਪੁ :

ੴ ਸਤਿਗੁਰ ਪ੍ਰਸਾਦਿ ਵਾਹਿਗੁਰੂ ਜੀ ਕੀ ਫਤਹਿ<br>
ਸ੍ਰੀ ਅਕਾਲ ਪੁਰਖ ਜੀ ਤੇਰੀ ਸਰਣਿ ॥<br>
(ਇਹ ਸਤਰ ਸ਼ਬਦਾਰਥ ਵਿਚ ਹੈ)

(2) ਅਕਾਲ ਉਸਤਤਿ :

ੴ ਸਤਿਗੁਰ ਪ੍ਰਸਾਦਿ ॥<br>
ਸ੍ਰੀ ਭਗਉਤੀ ਜੀ ਸਹਾਇ ਸ੍ਰੀ ਅਕਾਲ ਜੀ ਕੀ ਉਸਤਤਿ ।<br>
(ਭਗਉਤੀ ਦੇ ਅਰਥਾਂ ਲਈ ਮਹਾਨ ਕੋਸ਼ ਭਾਈ ਕਾਨ੍ਹ ਸਿੰਘ ਜੀ<br>
ਅਤੇ ਗੁਰਮਤਿ ਸੁਧਾਖਰ ਦੇਖੋ)

(4) ਚੰਡੀ ਚਰਿਤ੍ਰ :- ੴ ਵਾਹਿਗੁਰੂ ਜੀ ਕੀ ਫਤਹਿ

ਅਥਿ ਚੰਡੀ ਚਰਿਤ੍ਰ ਉਕਤਿ ਬਿਲਾਸ

ਅਖੀਰ ਤੇ ਦਸਮੇਸ਼ ਜੀ ਨੇ ਲਿਖਿਆ ਹੈ, ਇਤਿ ਸ੍ਰੀ ਮਾਰਕੰਡੇ ਪੁਰਾਣੇ ਸ੍ਰੀ ਚੰਡੀ ਚਰਿਤ੍ਰ ਉਕਤਿ ਬਿਲਾਸ ਸੁੰਭ ਬਧਹਿ ਨਾਮੁ ਅਸ਼ਟਮੋ ਧਿਆਇ ਸਮਾਪਤਮ ਸਤ ਸੁਭਮ ਸਤ-ਅਫਜੂ

ਸਾਫ ਦਸਦਾ ਹੈ ਕਿ ਗੁਰੂ ਸਾਹਿਬ ਨੇ ਇਹ ਮਾਰਕੰਡੇ ਪਰਾਣ ਦੇ ਅਠਵੇਂ ਅਧਿਆਏ ਵਿਚ ਜੋ ਸੁੰਭ ਰਾਕਖਸ਼ ਦਾ ਬੱਧ ਕਰਨਾ ਲਿਖਿਆ ਹੈ ਉਸੇ ਆਧਾਰ ਤੇ ਲਿਖਿਆ ਹੈ । ਸੋ ਇਸ ਵਿਚ ਜਿਥੇ ਕਿਤੇ ਭੀ ਦੇਵੀ ਦੀ ਉਸਤਤਿ ਹੈ ਉਹ ਉਸੇ ਆਧਾਰ ਤੇ ਹੈ ਨਾ ਕੇ ਕਵੀ (ਦਸ਼ਮੇਸ਼ ਜੀ) ਉਸਤਤਿ ਕਰ ਰਹੇ ਹਨ । ਆਖੀਰ ਤੇ ਆਪਣੇ ਮਨ ਦੀ ਇੱਛਾ ਪ੍ਰਗਟ ਕਰ ਰਹੇ ਹਨ :

**ਦੇਹਿ ਸਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨਾ ਡਰੋਂ ॥**<br>
**ਨ ਡਰੋਂ ਅਰਿ ਸਉ ਜਬ ਜਾਇ ਲਰੋ ਨਿਸਚੈ ਕਰਿ ਆਪਨੀ ਜੀਤ ਕਰੋਂ ॥**

(ਇਥੇ ਭੀ ਸਿਵਾ ਦੇ ਸਹੀ ਅਰਥ ਮਹਾਨ ਕੋਸ਼ ਵਿਚ ਮਿਲਣਗੇ)

(5) ਚੰਡੀ ਚਰਿਤ੍ਰ ਦੂਸਰਾ :

ੴ ਸਤਿਗੁਰ ਪ੍ਰਸਾਦਿ ਸ੍ਰੀ ਭਗਉਤੀ ਜੀ ਸਹਾਇ

ਅਥ ਚੰਡੀ ਚਰਿਤ੍ਰ ਲਿਖਯਤੇ ।

ਆਖੀਰ ਵਿਚ

ਇਤਿ ਸ੍ਰੀ ਬਚਿਤ੍ਰ ਨਾਟਕ ਚੰਡੀ ਚਰਿਤ੍ਰੇ ਉਸਤਤਿ ਬਰਨੇ ਨਾਮ

ਅਸ਼ਟਮੋ ਅਧਿਆਇ ਸੰਪੂਰਣੰ ਸਤ ਸੁਭਮ ਸਤੁ ਅਫਜੂ

ਇਥੇ ਮਹਾਰਾਜ ਨੇ ਦਸ ਦਿੱਤਾ ਕਿ ਮਾਰਕੰਡੇ ਪੁਰਾਣ ਦਾ ਅਠਵਾਂ ਅਧਿਆਯ ਸੰਪੂਰਣ ਹੋ ਗਿਆ ਹੈ ।

(6) ਬਚਿਤ੍ਰ ਨਾਟਕ :-

ੴ ਸਤਿਗੁਰ ਪ੍ਰਸਾਦਿ ਅਥ ਬਚਿਤ੍ਰ ਨਾਟਕ

ਗ੍ਰੰਥ ਲਿਖਯਤੇ ਸ੍ਰੀ ਮੁਖ ਵਾਕ ਪਾਤਸ਼ਾਹੀ ੧੦

ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਪਾਠ ਮਨ ਬਿਰਤੀ ਲਗਾ ਕੇ ਨਹੀਂ ਕੀਤਾ ਉਨ੍ਹਾਂ ਦਾ ਤਰਕ ਹੈ ਕਿ ਦਸ਼ਮੇਸ਼ ਜੀ ਆਪਣੇ ਆਪ ਸ਼੍ਰੀ ਮੁਖ ਵਾਕ ਪਾਤਸ਼ਾਹੀ ੧੦ ਕਿਵੇਂ ਲਿਖ ਸਕਦੇ ਹਨ ? ਜਦ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭੱਟਾਂ ਦੇ ਸਵੱਯੇ ਲਿਖਣ ਤੋਂ ਪਹਿਲਾਂ "ਸਵੱਯੇ ਸ੍ਰੀ ਮੁਖ ਬਾਕ੍ਯ ਮਃ ਪਃ" ਲਿਖ ਕੇ ਪੰਚਮ ਪਿਤਾ ਨੇ ਇਸ ਪੱਧਤੀ ਨੂੰ ਪ੍ਰਵਾਣ ਕੀਤਾ ਹੈ । ਇਸ ਤੋਂ ਅੱਗੇ

**ਦੋਹਰਾ**

**ਨਮਸਕਾਰ ਸ੍ਰੀ ਖੜਗ ਕੋ ਕਰੌ ਸੁ ਹਿਤੁ ਚਿਤ ਲਾਇ ॥**

**ਪੂਰਨ ਕਰੌ ਗਿਰੰਥ ਇਹ ਤੁਮ ਮੋਹਿ ਕਰਹੁ ਸਹਾਇ ॥**

**ਤ੍ਰਿਭੰਗੀ ਛੰਦ ॥ ਸ੍ਰੀ ਕਾਲ ਜੀ ਕੀ ਉਸਤਤਿ ॥**

**ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰ ਬੰਡੰ ॥**

"ਸ੍ਰੀ ਕਾਲ ਜੀ ਕੀ ਉਸਤਤਿ" ਪੜ੍ਹ ਕੇ ਫੌਰਨ ਇਹ ਕਿਹਾ ਜਾਂਦਾ ਹੈ ਕਿ ਇਹ ਸ਼ਿਵ ਪੁਰਾਣ ਵਾਲੇ ਕਾਲ ਦੀ ਉਸਤਤਿ ਹੈ ਪਰ ਦਸਮੇਸ਼ ਜੀ ਨੇ ਖੁਦ ਇਸ ਗੱਲ ਦਾ ਨਿਰਣਾ ਚੌਬੀਸ ਅਵਤਾਰ ਦੀ ਗਾਥਾ ਦੇ ਆਰੰਭ ਵਿਚ ਕਰ ਦਿੱਤਾ ਹੈ :

**ਅੰਤਿ ਕਰਤ ਸਭ ਜਗ ਕੋ ਕਾਲਾ ॥**

**ਨਾਮ ਕਾਲਾ ਤਾਂ ਤੇ ਜਗ ਡਾਲਾ ॥**

**ਸਮੇਂ ਸੰਤ ਪਰ ਹੋਤ ਸਹਾਈ ॥**

**ਤਾਂ ਤੇ ਸੰਖਯਾ ਸੰਤ ਸੁਨਾਈ ॥੯॥**

ਅਰਥ : (ਕਿਉਂਕਿ) ਸਾਰੀ ਸ੍ਰਿਸਟੀ ਦਾ ਅੰਤ ਕਰਨ ਹਾਰ ਪਰਮੇਸ਼ਰ ਹੈ ਇਸ ਲਈ ਉਸ ਦਾ ਨਾਮ ਕਾਲ (ਕਾਲਾ) ਸੰਸਾਰ ਵਿਚ ਬਿਖਿਆਤ ਹੈ ।(ਦੂਸਰੇ ਪਾਸੇ) ਸੰਤ (ਸਾਂਤ ਭਾਵ ਮਰਣ ਵੇਲੇ) ਸਹਾਈ ਹੁੰਦਾ ਹੈ ਇਸ ਲਈ ਉਸ ਨੂੰ ਸੰਤ ਆਖਦੇ ਹਨ । ਇਨ੍ਹਾਂ ਸਪੱਸ਼ਟ ਲਿਖਣ ਦੇ ਬਾਵਜੂਦ ਦਸਮ ਗ੍ਰੰਥ ਦੀ ਬਾਣੀ ਵਿਚ ਲਿਖੇ ਕਾਲ ਨੂੰ ਇਨ੍ਹਾਂ ਨੇ ਸ਼ਿਵ ਪੁਰਾਣ ਵਾਲੇ ਕਾਲ ਨੂੰ ਮੰਨਣ ਦੀ ਰੱਟ ਲਗਾ ਰੱਖੀ ਹੈ ।

ਗੁਰਬਾਣੀ ਦੱਸ ਰਹੀ ਹੈ :

ਭਾਈ ਮਤ ਕੋਈ ਜਾਣਹੁ ਕਿਸੀ ਕੈ ਕਿਛੁ ਹਾਥਿ ਹੈ ਸਭ ਕਰੇ ਕਰਾਇਆ॥

ਜਰਾ ਮਰਾ ਤਾਪ ਸਿਰਤ ਸਾਪ ਸਭ ਹਰਿ ਕੈ ਵਸਿ ਹੈ

ਕੋਈ ਲਾਗ ਨ ਸਾਕੈ ਬਿਨ ਹਰਿ ਕਾ ਲਾਇਆ ॥ ਪੰਨਾ ੧੬੮॥

ਇਸ ਗੁਰ ਫ਼ੁਰਮਾਣ ਨੂੰ ਦੇਖ ਕੇ ਕੌਣ ਕਹਿ ਸਕਦਾ ਹੈ ਕਿ ਦਸਮੇਸ਼ ਪਿਤਾ ਦਾ ਪਰਮੇਸ਼ਰ ਨੂੰ ਕਾਲ ਕਹਿਣਾ ਬ੍ਰਾਹਮਣਵਾਦੀ ਗੱਲ ਹੈ ?

ਉਂਜ ਜੇ ਦੇਖਿਆ ਜਾਇ ਕੋਈ ਬੰਦਾ ਕਿਸੇ ਕਾਰਣ ਕਿਸੇ ਨੂੰ ਮਾਰਣ ਜਾਇ ਤਾਂ ਦੁਸ਼ਮਨ ਨੂੰ ਆਖਦਾ ਹੈ, ਤੇਰਾ ਕਾਲ ਬਣ ਕੇ ਆਇਆ ਹਾਂ । ਮਹਾਰਾਜ ਆਖ ਰਹੇ ਹਨ ਕਿ ਸਭ ਤੋਂ ਵੱਡੇ ਕਾਲ ਦਾ ਭੀ ਕਾਲ ਹੈ, ਉਹ ਮਹਾਂ ਕਾਲ ਹੈ । ਜੇ ਇੰਨੀ ਗੱਲ ਭੀ ਕਿਸੇ ਦੇ ਸਮਝ ਨ ਆਏ ਤਾਂ ਕੀ ਕੀਤਾ ਜਾ ਸਕਦਾ ਹੈ ।

(6) **ਚੰਡੀ ਦੀ ਵਾਰ (ਵਾਰ ਦੁਰਗਾ ਕੀ)**

ਇਹ ਦਸ਼ਮੇਸ਼ ਜੀ ਦੀ ਪੰਜਾਬੀ ਬੋਲੀ ਵਿਚ ਮਾਰਕੰਡੇ ਪੁਰਾਣ ਦੇ ਅਧਾਰਤ ਆਪਣੀ ਸੁਤੰਤਰ ਰਚਨਾ ਹੈ । ਇਸ ਦੀ ਆਰੰਭਤਾ ਹੈ :

੧ੴ ਵਾਹਿਗੁਰੂ ਜੀ ਕੀ ਫਤੇ ॥ ਸ੍ਰੀ ਭਗਉਤੀ ਜੀ ਸਹਾਇ

ਵਾਰ ਸ੍ਰੀ ਭਗਉਤੀ ਜੀ ਕੀ ॥ ਪਾਤਸ਼ਾਹੀ ੧੦ ॥

(7) ਚੋਬੀਸ ਅਵਤਾਰ :-

੧ੴ ਸਤਿਗੁਰ ਪ੍ਰਸਾਦਿ ਵਾਹਿਗੁਰੂ ਜੀ ਕੀ ਫਤਿਹ ॥

ਅਬ ਚੌਬੀਸ ਅਉਤਾਰ ਬਰਨੰ ਪਾ: ੧੦ ਤ੍ਵ ਪ੍ਰਸਾਦਿ ॥

ਇਸੇ ਤਰ੍ਹਾਂ ਇਨ੍ਹਾਂ ਵਿਚੋਂ ਉੱਨੀ ਅਵਤਾਰਾਂ ਦੀਆਂ ਗਾਥਾਵਾਂ ਵਿਚ ਕਿਤੇ ਭੀ ਕਿਸੇ ਰਾਮ ਜਾਂ ਸਯਾਮ ਕਵੀ ਦਾ ਨਾਉਂ ਨਹੀਂ ਆਉਂਦਾ । ਸਭ ਦੀ ਆਰੰਭਤਾ ਉਪਰ

ਦੱਸੇ ਮੰਗਲਾ ਚਰਨ ਨਾਲ ਹੀ ਹੁੰਦੀ ਹੈ । ਕੇਵਲ ਚੋਬੀਸ ਅਵਤਾਰ ਦੀ ਆਰੰਭਤਾ ਵਿਚ ਵੀਹਵੇਂ ਅਵਤਾਰ ਰਾਮਾ ਅਵਤਾਰ ਦੀ ਆਰੰਭਤਾ ਅਤੇ ਬਹੁਤੀ ਵਾਰੀ ਕ੍ਰਿਸ਼ਨਾ ਅਵਤਾਰ ਵਿਚ ਸਯਾਮ ਦਾ ਨਾਉਂ ਆਉਂਦਾ ਹੈ । ਪਰ ਚੌਬੀਸ ਅਵਤਾਰ ਦੀ ਆਰੰਭਤਾ ਤੇ ਝਾਤੀ ਮਾਰੀਏ ਤਾਂ ਇਸ ਤਰ੍ਹਾਂ ਲਿਖਿਆ ਹੈ ।

**ਅਬ ਚਉਬੀਸ ਉਚਰੋ ਅਵਤਾਰਾ । ਜਿਹ ਬਿਧ ਤਿਨ ਕਾ ਲਖਾ ਅਖਾਰਾ ।**
**ਸੁਨੀਅਹੁ ਸੰਤ ਸਬੈ ਚਿਤ ਲਾਈ । ਬਰਨਤ ਸਯਾਮ ਜਥਾ ਮਤਿ ਭਾਈ ।**
**ਜੋ ਚੌਬੀਸ ਅਵਤਾਰ ਕਰਾਏ । ਤਿਹ ਭੀ ਤੁਮ ਪ੍ਰਭ ਤਨਿਕ ਨ ਪਾਏ ।**
**ਸਭ ਜਗ ਭਰਮੇ ਭਰਮਾਯੰ । ਤਾਂ ਤੇ ਨਾਮ ਬਿਅੰਤ ਕਹਾਯੰ । ੭ ।**
**ਸਭ ਹੀ ਛਲਤ ਨ ਆਪ ਛਲਾਯਾ । ਤਾ ਤੇ ਛਲੀਆ ਆਪ ਕਹਾਯਾ ।**
**ਸੰਤਨ ਦੁਖੀ ਨਿਰਖ ਅਕਲਾਵੈ । ਦੀਨ ਬੰਧੁ ਤਾ ਤੇ ਕਹਿਲਾਵੈ । ੮।**
**ਅੰਤ ਕਰਤ ਸਭ ਜਗ ਕੋ ਕਾਲਾ । ਨਾਮ ਕਾਲਾ ਤਾ ਤੇ ਜਗ ਡਾਲਾ ।**
**ਸਮੇ ਸੰਤ ਪਰ ਹੋਤ ਸਹਾਈ । ਤਾ ਤੇ ਸੰਖਯਾ ਸੰਤ ਬਤਾਈ । ੯।**
**ਕਿਨਹੂੰ ਕਹੂੰ ਨ ਤਾਹਿ ਲਖਾਯੋ । ਇਹ ਕਰ ਨਾਮ ਅਲਖ ਕਹਾਯੋ ।**
**ਜੋਨਿ ਜਗਤ ਮੈ ਕਬਹੂੰ ਨ ਆਯੋ । ਤਾਂ ਤੇ ਸਭੋ ਅਜੋਨ ਬਤਾਯੋ । ੧੩।**
**ਬ੍ਰਹਮਾਦਿਕ ਸਬ ਹੀ ਪਚ ਹਾਰੇ । ਬਿਸਨ ਮਹੇਸ਼ਵਰ ਕਉਨ ਬਿਚਾਰੇ ।**
**ਚੰਦ ਸੂਰ ਜਿਨ ਕਰੇ ਬਿਚਾਰਾ । ਤਾਂ ਤੇ ਜਾਨੀਅਤ ਹੈ ਕਰਤਾਰਾ । ੧੪।**
**ਇਕ ਮੜੀਅਨ ਕਬਰਨ ਵੇ ਜਾਹੀ । ਦੁਹੂੰਅਨ ਮੈ ਪਰਮੇਸ਼ਰ ਨਾਹੀ ।**
**ਦੋਊ ਮੋਹ ਬਾਦ ਮੇ ਪਚੇ । ਤਿਨ ਤੇ ਨਾਥ ਨਿਰਾਲੇ ਬਚੇ ।**
**ਜਾ ਤੇ ਛੂਟਿ ਗਯੋ ਭ੍ਰਮ ਉਰ ਕਾ । ਤਿਹ ਆਗੇ ਹਿੰਦੂ ਕਿਆ ਤੁਰਕਾ । ੧੯।**
**ਇਕ ਤਸਬੀ ਇਕ ਮਾਲਾ ਧਰਹੀ । ਏਕ ਕੁਰਾਨ ਪੁਰਾਨ ਉਚਰਹੀ ।**
**ਕਰਤ ਬਿਰੁਧ ਗਏ ਮਰਿ ਮੂੜ੍ਹਾ । ਪ੍ਰਭ ਕੋ ਰੰਗ ਨ ਲਾਗਾ ਗੂੜ੍ਹਾ । ੨੦।**
**ਜੋਗੀ ਸੰਨਿਆਸੀ ਹੈ ਜੇਤੇ । ਮੁੰਡੀਆਂ ਮੁਸਲਮਾਨ ਮੁਨਿ ਕੇਤੇ ।**
**ਭੇਖ ਧਰੇ ਲੂਟਤ ਸੰਸਾਰਾ । ਛਪਤ ਸਾਧ ਜਿਹ ਨਾਮ ਅਧਾਰਾ । ੨੩**
**ਜਿਨ ਪ੍ਰਭ ਏਕ ਵਹੈ ਠਹਰਾਯੋ । ਤਿਨ ਕਰ ਭਿੰਡ ਨ ਕਿਸੂ ਦਿਖਾਯੋ ।**
**ਸੀਸ ਦੀਯੇ ਪਰ ਸਿਰਰ ਨ ਦੀਨਾ । ਰੰਚ ਸਮਾਨ ਦੇਹ ਕਰਿ ਚੀਨਾ । ੨੬**

ਭਾਵ ਜਿਸ ਨੇ ਆਪਣੇ ਹਿਰਦੇ ਵਿਚ ਇਕ ਪ੍ਰਮੇਸ਼ਰ ਨੂੰ ਵਸਾਇਆ ਹੈ ਉਹ ਕਿਸੇ ਨੂੰ ਪਾਖੰਡ ਨਹੀਂ ਦਿਖਾਉਂਦੇ । ਗੁਰੂ ਤੇਗ ਬਹਾਦਰ ਸਾਹਿਬ ਦੀ ਉਦਾਹਰਣ ਦੇ ਕੇ

ਦੱਸਦੇ ਹਨ ਕਿ ਉਹ ਸਰੀਰ ਨੂੰ ਤੁਛ ਮਾਤ੍ਰ ਸਮਝਦੇ ਹਨ ਆਪਣਾ ਸਿਰ ਦੇ ਦਿੰਦੇ ਹਨ ਪਰ ਆਪਣੇ ਪ੍ਰਣ ਤੇ ਅਟੱਲ ਰਹਿੰਦੇ ਹਨ ।

*ਪ੍ਰਥਮ ਕਾਲ ਸਭ ਜਗ ਕੋ ਤਾਤਾ । ਤਾ ਤੇ ਭਯੋ ਤੇਜ ਬਿਖਿਯਾਤਾ ।*
*ਸੋਈ ਭਵਾਨੀ ਨਾਮ ਕਹਾਈ । ਜਿਨਿ ਸਿਗਰੀ ਯਹ ਸ੍ਰਿਸਟਿ ਉਪਾਈ । ੨੯*
*ਪ੍ਰਿਥਮੈ ਓਅੰਕਾਰ ਤਿਨ ਕਹਾ । ਸੋ ਧੁਨਿ ਪੂਰ ਜਗਤ ਮੋ ਰਹਾ ।*
*ਤਾਂ ਤੇ ਜਗ ਭਯੋ ਬਿਸਥਾਰਾ । ਪੁਰਖ ਪ੍ਰਕ੍ਰਿਤ ਜਬ ਦੁਹੂੰ ਬਿਚਾਰਾ । ੩੦*

(ਪੁਰਖ=ਅਕਾਲ ਪੁਰਖ – ਪ੍ਰਕ੍ਰਿਤ=ਮਾਯਾ, ਆਦਿ ਸ਼ਕਤੀ ਕੁਦਰਤ)

ਇਹ ਸਭ ਕੁਝ ਪੜ੍ਹ ਕੇ ਭੀ ਜੇ ਕਿਸੇ ਨੂੰ ਸਮਝ ਨ ਆਵੇ ਕਿ ਚੌਬੀਰ ਅਵਤਾਰ ਦੇ ਕਰਤਾ ਜੀ ਕਿਸ ਦੀ ਵਡਿਆਈ ਕਰ ਰਹੇ ਹਨ ਫਿਰ ਉਸ ਦੀ ਮਤ ਨੂੰ ਕੀ ਕਹੀਏ ? ਜਦ ਕਿ ਮਹਾਰਾਜ ਨੇ ਆਪਣੇ ਸਿੱਖਾਂ ਦੇ ਗਿਆਨ ਲਈ ਇਹ ਸਨਾਤਨ ਗ੍ਰੰਥਾਂ ਦੇ ਉਲੱਥੇ ਜਾਂ ਉਨ੍ਹਾਂ ਦੇ ਆਧਾਰਤ ਇਹ ਰਚਨਾਵਾਂ ਆਪ ਕੀਤੀਆਂ ਹਨ ਅਤੇ ਸਭ ਭਰਮ ਭੁਲੇਖੇ ਦੂਰ ਕਰਨ ਲਈ ਆਪਣੇ ਨਿੱਜੀ ਵੀਚਾਰ ਨਾਲ ਹੀ ਲਿਖ ਦਿੱਤੇ ਹਨ :

ਮਛ ਅਵਤਾਰ ਦੇ ਅਧਿਆਯ ਦੇ ਮਧ ਕੀਟਵ ਦੇ ਪ੍ਰਸੰਗ ਵਿਚ :

*ਕਾਲ ਪੁਰਖ ਦੀ ਦੇਹਿ ਮੋ ਕੋਟਿਕ ਬਿਸ਼ਨ ਮਹੇਸ਼ ।*
*ਕੋਟਿ ਇੰਦ੍ਰ ਬ੍ਰਹਮਾ ਕਿਤੇ ਰਵਿ ਸਸ ਕੋਟਿ ਜਲੇਸ਼ ।*

ਰਾਮਾ ਅਵਤਾਰ ਦੀ ਕਥਾ ਲਿਖ ਕੇ ਆਖੀਰ ਤੇ ਦੱਸ ਦਿੱਤਾ ।

*ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ ।*
*ਰਾਮ ਰਹੀਮ ਪੁਰਾਨ ਕੁਰਾਲ ਅਨੇਕ ਕਹੈਂ ਮਤ ਏਕ ਨ ਮਾਨਯੋ ।*
*ਸਿਮ੍ਰਿਤ ਸਾਸਤ੍ਰ ਬੇਦ ਸਬੈ ਬਹੁ ਭੇਦ ਕਹੈਂ ਹਮ ਏਕ ਨ ਜਾਨਿਯੋ ।*
*ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਿਯੋ ਸਬ ਤੋਹਿ ਬਖਾਨਿਯੋ। ੮੬੩*

**ਦੋਹਰਾ**

*ਸਗਲ ਦੁਆਰ ਕੋ ਛਾਡ ਕੈ ਗਹਿਯੋ ਤੁਹਾਰੋ ਦੁਆਰਾ ।*
*ਬਾਂਹ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ । ੮੬੪*

ਅੱਗੇ ਲਿਖ ਦਿੱਤਾ :

*ਸਾਧ ਅਸਾਧ ਜਾਨੋ ਨਹੀਂ ਬਾਦ ਸੁ ਬਾਦ ਬਿਬਾਦ ।*
*ਗ੍ਰੰਥ ਸਗਲ ਪੂਰਣ ਕੀਯੋ ਭਗਵਤਿ ਕ੍ਰਿਪਾ ਪ੍ਰਸਾਦਿ । ੮੬੨*

“ “

ਸ਼

੪੧੦

......                    ......     ......                    ......                    ......

*ਮੋ ਗ੍ਰਿਹ ਮਹਿ ਮਨ ਤੇ ਧਨ ਤੇ ਤਨ ਤੇ ਸਿਰ ਲੌ ਸਭ ਹੈ ਇਕ ਹੀ ਕਉ ॥*

ਹਿੰਦੂਆਂ ਦੀ ਮਾਨਸਿਕਤਾ ਦੀ ਸੀਮਾ ਹੀ ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਹੈ ਅਤੇ 'ਜੈ ਭਾਰਤ ਮਾਤਾ' ਤੋਂ ਉਪਰ ਨਹੀਂ ਜਾਂਦੀ ਤਾਂ ਸਯਾਮ ਕਵੀ ਕਿਸ ਤਰ੍ਹਾਂ ਆਖੇਗਾ ।

*ਬੰਗ ਕੇ ਬੰਗਾਲੀ ਫਿਰੰਗ ਕੇ ਫਿਰੰਗਾ ਵਾਲੀ*
*ਦਿਲੀ ਕੇ ਦਿਲਵਾਲੀ ਤੇਰੀ ਆਗਿਆ ਮੇਂ ਚਲਤ ਹੈਂ ।*
*ਰੋਹ ਕੇ ਰੁਹੇਲੇ ਮਾਘ ਦੇਸ ਕੇ ਬਘੇਲੇ ਬੀਰ*
*ਬੰਗਸੀ ਬੁੰਧੇਲੇ ਪਾਪ ਪੁੰਜ ਕੋ ਮਲਤ ਹੈਂ॥*

*ਗੋਖਾ ਗੁਨ ਗਾਵਹਿ ਚੀਨ ਮਚੀਨ ਕੇ ਸੀਸ ਨਿਆਵਹਿ*
*ਤਿਬਤੀ ਧਿਆਵੈਹਿ ਦੋਖ ਦੇਹ ਕੋ ਦਲਿਤ ਹੈਂ ॥*

(ਅਕਾਲ ਉਸਤਤਿ)

(7) ਗੁਰੂ ਸਾਹਿਬ ਦੇ ਸਾਰੇ ਦਰਬਾਰੀ ਕਵੀਆਂ ਸੈਨਾਪਤਿ, ਭਾਈ ਨੰਦ ਲਾਲ ਆਦਿ, ਆਪਣੀਆਂ ਰਚਨਾਵਾਂ ਵਿਚ ਗੁਰੂ ਸਾਹਿਬ ਦੀਆਂ ਵਡਿਆਈਆਂ ਕਰਦੇ ਥਕਦੇ ਨਹੀਂ । ਸਾਰੇ ਰਾਜਿਆਂ ਦੇ ਦਰਬਾਰੀ ਕਵੀ ਆਪਣੀਆਂ ਰਚਨਾਵਾਂ ਵਿਚ ਆਪਣੇ ਪਾਲਕਾਂ ਦੀ ਵਡਿਆਈ ਕਰਦੇ ਹਨ ਪਰ ਦਸਮ ਗ੍ਰੰਥ ਦੀ ਸਾਰੀ ਰਚਨਾ ਵਿਚ ਕਿਤੇ ਇਕ ਥਾਂ ਭੀ ਦਸਮੇਸ਼ ਜੀ ਦੀ ਤਾਰੀਫ ਲਈ ਇਕ ਲਾਈਨ ਭੀ ਨਹੀਂ ਲਿਖੀ ਹੋਈ । ਬਚਿਤ੍ਰ ਨਾਟਕ ਵਿਚ ਕਲਗੀਧਰ ਮਹਾਰਾਜ ਦੀ "ਆਪਣੀ ਕਥਾ" ਅਤੇ ਹੋਰ ਜੁੱਧਾਂ ਦਾ ਵਰਨਣ "ਉਤਮ ਪੁਰਖ" ਵਿਚ ਹੋਇਆ । ਜੇ ਕਿਸੇ ਕਵੀ ਦੀ ਰਚਨਾ ਹੁੰਦੀ ਤਾਂ ਵਿਆਕਰਣ ਅਨੁਸਾਰ "ਅਨਯ ਪੁਰਖ" (3rd Person) ਵਿਚ ਹੋਣੀ ਸੀ । ਇਸ ਲਈ ਇਸ ਨੂੰ ਕਿਸੇ ਮਨਘੜਤ ਸਯਾਮ ਕਵੀ ਨਾਲ ਜੋੜਨਾ ਅਗਿਆਨਤਾ ਅਤੇ ਮੂਰਖਤਾ ਹੈ । ਬਲਕਿ ਅਨੇਕਾਂ ਥਾਵਾਂ ਤੇ ਗੁਰੂ ਮਹਾਰਾਜ ਨੇ ਆਪਣਾ ਨਾਉਂ ਲਿਖਿਆ ਹੈ :

*ਸਗਲ ਦੁਆਰ ਕੌ ਛਾਡਿ ਕੈ ਗਹਿਯੋ ਤੁਹਾਰੋ ਦੁਆਰ ।*
*ਬਾਂਹ ਗਹੇ ਕੀ ਲਾਜ ਅਸਿ ਗੋਬਿੰਦ ਦਾਸ ਤੁਹਾਰ ।* (ਰਾਗ ਮਾ. ਵਤਾਰ)
*ਸਦਾ ਦਾਹਿਨੇ ਦਾਸ ਕੋ ਦਾਨ ਦੀਜੈ ।*
*ਗੁਰੂ ਸ਼ਾਹ ਗੋਬਿੰਦ ਕੀ ਰਖ ਲੀਜੈ ।* (ਭਗਉਤੀ ਸਤੋਤਰ)

(8) ਜਿਸ ਤਰ੍ਹਾਂ ਖੋਜੀ ਬੰਦੇ ਚੋਰ ਦੀ ਪੈੜ ਨੱਪਣ ਲਈ, ਪੈਰ ਦਾ ਸਾਈਜ਼, ਪੁਲਾਂਘ ਦੀ ਲੰਬਾਈ, ਧਰਤੀ ਤੇ ਪਏ ਪੈਰ ਦੀ ਛਾਪ ਦਾ ਨਮੂਨਾ ਆਦਿ ਗੱਲਾਂ ਦੇਖ ਕੇ ਦਸਦੇ ਹਨ ਕਿ ਪੈੜ ਕਿਸ ਬੰਦੇ ਦੀ ਹੈ । ਇਸੇ ਤਰ੍ਹਾਂ ਵਿਦਵਾਨ ਬੰਦੇ ਕਿਸੇ ਰਚਨਾ ਦੀ ਸ਼ਬਦਾਵਲੀ, ਸ਼ੈਲੀ, ਅਲੰਕਾਰ ਅਤੇ ਪ੍ਰਮਾਣਿ ਆਦਿ ਦੇਖ ਕੇ ਨਿਰਣਾ ਕਰ ਲੈਂਦੇ ਹਨ ਕਿ ਰਚਨਾ ਇਕ ਕਵੀ ਦੀ ਹੈ ਜਾਂ ਇਕ ਤੋਂ ਵੱਧ ਦੀ ਹੈ । ਦਸਮ ਗ੍ਰੰਥ ਦੀ ਸਾਰੀ ਰਚਨਾ ਇਕੋ ਪ੍ਰਬੰਧ ਹੇਠ ਹੈ ਅਤੇ ਕਈ ਥਾਈਂ ਵੱਖ ਵੱਖ ਕਾਂਡਾਂ ਵਿਚ ਸਮਾਨਤਾ ਵਾਲੀ ਸ਼ਬਦਾਵਲੀ, ਸ਼ੈਲੀ ਅਤੇ ਅਲੰਕਾਰਾਂ ਨਾਲ ਨਿਰੂਪਣ ਹਨ ।

ਸਭ ਜਗਾ ਪਰਮੇਸ਼ਰ ਦੇ ਨਿਰਗੁਣ ਅਤੇ ਸਰਗੁਣ ਰੂਪ ਦੋਨਾਂ ਦਾ ਪ੍ਰਗਟਾ ਹੈ । ਪਰਮੇਸ਼ਰ ਅਤੇ ਪਰਮੇਸ਼ਰ ਦੀ ਆਦਿ ਸ਼ਕਤੀ ਸਭ ਜਗਾ ਦ੍ਰਿਸ਼ਟਮਾਨ ਹੈ । ਜੁਧਾਂ ਦੇ ਵਰਨਣ ਦੀ ਸ਼ੈਲੀ, ਸ਼ਬਦਾਵਲੀ ਇਕ ਸਮਾਨ ਹੈ । ਜੋ ਸ਼ਬਦਾਵਲੀ ਚੰਡੀ ਦੀ ਵਾਰ

ਵਿਚ ਹੈ ਉਹੋ ਸ਼ਬਦਾਵਲੀ ਰਾਮਵਤਾਰ ਦੇ "ਇੰਦਰਜੀਤ" (ਰਾਵਣ ਦੇ ਪੁੱਤਰ) ਜੁੱਧ ਵਰਨਣ ਵਿਚ ਹੈ :

ਜੁਟੇ ਵੀਰ ਜੁਝਾਰੇ ਧੱਗਾ ਵਜੀਆਂ । ਬਜੇ ਨਾਦ ਕਰਾਰੇ ਦਲਾਂ ਮੁਸ਼ਾਹਦਾ ।
ਲੁਝੇ ਕਾਰਣਯਾਰੇ ਸੰਘਰ ਸੂਰਮੇ। ਵੁਠੇ ਜਾਣ ਡਰਾਲੇ ਘਣੀਅਰ ਕੈਬਰੀ।। ।।
ਵਜੇ ਸੰਗਲੀਆਲੇ ਹਾਠਾਂ ਜੁਟੀਆਂ । ਖੇਤਿ ਬਹੇ ਮੁਛਾਲੇ ਕਹਰ ਤਤਰਚੇ ।
ਡਿਗੇ ਵੀਰ ਜੁਝਾਰੇ ਧੂੰਮਾਂ ਫੁਟੀਆਂ। ਬੱਕੇ ਜਾਣ ਮਤਵਾਲੇ ਭੰਗਾਂ ਖਾਇ ਕੈ ।। ।।
ਓਰੜਾਏ ਹੰਕਾਰੀ ਧੱਗਾਂ ਵਾਇਕੈ । ਵਾਹਿ ਫਿਰੇ ਤਰਵਾਰੀ ਸੂਰੇ ਸੂਰਮਿਆਂ ।
ਵਗੈ ਰੱਤ ਝੁਲਾਰੀ ਝਾੜੀ ਕੈਬਰੀ । ਪਾਈ ਧੂਮ ਝੁਝਾਰੀ ਰਾਵਣ ਰਾਮ ਦੀ।। ।।
ਚੋਬੀਂ ਧਉਸ ਵਜਾਈ ਸੰਘਰੁ ਮੱਚਿਆ। ਬਾਹ ਫਿਰੈ ਵੈਰਾਈ ਤੁਰੇ ਤਤਾਰਚੇ ।
ਹੂਰਾਂਚਿਤ ਵਧਾਈ ਅੰਬਰ ਪੂਰਿਆ। ਜੋਧਾਂ ਦੇਖਣ ਤਾਂਈ ਹੂਲੇ ਹੋਈਆਂ ।। ।।

ਜੋ ਸ਼ਬਦਾਵਲੀ ਜਾਪ ਸਾਹਿਬ ਵਿਚ ਹੈ ਓਹੋ ਸ਼ਬਦਾਵਲੀ ਇਸੇ ਕਾਂਡ ਵਿਚ ਹੈ :-

**ਅਨਕਾ ਛੰਦ**

ਪ੍ਰਭੂ ਹੈ । ਅਜੂ ਹੈ । ਅਜੈ ਹੈ । ਅਭੈ ਹੈ ।। ।।
ਅਜਾ ਹੈ । ਅਤਾ ਹੈ । ਅਲੈ ਹੈ । ਅਜੈ ਹੈ ।। ।।

ਰਾਮਾਵਤਾਰ ਦੇ ਆਰੰਭ ਵਿਚ ਲਿਖਦੇ ਹਨ :

***ਪੁਨਿ ਰੀਝ ਦਏ ਦੋਊ ਤੀਆ ਬਰੰਗ । ਚਿਤ ਮੋ ਸੁ ਬਿਚਾਰ ਕਛੂ ਨ ਕਰੰ।।***
***ਕਹੀ ਨਾਟਕ ਮੱਧ ਚਰਿਤ੍ਰ ਕਥਾ । ਜਯਾ ਦੀਨ ਸੁਰੇਸ਼ ਨਰੇਜ ਜਥਾ ।।੧੭।।***

ਦਸ਼ਮੇਸ਼ ਪਿਤਾ ਦੱਸਦੇ ਹਨ ਕਿ ਮੈਂ ਦਸਰਥ ਦੀਆਂ ਦੋ ਰਾਣੀਆਂ ਦੇ ਵਿਆਹ ਦਾ ਪ੍ਰਸੰਗ "ਬਚਿਤ੍ਰ ਨਾਟਕ ਗ੍ਰੰਥ ਵਿਚ ਚਰਿਤ੍ਰੋ ਪਖਯਾਨ ਵਿਚ ਭੀ ਲਿਖਿਆ ਹੈ।

***ਮੇਰ ਕਰੋ ਤ੍ਰਿਣ ਤੇ ਮੁਹਿ ਜਾਹਿ ਗਰੀਬ ਨਿਵਾਜ ਨ ਦੂਸਰ ਤੋ ਸੋ ।।***
***ਭੂਲ ਛਿਮੋ ਹਮਰੀ ਪ੍ਰਭ ਆਪਨ ਭੂਲਨਹਾਰ ਕਹਾਂ ਕੋਊ ਮੋ ਸੋ ।।***
***ਸੇਵ ਕਰੀ ਤੁਮਰੀ ਤਿਨ ਕੇ ਸਭ ਹੀ ਗ੍ਰਿਹ ਦੇਖੀਅਤ ਦ੍ਰਬ ਭਰੋਸੋ ।।***
***ਯਾ ਕਲ ਮੈਂ ਸਭ ਕਾਲ ਕ੍ਰਿਪਾਨ ਕੇ ਭਾਰੀ ਭੁਜਾਨ ਕੋ ਭਾਰੀ ਭਰੋਸੋ ।***

(ਬ. ਨਾਟਕ ੯੨)

ਇਹੋ ਸਵੱਯਾ ਚਰਿਤ੍ਰਾਂ ਦਾ ਆਰੰਭ ਵਿਚ ਇਸ ਤਰ੍ਹਾਂ ਹੈ :

***ਮੇਰ ਕਿਯੋ ਤ੍ਰਿਣ ਕੇ ਮੁਹਿ ਜਾਹਿ ਗਰੀਬ ਨਿਵਾਜ ਨ ਦੂਸਰ ਤੋ ਸੌ ।।***
***ਭੂਲ ਛਿਮੋ ਹਮਰੀ ਪ੍ਰਭ ਆਪਨ ਭੂਲਨ ਹਾਰ ਕਹੂੰ ਕੋਊ ਮੋ ਸੌ ।।***

*ਸੇਵ ਕਰੈ ਤੁਮਰੀ ਤਿਨ ਕੇ ਛਿਨ ਮੈਂ ਧਨ ਲਾਗਤ ਧਾਮ ਭਰੋਸੋ ॥*
*ਯਾ ਕਲਿ ਮੈਂ ਸਭ ਕਾਲ ਕ੍ਰਿਪਾਨ ਕੀ ਭਾਰੀ ਭੁਜਾਨ ਕੋ ਭਾਰੀ ਭਰੋਸੌ ॥੪੭॥*

ਇਹ ਉਸੇ ਤਰ੍ਹਾਂ ਹੈ ਜਿਸ ਤਰ੍ਹਾਂ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਸੋਦਰ ਦਾ ਪਾਠ ਤਿੰਨ ਵਾਰੀ ਅੱਡ ਅੱਡ ਸ਼ਬਦ ਭੇਦਾਂ ਨਾਲ ਆਇਆ ਹੈ ।

ਬਚਿਤ੍ਰ ਨਾਟਕ ਵਿਚ ਦਸਮੇਸ਼ ਜੀ, ਪਿਤਾ ਗੁਰੂ ਦੀ ਸ਼ਹੀਦੀ ਬਾਰੇ ਇੰਜ ਲਿਖਦੇ ਹਨ :

*ਸਾਧਨ ਹੇਤਿ ਇਤੀ ਜਿਨਿ ਕਰੀ ॥ ਸੀਸ ਦੀਆ ਪਰ ਸੀ ਨਾ ਉਚਰੀ ॥*

ਇਸੇ ਤਰ੍ਹਾਂ ਚੌਬੀਸ ਅਵਤਾਰ ਦੀ ਕਥਾ ਦੇ ਆਰੰਭ ਵਿਚ ਇੰਜ ਲਿਖਦੇ ਹਨ ।

*ਜਿਨ ਪ੍ਰਭ ਏਕ ਵਹੈ ਠਹਰਾਯੋ ॥ ਤਿਨ ਕਰ ਡਿੰਭ ਨ ਕਿਸੂ ਦਿਖਾਯੋ ॥*
*ਸੀਸ ਦੀਆ ਪਰ ਸਿਰਰ ਨ ਦੀਨਾ ॥ ਰੰਚ ਸਮਾਨ ਦੇਹਿ ਕਰ ਚੀਨਾ ॥੨੬॥*

ਇਸੇ ਤਰ੍ਹਾਂ ਸ. ਅਮਰਜੀਤ ਸਿੰਘ ਖੋਸਾ ਕੈਨੇਡਾ ਨਿਵਾਸੀ ਨੇ "ਸ੍ਰੀ ਦਸਮ ਗ੍ਰੰਥ ਸਾਹਿਬ ਦਸ਼ਮੇਸ਼ ਕ੍ਰਿਤ ਪ੍ਰਮਾਣਿਕਤਾ" ਪੁਸਤਕ ਵਿਚ ਬੜੀ ਮਿਹਨਤ ਨਾਲ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਭਾਈ ਗੁਰਦਾਸ ਜੀ ਦੀ ਰਚਨਾ ਦਾ ਦਸਮ ਗ੍ਰੰਥ ਦੀ ਬਾਣੀ ਨਾਲ ਟਾਕਰਾ ਕਰ ਕੇ ਫਲਸਫਾ, ਸਿਧਾਂਤ ਅਤੇ ਪ੍ਰਮਾਣ ਇਕੋ ਸਾਬਤ ਕੀਤੇ ਹਨ । ਪਰ ਇਹ ਗੱਲਾਂ ਸਭ ਗਿਆਨਵਾਨਾਂ ਵਾਸਤੇ ਹਨ ਪਸ਼ੂ ਬਿਰਤੀ ਵਾਲਿਆਂ ਲਈ ਨਹੀਂ ਹਨ ।

(9) ਐਸਾ ਰਾਮ ਸਯਾਮ ਕਵੀ ਕਿਹੜਾ ਹੈ ਜੀ ਜਿਸਨੇ ਪਾਉਂਟੇ ਰਹਿ ਕੇ ਸ਼ਿਕਾਰ ਕੀਤਾ ਹੋਵੇ ਅਤੇ ਸ਼ੇਰ, ਰਿਛ ਮਾਰੇ ਹੋਨ :-

*ਰਾਜ ਸਾਜ ਹਮ ਪਰ ਜਬ ਆਯੋ ॥ ਜਥਾ ਸਕਤ ਤਬ ਧਰਮ ਚਲਾਯੋ ॥*
*ਭਾਂਤਿ ਭਾਂਤਿ ਸਨ ਖੇਲ ਸਿਕਾਰਾ ॥ ਮਾਰੇ ਰੀਝ ਰੋਝ ਝੰਖਾਰਾ ॥੧॥*
*ਦੇਸ ਚਾਲ ਹਮ ਤੇ ਪੁਨਿ ਭਈ ॥ ਸਹਰ ਪਾਵਟਾ ਕੀ ਸੁਧਿ ਲਈ ॥*
*ਕਾਲਿੰਦ੍ਰੀ ਤਟ ਕਰੇ ਬਿਲਾਸਾ ॥ ਅਨਿਕ ਭਾਂਤ ਕੇ ਪੇਖ ਤਮਾਸ਼ਾ ॥੨॥*
*ਤਹ ਕੇ ਸਿੰਘ ਘਨੇ ਚੁਨਿ ਮਾਰੇ ॥ ਰੋਝ ਰੀਛ ਬਹੁ ਭਾਂਤਿ ਬਿਚਾਰੇ ॥੩॥*

ਜਦ ਕਿ ਗੁਰੂ ਸਾਹਿਬ ਦੀ ਯਾਦ ਵਿਚ ਗੁ: ਸ਼ੇਰ ਗਾਹ ਅਜ ਭੀ ਪਾਉਂਟਾ ਸਾਹਿਬ ਕਾਇਮ ਹੈ ।

ਕੌਣ ਰਾਮ ਸਯਾਮ ਮਨਘੜਤ ਅਖਉਤੀ ਕਵੀ ਇਹ ਦਾਨ ਮੰਗਦਾ ਹੈ

*ਅਬ ਰੀਝ ਕੈ ਦੇਹੁ ਵਹੈ ਹਮ ਕੋਉ ਜੋ ਹੌ ਬੇਨਤੀ ਕਰ ਜੋਰਿ ਕਰੋਂ ॥*

*ਜਬ ਆਉ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੌਂ ॥*

ਕ੍ਰਿਸ਼ਨਾਵਤਾਰ ਦੇ ਅੰਤ ਵਿਚ ਗੁਰੂ ਸਾਹਿਬ ਲਿਖਦੇ ਹਨ,

*ਦਸਮ ਕਥਾ ਭਗੌਤ ਕੀ ਭਾਖਾ ਕਰੀ ਬਨਾਇ ॥*

*ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁਧ ਕੋ ਚਾਇ ॥*

ਅਰਥ :- ਭਗਵਤ ਪੁਰਾਣ ਦੇ ਦਸਵੇਂ ਸਕੰਧ ਵਿਚ ਜੋ ਕ੍ਰਿਸ਼ਨਾਵਤਾਰ ਬਾਰੇ ਲਿਖਿਆ ਹੈ ਮੈਂ ਉਸ ਨੂੰ ਆਪਣੀ ਬੋਲੀ ਪਹਿਨਾ ਕੇ ਲਿਖਿਆ ਹੈ । ਇਸ ਬਾਰੇ ਮੈਨੂੰ ਹੋਰ ਕੋਈ ਲਾਲਸਾ ਨਹੀਂ (ਕਾਮਨਾ ਨਹੀਂ) ਕੇਵਲ ਧਰਮ ਜੁਧ ਲਈ (ਆਪਣੇ ਸਿੱਖਾਂ ਵਿਚ) ਜੋਸ਼ ਭਰਨ ਲਈ ਮੈਂ ਇਹ ਲਿਖਿਆ ਹੈ ।

ਇਸ ਤੋਂ ਪਹਿਲਾਂ ਦਾ ਸਵੱਯਾ ਦੇਖੋ :

*ਹਰਿ ਚਲੇ ਗ੍ਰਿਹ ਆਪਨੇ ਕੋ ਬਨ ਮੈ ਬਹੁਤੋ ਤਿਨ ਧਯਾਨ ਲਗਾਏ ॥*
*ਸਿਧ ਸਮਾਧ ਅਗਾਧ ਕਥਾ ਮੁਨਿ ਖੋਜ ਰਹੇ ਹਰਿ ਹਾਥ ਨ ਆਏ ॥*
*ਸਯਾਮ ਕਹੈ ਸਭ ਬੇਦ ਕਤੇਬਨ ਸੰਤਨ ਕੈ ਮਤਿ ਯੋਂ ਠਹਰਾਏ ॥*
*ਭਾਖਤ ਹੈ ਕਬਿ ਸੰਤ ਸੁਨੋ ਜਿਨ ਪ੍ਰੇਮ ਕੀਏ ਤਿਹ ਸ੍ਰੀ ਪ੍ਰਭਿ ਪਾਏ ॥ ॥*
*ਸਾਚ ਕਹੋਂ ਸੁਨਿ ਲੇਹੁ ਸਭੈ ਜਿਨ ਪ੍ਰੇਮ ਕੀਯੋ ਤਿਨ ਹੀ ਪ੍ਰਭ ਪਾਇਓ ॥*

(ਅਕਾਲ ਉਸਤਤਿ)

ਇਸ ਤੋਂ ਸਿੱਧ ਹੁੰਦਾਹੈ ਕਿ ਰਾਮ ਸਯਾਮ ਅਤੇ ਗੋਬਿੰਦ ਕੋਈ ਮਨ ਘੜੰਤ ਅਖਉਤੀ ਹੋਰ ਕਵੀ ਨਹੀਂ ਬਲਕਿ ਇਹ ਤਿੰਨੇ ਲਫਜ਼ ਇਕੋ ਦੇ ਸਮਾਨ ਅੰਤਰ ਅਰਥ ਵਾਲੇ ਹਨ । ਜਥਾ:

*ਸੰਤਾਂ ਮਧੇ ਗੋਬਿੰਦੁ ਆਛੈ ਗੋਕਲ ਮਧੇ ਸਿਆਮਗੋ॥*

*ਨਾਮੇ ਮਧੇ ਰਾਮੁ ਆਛੈ ਰਾਮ ਸਿਆਮ ਗੋਬਿੰਦਗੋ ॥ ਅੰਕ ॥*

ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਾਯਬਾਚੀ ਨਾਮ ਹਨ ।

ਜਿਹੜੇ ਬੰਦੇ ਦਸਮ ਗ੍ਰੰਥ ਦੀ ਬਾਣੀ ਨੂੰ ਕਵੀਆਂ ਦੀ ਬਾਣੀ ਅਤੇ ਕੰਜਰ ਬਾਣੀ ਕਹਿੰਦੇ ਹਨ ਅਸੀਂ ਉਨ੍ਹਾਂ ਨੂੰ ਪੁੱਛਦੇ ਹਾਂ ਕਿ ਕੀ ਗੁਰੂ ਸਾਹਿਬ ਅਜੇਹੀ ਰਚਨਾ ਕਰਨ ਵਾਲੇ ਕਵੀਆਂ ਨੂੰ ਹਾਥੀ ਤੇ ਚੜ੍ਹਾ ਕੇ ਜਲੂਸ ਦੀ ਸ਼ਕਲ ਵਿਚ ਸਨਮਾਨ ਕਰਦੇ ਰਹੇ ਅਤੇ ਉਸ ਜ਼ਮਾਨੇ ਸੱਠ ਸੱਠ ਹਜ਼ਾਰ ਦੇ ਇਨਾਮ ਦਿੰਦੇ ਰਹੇ ? ਜਦ ਕਿ ਇਤਿਹਾਸ ਗਵਾਹ ਹੈ ਕਿ ਇਕ ਕਵੀ ਨੇ ਜਦ ਗੁਰ ਦਰਬਾਰ ਵਿਚ ਆ ਕੇ ਆਪਣੀ ਕਵਿਤਾ ਦਾ ਪਹਿਲਾ ਸ਼ਿਅਰ ਇਦਾਂ ਪੜ੍ਹਿਆ:

*ਮਰਦ ਸੋਹੇ ਮੁੱਛ ਬਾਂਕੇ ਨੈਣ ਬਾਂਕੇ ਗੋਰੀਆਂ ।*

ਤਾਂ ਗੁਰੂ ਸਾਹਿਬ ਨੇ ਉਸ ਨੂੰ ਫੌਰਨ ਬੈਠ ਜਾਣ ਲਈ ਹੁਕਮ ਦਿੱਤਾ ਅਤੇ ਕਿਹਾ ਅਸੀਂ ਅਜੇਹੇ ਮਰਦ ਔਰਤ ਪ੍ਰਵਾਨ ਕਰਦੇ ਹਾ :

*ਮਰਦ ਸੋਹੇ ਕੌਲ ਬਾਂਕੇ ਸ਼ਰਮ ਬਾਂਕੇ ਗੋਰੀਆਂ ।*

ਕਿਹੜਾ ਸ਼ਿਵ ਭਗਤ ਹਿੰਦੂ ਕਵੀ ਇਹ ਕਹੇਗਾ :

*ਏਕ ਸਿਵ ਭਏ ਏਕ ਗਏ ਏਕ ਫੇਰ ਭਏ*
*ਰਾਮ ਚੰਦ੍ਰ ਕ੍ਰਿਸਨ ਕੇ ਅਵਤਾਰ ਭੀ ਅਨੇਕ ਹੈਂ ।।*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ*
*ਸਿਮ੍ਰਿਤ ਸਮੂਹਨ ਕੈ ਹੁਇ ਹੁਇ ਬਿਤਏ ਹੈਂ ।।*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ ।।*
*ਅੰਸਾ ਅਵਤਾਰ ਕੇਤੇ ਅਸ਼ਨੀ ਕੁਮਾਰ ਕੇਤੇ*
*ਪੀਰ ਔ ਪਿੰਕਾਬਰ ਕੇਤੇ ਗਨੇ ਨ ਪਰਤ ਏਤੇ*

*੧ ੭੭*

(ਅਕਾਲ ਉਸਤਤਿ)

ਖਾਲਸੇ ਦੀ ਜੋ ਮਹਿਮਾ ਕਲਗੀਆਂ ਵਾਲੇ ਨੇ ਦਸਮ ਗ੍ਰੰਥ ਵਿਚ ਕੀਤੀ ਕਿਹੜਾ ਬ੍ਰਾਹਮਣ ਰਾਮ, ਜਾਂ ਸ਼ਯਾਮ ਕਵੀ ਕਰ ਸਕਦਾ ਹੈ ? ਬੇ ਸਮਝੀ ਕਾਰਨ ਦਸਮੇਸ਼ ਦੀ ਕ੍ਰਿਤ ਸ੍ਰੀ ਦਸਮ ਗ੍ਰੰਥ ਨੂੰ ਕਵੀਆਂ ਦੀ ਰਚਨਾ ਕਹਿ ਕੇ ਕੁਫਰ ਤੋਲ ਰਹੇ ਹਨ ।

ਇਕ ਪੱਛਮੀ ਵਿਦਵਾਨ ਨੇ ਦਸਮ ਗ੍ਰੰਥ ਦਾ ਅਧਿਐਨ ਕਰ ਕੇ ਇੰਜ ਲਿਖਿਆ ਹੈ :

"The followers of Gobind Singh have failed to tell the world that he was not only a man of action but a great Scholar world have ever produced. Who was the master of so many Indian languages of that time and can write his versions with quite peae of mind with a sword dagling with his waist, bow and arrows ready to fight and commanding his troops in the battle field" ਅਤੇ ਸਾਡੇ ਦਸਮ ਗ੍ਰੰਥ ਵਿਰੋਧੀ ਅਗਿਆਨਤਾ ਅਤੇ ਮੂਰਖਤਾ ਜਾਂ ਕਿਸੇ ਲਾਲਚ ਵਿਚ ਆ ਕੇ ਇਸ ਤੇ ਠੱਪਾ ਹੀ ਨਹੀਂ ਲਗਾਂਦੇ ਬਲ ਕਿ ਆਪਣੀ ਅਕਲ ਦਾ ਦਿਵਾਲਾ ਭੀ ਕੱਢ ਰਹੇ ਹਨ।

❖❖❖

# ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ

ਪਿਛਲੀ ਸਦੀ ਦੇ ਸੱਤਵੇਂ ਦਸ਼ਕ ਵਿਚ ਗਿਆਨੀ ਭਾਗ ਸਿੰਘ ਦੀ ਲਿਖੀ ਪੁਸਤਕ 'ਦਸਮ ਗ੍ਰੰਥ ਨਿਰਣੇ' ਨੇ ਪੰਥ ਵਿਚ ਬੜੀ ਉਥਲ ਪੁਥਲ ਪੈਦਾ ਕਰ ਦਿੱਤੀ ਸੀ । ਇਸ ਦੇ ਜਵਾਬ ਵਿਚ ਗਿਆਨੀ ਹਰਬੰਸ ਸਿੰਘ ਜੀ ਟੀਕਾਕਾਰ ਦੀ ਲਿਖੀ ਪੁਸਤਕ "ਦਸਮ ਗ੍ਰੰਥ ਦਰਪਣ" ਨੇ ਅਤੇ ਗਿਆਨੀ ਭਾਗ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਮਿਤੀ 5-7-1977 ਨੂੰ ਪੰਥ ਵਿਚੋਂ ਛੇਕੇ ਜਾਣ ਪਿਛੋਂ ਸ਼ਾਂਤੀ ਵਰਤ ਗਈ ਸੀ, ਫਲਸਰੂਪ ਤਕਰੀਬਨ ਤਿੰਨ ਸਾਲ ਪਿਛੋਂ ਗਿਆਨੀ ਭਾਗ ਸਿੰਘ ਨੇ ਸ੍ਰੀ ਅਕਾਲ ਤਖਤ ਸਾਹਿਬ ਤੇ ਹਾਜ਼ਰ ਹੋ ਕੇ ਭੁਲ ਬਖਸ਼ਾਈ । ਤਕਰੀਬਨ ਵੀਹ ਸਾਲ ਪਿਛੋਂ "ਬਿਪ੍ਰਨ ਕੀ ਰੀਤ ਤੋਂ ਸੱਚ ਦੇ "ਮਾਰਗ" ਦੀਆਂ ਕਿਤਾਬਾਂ ਦੇ ਅਖੌਤੀ ਲੇਖਕ ਗੁਰਬਖਸ਼ ਸਿੰਘ ਕਾਲਾ ਅਫਗਾਨਾ ਨੇ ਫਿਰ ਇਕ ਵਾਰ ਪੰਥਕ ਸਾਗਰ ਵਿਚ ਪੰਥ ਢਾਹੂ ਸੁਨਾਮੀ ਲਹਿਰ ਲੈ ਆਂਦੀ ਹੈ ।

ਅਸੀਂ ਆਪਣੀ ਪੁਤਸਕ "ਸਭ ਦੁਸ਼ਟ ਝੱਖ ਮਾਰਾ" ਵਿਚ ਸਾਬਤ ਕਰ ਦਿੱਤਾ ਹੈ ਕਿ ਕਿਤਾਬਾਂ ਦਾ ਲੇਖਕ ਕੋਈ ਹੋਰ ਹੈ, ਕਾਲਾ ਅਫਗਾਨਾ ਦਾ ਕੇਵਲ ਨਾਉਂ ਵਰਤਿਆ ਗਿਆ ਹੈ । ਅੰਦਰ ਖਾਤੇ ਮਿਸ਼ਨਰੀ ਕਾਲਜਾਂ ਦੀਆਂ ਜਿਹੜੀਆਂ ਸੰਸਥਾਵਾਂ ਗਿਆਨੀ ਭਾਗ ਸਿੰਘ ਜੀ ਪੁਸ਼ਤ ਪਨਾਹੀ ਕਰ ਰਹੀਆਂ ਸਨ ਉਹੋ ਹੀ ਕਾਲਾ ਅਫਗਾਨਾਂ ਦੀ ਪਿੱਠ ਤੇ ਖੜੀਆਂ ਹਨ । ਗਿਆਨੀ ਭਾਗ ਸਿੰਘ ਨੂੰ ਪੰਥ ਵਿਚੋਂ ਛੇਕਣ ਪਿੱਛੋਂ ਮਿਸ਼ਨਰੀ ਕਾਲਜਾਂ ਨੇ ਐਲਾਨੀਆਂ ਕਹਿ ਦਿੱਤਾ ਕਿ ਅਸੀਂ "ਕਬਿਯੋ ਬਾਚ ਬੇਨਤੀ ਚਉਪਈ" ਨੂੰ ਬਾਣੀ ਸਵੀਕਾਰਦੇ ਹਾਂ ਜੋ ਉਨ੍ਹਾਂ ਵਲੋਂ ਪ੍ਰਕਾਸ਼ਤ ਗੁਟਕਿਆਂ ਵਿਚ ਨਿਰੰਤਰ ਛਪ ਰਹੀ ਹੈ ।

ਕਾਲਾ ਅਫਗਾਨਾਂ ਦੇ ਪੰਥ ਵਿਚੋਂ ਛੇਕਣ ਦੇ ਹੁਕਮ ਨਾਮੇ ਪਿਛੋਂ ਇੰਦਰ ਸਿੰਘ ਘੱਗਾ ਅਤੇ ਇਸ ਦੇ ਸਾਥੀਆਂ ਸਮੇਤ ਮਿਸ਼ਨਰੀ ਕਾਲਜ ਦਿੱਲੀ ਦੇ ਕਰਤਾ ਸੁਰਜੀਤ ਸਿੰਘ ਮਿਸ਼ਨਰੀ ਨੂੰ ਛੱਡ ਕੇ ਬਾਕੀ ਮਿਸ਼ਨਰੀ ਕਾਲਜਾਂ ਨੇ ਦੜ ਵੱਟ ਲਈ ਹੈ ਅਤੇ ਕਾਲਾ ਅਫਗਾਨਾ ਦਾ ਬਦਲ ਢੂੰਢ ਰਹੀਆਂ ਹਨ ਤਾਂ ਜੋ ਕਿਸੇ ਹੋਰ ਦੇ ਮੋਢਿਆਂ ਦੇ ਰੱਖ ਕੇ ਬੰਦੂਕ ਚਲਾਈ ਜਾ ਸਕੇ ।

ਇੰਦਰ ਸਿੰਘ ਘੱਗਾ ਐਂਡ ਪਾਰਟੀ ਵਲੋਂ ਵਿਦੇਸ਼ਾਂ ਵਿਚ ਜਾਪੁ ਸਾਹਿਬ ਸੁਧਾ ਸਵੱਯੇ ਅਤੇ “ਕਬਿਓ ਬਾਚ ਬੇਨਤੀ ਚੌਪਈ” ਵਿਰੁਧ ਕੂੜ ਪ੍ਰਚਾਰ ਕਰਨ ਕਰਕੇ ਅਤੇ ਹੋਰ ਤਰਕਵਾਦੀ ਕਾਮਰੇਡੀ ਸੋਚ ਨੂੰ ਪਰਨਾਈਆਂ ਗਤੀਵਿਧੀਆਂ ਕਾਰਣ, ਵਿਦੇਸ਼ਾਂ ਤੋਂ ਮਿਲੀਆਂ ਰਿਪੋਰਟਾਂ ਤੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਸਮੂੰਹ ਗੁਰਦੁਆਰਿਆਂ ਅੰਦਰ ਇਨ੍ਹਾਂ ਦੇ ਬੋਲਣ ਤੇ ਪਾਬੰਦੀ ਲਗਾ ਦਿੱਤੀ । ਫਲਸਰੂਪ ਮਿਸ਼ਨਰੀ ਕਾਲਜ ਵਾਲਿਆਂ ਨੇ ਅਜੀਤ ਅਖਬਾਰ ਅਤੇ ਗੁਰਸਿਖ ਫੁਲਾਵੜੀ ਵਿਚ ਬਿਆਨ ਦੇ ਦਿੱਤਾ ਕਿ ਸਾਡਾ ਇੰਦਰ ਸਿੰਘ ਘੱਗੇ ਨਾਲ ਕਦੇ ਕੋਈ ਵਾਸਤਾ ਨਹੀਂ ਰਿਹਾ ਜਦ ਕਿ ਇੰਦਰ ਸਿੰਘ ਮਿਸ਼ਨਰੀ ਕਾਲਜ ਦੀ ਤਨਖਾਹ ਤੇ ਪਲਦਾ ਰਿਹਾ ਹੈ । ਇਹ ਅਸਲੀ ਕਿਰਦਾਰ ਹੈ ਉਨ੍ਹਾਂ ਬੰਦਿਆਂ ਦਾ ਜਿਨ੍ਹਾਂ ਨੇ ਸ੍ਰੀ ਦਸਮ ਗ੍ਰੰਥ ਵਿਰੁਧ ਕੂੜ ਪ੍ਰਚਾਰ ਦਾ ਹੈਦਰੀ ਝੰਡਾ ਚੁੱਕਿਆ ਹੋਇਆ ਹੈ ।

ਸਪੋਕਸਮੈਨ ਅਤੇ ਮਿਸ਼ਨਰੀ ਕਾਲਜ ਵਾਲਿਆਂ ਨੇ ਕਾਲਾ ਅਫਗਾਨਾ ਨੂੰ “ਸਦੀ ਦਾ ਸਭ ਤੋਂ ਸ਼੍ਰੇਸ਼ਟ ਸਿੱਖ” ਅਤੇ ਸਿਖੀ ਦੀ ਅਕਾਸ਼ ਗੰਗਾ ਦਾ ਧ੍ਰੂ ਤਾਰਾ ਐਲਾਨ ਰੱਖਿਆ ਹੈ । ਬਲਕਿ ਇੰਦਰ ਸਿੰਘ ਘੱਗਾ ਤਾਂ ਕਹਿ ਰਿਹਾ ਹੈ ਕਿ ਭਾਈ ਕਾਨ੍ਹ ਸਿੰਘ ਤੋਂ ਪਿਛੋਂ ਪੰਥ ਵਿਚ ਜੇ ਕੋਈ ਵਿਦਵਾਨ ਪੈਦਾ ਹੋਇਆ ਹੈ ਤਾਂ ਉਹ ਕਾਲਾ ਅਫਗਾਨਾ ਹੈ । ਇਸ ਤੋਂ ਇਕ ਕਦਮ ਹੋਰ ਅੱਗੇ ਜਾ ਕੇ ਆਖਦਾ ਹੈ ਕਿ ਹੁਣ ਦੁਨੀਆਂ ਕਾਨ੍ਹ ਸਿੰਘ ਨਾਭਾ ਨੂੰ ਭੀ ਭੁਲ ਜਾਵੇਗੀ ।

ਅਸੀਂ ਪਾਠਕਾਂ ਨੂੰ ਇਸ ਧ੍ਰੂ ਤਾਰੇ ਦੀ ਅਸਲੀਅਤ ਜਾਣੂ ਕਰਾਉਣਾ ਆਪਣਾ ਫਰਜ਼ ਸਮਝਦੇ ਹਾਂ ਤਾਂ ਜੋ ਸਿਖ ਸੰਗਤਾਂ ਸਹੀ ਨਿਰਣਾ ਲੈ ਸਕਣ । ਇਨ੍ਹਾਂ ਦਾ ਜਨਮ 1922 ਵਿਚ ਹੋਇਆ । ਬਚਪਨ ਜ਼ਿਲ੍ਹਾ ਮਿੰਟ ਗੁਮਰੀ ਚੱਕ ਨੰ: 39-14/2 ਗੁਜ਼ਰਿਆ । ਜਿਲਾ ਮੁਲਤਾਨ ਦੇ ਨਗਰ ਮੀਆਂ ਚੁੰਨੂੰ ਤੋਂ ਦਸਵੀਂ ਪਾਸ ਕੀਤੀ । 1947 ਵਿਚ ਪਾਕਿਸਤਾਨ ਬਣਨ ਪਿਛੋਂ ਗੁਰਦਾਸਪੁਰ ਦੇ ਪਿੰਡ ਕਾਲਾ ਅਫਗਾਨਾ ਟਿਕਾਣਾ ਬਣਾਇਆ । ਪੁਲਿਸ ਵਿਚ ਸਿਪਾਹੀ ਭਰਤੀ ਹੋ ਗਏ ਅਤੇ ਤਰੱਕੀ ਕਰਦੇ ਐਸ.ਐਚ.ਓ. (ਪੁਲਿਸ ਇੰਸਪੈਕਟਰ) ਬਣ ਗਏ ।

ਮਾਸਿਕ "ਖਾਲਸਾ ਖੰਡੇਧਾਰ" ਦੇ ਨਵੰਬਰ 2003 ਵਿਚ ਛਪੇ ਲੇਖ ਅਨੁਸਾਰ ਪਹਿਲਾਂ ਜੰਡਿਆਲੇ ਗੁਰੂ ਕੇ ਥਾਣੇ ਅਮਾਨਤ ਵਿਚ ਖਿਆਨਤ ਕਰਨ ਦੇ ਦੋਸ਼ ਅਧੀਨ ਇਸ ਤੇ ਧਾਰਾ 509 ਆਈ.ਪੀ.ਸੀ. ਮਿਤੀ 1-9-72 ਨੂੰ ਐਫ.ਆਈ.ਆਰ. 35 ਨੰ: 352 ਦਰਜ ਹੋਈ। ਇਸ ਪਿਛੋਂ ਬਿਜਲੀ ਮੁਲਾਜ਼ਮਾਂ ਨਾਲ ਝਗੜਾ ਕਰਨ ਨਾਲ ਫਤਿਹਗੜ੍ਹ ਚੂੜੀਆਂ ਥਾਣੇ ਵਿਚ ਧਾਰਾ 224, 225, 332, 353, ਅਤੇ 186 ਆਈ.ਪੀ.ਐਸ. ਅਧੀਨ ਮਿਤੀ 9-9-1973 ਨੂੰ ਐਫ.ਆਈ.ਆਰ. ਨੰ: 83 ਦਰਜ ਹੋਈ। ਆਖੀਰ ਵਿਚ ਰਿਸ਼ਵਤ ਦੇ ਕੇਸ ਵਿਚ ਜਦ ਇਹ ਥਾਣਾ ਖਰੜ ਵਿਚ ਐਸ.ਐਚ.ਓ. ਸੀ ਧਾਰਾ 161 ਆਈ.ਪੀ.ਐਸ. ਅਧੀਨ ਐਫ.ਆਈ.ਆਰ. ਨੰ: 37-1980 ਅਤੇ 71-80 ਦਰਜ ਹੋਈਆਂ। ਸ਼ਾਜਿਸ਼ ਅਧੀਨ ਜਮਾਨਤ ਮਿਲਣ ਤੇ ਇਹ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੀ ਸੀ.ਆਈ.ਡੀ. ਕਰਨ ਲਈ ਦਰਬਾਰ ਸਾਹਿਬ ਚੱਲੇ ਗਏ। ਮਾਨਾ ਵਾਲੇ ਕਾਂਡ ਪਿਛੋਂ ਸੰਤਾਂ ਦੇ ਕ੍ਰੋਪੀ ਤੋਂ ਬਚਣ ਲਈ ਕੈਨੇਡਾ ਚਲੇ ਗਏ।

ਕੈਨੇਡਾ ਵਿਚ ਖਾਲਸਾ ਦੀਵਾਨ ਸੁਸਾਇਟੀ ਦੇ ਗੁਰਦੁਆਰਾ ਟੋਪਾਜ਼ ਸਟਰੀਟ ਵਿਚ ਗ੍ਰੰਥੀ ਦੀ ਸੇਵਾ ਕਰਨ ਲੱਗ ਪਏ। ਆਪਣੀ 68 ਸਾਲ ਦੀ ਉਮਰ ਵਿਚ ਗੁਰਦੁਆਰਾ ਸਾਹਿਬ ਦੇ ਅੰਦਰ ਹੀ ਜਿਥੇ ਇਸ ਦੀ ਪਤਨੀ ਅਤੇ ਲੜਕੀ ਭੀ ਸੀ ਤਰਨਜੀਤ ਕੌਰ ਭੁਲਰ ਨਾਮੀ ਬੀਬੀ ਨਾਲ ਅਨੈਤਿਕ ਬਿਓਹਾਰ ਕਰਨ ਲਈ ਕਮੇਟੀ ਨੇ ਇਸ ਨੂੰ ਗੁਰਦੁਆਰੇ ਵਿਚੋਂ ਕੱਢ ਦਿੱਤਾ। ਇਸ ਤੋਂ ਇਨ੍ਹਾਂ ਨੇ ਬ੍ਰਿਟਸ਼ ਕੋਲੰਬੀਆ ਦੀ ਵਿਕਟੋਰੀਆ ਕੋਰਟ ਦਾ ਦਰਵਾਜ਼ਾ ਜਾ ਖੜਕਾਇਆ। ਜਿਥੇ ਇਸ ਦਾ ਕਸੂਰ ਸਿਧ ਹੋਣ ਤੇ ਫਰਵਰੀ 1992 ਵਿਚ ਪੰਜ ਹਜ਼ਾਰ ਕੈਨੇਡੀਅਨ ਡਾਲਰ ਜੁਰਮਾਨਾ ਕਰਕੇ ਕੇਸ ਖਾਰਜ ਕਰ ਦਿੱਤਾ। ਕੋਰਟ ਦੇ ਫੈਸਲੇ ਦੀ ਕਾਪੀ ਅਸੀਂ ਸੰਗਤਾਂ ਦੇ ਗਿਆਨ ਲਈ ਨਾਲ ਲਗਾ ਰਹੇ ਹਾਂ।

ਮਿਸ਼ਨਰੀ ਕਾਲਜਾਂ ਅਤੇ ਸਪੋਕਸਮੈਨ ਦੇ ਬਣਾਏ ਸਿਖੀ ਦੇ ਅਕਾਸ਼ ਗੰਗਾ ਦੇ ਧ੍ਰੂ ਤਾਰੇ ਦੀ ਅਸਲੀ ਫੋਟੋ ਸੰਗਤਾਂ ਨੇ ਦੇਖ ਲਿੱਤੀ, ਬਾਕੀ ਜੁੰਡਲੀ ਬਾਰੇ ਸੰਗਤਾਂ ਆਪ ਹੀ ਨਿਰਣਾ ਲੈ ਲੈਣ ਕਿ ਦਸਮ ਗ੍ਰੰਥ ਦੇ ਲਿਖਾਰੀ ਭਾਈ ਮਨੀ ਸਿੰਘ ਸ਼ਹੀਦ, ਬਾਬਾ ਦੀਪ ਸਿੰਘ ਸ਼ਹੀਦ ਅਤੇ ਹੋਰ ਦਸਮ ਗ੍ਰੰਥ ਨੂੰ ਮੰਨਣ ਵਾਲੇ ਗੁਰੂ ਕੇ

ਪਿਆਰਿਆਂ ਸਾਹਮਣੇ ਇਹ ਕੀ ਹੈਸੀਅਤ ਰੱਖਦੇ ਹਨ ਅਤੇ ਇਨ੍ਹਾਂ ਦੀ ਪਰਖ ਕਸਵੱਟੀ ਕਿਥੇ ਤੱਕ ਠੀਕ ਹੈ ਅਜੇਹੇ ਬੰਦਿਆਂ ਲਈ ਗੁਰਬਾਣੀ ਕਹਿ ਰਹੀ ਹੈ :

ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ ॥
ਬਿਨ ਗੁਰ ਪੰਥ ਨ ਸੂਝਈ ਕਿਤ ਬਿਧਿ ਨਿਰਬਹੀਐ ॥
ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥
ਅੰਧੇ ਕਾ ਨਾਉਂ ਪਾਰਖੂ ਕਲੀ ਕਾਲ ਵਿਡਾਣੈ ॥
ਸੂਤੇ ਕਉ ਜਾਗਤ ਕਹੈ ਜਾਗਤ ਕਉ ਸੂਤਾ ॥
ਜੀਵਤ ਕਊ ਮੂਆ ਕਹੈ ਮੂਏ ਨਹੀਂ ਰੋਤਾ ॥
ਆਵਤ ਕਊ ਜਾਤਾ ਕਹੈ ਜਾਤੇ ਕਉ ਆਇਆ ॥
ਪਰ ਕੀ ਕਉ ਆਪਨੀ ਕਹੈ ਆਪਨੋ ਨਹੀਂ ਭਾਇਆ ॥
ਮੀਠੇ ਕਉ ਕਉੜਾ ਕਹੈ ਕਉੜੇ ਕਉ ਮੀਠਾ ॥
ਰਾਤੇ ਦੀ ਨਿੰਦਾ ਕਰਹਿ ਐਸੇ ਕਲਿ ਮਹਿ ਡੀਠਾ ॥
ਚੇਰੀ ਕੀ ਸੇਵਾ ਕਰੈ ਠਾਕੁਰ ਨਹੀਂ ਦੀਸੈ ॥
ਪੋਖਰ ਨੀਰ ਵਿਰੋਲੀਐ ਮਾਖਨੁ ਨਹੀਂ ਰੀਸੈ ॥

ਅੰਕ ੨੨੯

❖❖❖

# ਪ੍ਰੋ. ਸਾਹਿਬ ਸਿੰਘ ਜੀ ਦਸਮੇਸ਼-ਬਾਣੀ ਬਾਰੇ

ਪ੍ਰੋ. ਸਾਹਿਬ ਸਿੰਘ ਜੀ ਦਾ ਨਾਮ ਸਿੱਖ ਜਗਤ ਵਿਚ ਇਕ ਸਿਤਾਰੇ ਵਾਂਗ ਰੌਸ਼ਨ ਹੈ । ਉਨ੍ਹਾਂ ਨੇ ਸਾਰਾ ਜੀਵਨ ਗੁਰਬਾਣੀ ਦੇ ਵਿਆਕਰਣਕ ਤੇ ਸਿਧਾਂਤਕ ਪਹਿਲੂਆਂ ਨੂੰ ਦੇਖਦੇ ਹੋਏ ਟੀਕਾ ਅਤੇ ਇਤਿਹਾਸਕ ਪਹਿਲੂਆਂ ਨੂੰ ਦੇਖਦੇ ਹੋਏ ਕਈ ਹੋਰ ਪੁਸਤਕਾਂ ਭੀ ਲਿਖੀਆਂ ਹਨ । ਨਿਤਨੇਮ ਅਤੇ ਅੰਮ੍ਰਿਤ ਸੰਚਾਰ ਸਮੇਂ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ, ਜਾਪੁ ਸਾਹਿਬ ਤੇ ਸਵਯੈ ਭੀ ਟੀਕਾ ਕੀਤੇ ਹਨ, ਪਰ ਬੇਹੱਦ ਰੁਝਾਨ ਜਾਂ ਕਿਸੇ ਵਜ੍ਹਾ ਕਰਕੇ ਉਹ ਚੌਪਈ ਦਾ ਟੀਕਾ ਨਾ ਕਰ ਸੱਕੇ । ਬੱਸ ਇੰਨੀਂ ਗੱਲ ਦਾ ਨਾਜਾਇਜ਼ ਆਸਰਾ ਲੈ ਕੇ ਦਸਮ ਗ੍ਰੰਥ ਸਾਹਿਬ ਬਾਰੇ ਬੇਲੋੜਾ ਵਾਦ ਵਿਵਾਦ ਛੇੜਨ ਵਾਲੇ ਕਹਿ ਦਿੰਦੇ ਹਨ, ਕਿ 'ਬੇਨਤੀ ਚੌਪਈ' ਦਸਮੇਸ਼ ਰਚਨਾ ਨਹੀਂ, ਇਸ ਕਰਕੇ ਹੀ ਪ੍ਰੋ. ਸਾਹਿਬ ਸਿੰਘ ਜੀ ਨੇ ਇਸਦਾ ਟੀਕਾ ਨਹੀਂ ਕੀਤਾ । ਪ੍ਰੋ. ਸਾਹਿਬ ਸਿੰਘ ਜੀ ਦਾ ਦਸਮੇਸ਼ ਬਾਣੀਆਂ ਬਾਰੇ ਕੀ ਵਿਚਾਰ ਸੀ ?, ਇਥੇ ਇਹੀ ਸਿੱਧ ਕਰਨ ਦਾ ਯਤਨ, ਉਨ੍ਹਾਂ ਦੇ ਆਪਣੇ ਹੀ ਲਫਜ਼ਾਂ ਵਿਚ ਕੀਤਾ ਜਾ ਰਿਹਾ ਹੈ । ਸਿੰਘ ਬ੍ਰਦਰਜ਼ ਵੱਲੋਂ ਛਾਪੀ ਨਿਤਨੇਮ ਸਟੀਕ ਦੇ ਪੰ. 100 ਉਪਰ ਜਾਪੁ ਸਾਹਿਬ ਦਾ ਟੀਕਾ ਪ੍ਰੋ. ਸਾਹਿਬ ਸਿੰਘ ਜੀ ਇਸ ਤਰ੍ਹਾਂ ਸ਼ੁਰੂ ਕਰਦੇ ਹਨ :

"ਜਾਪੁ ॥ ਸ੍ਰੀ ਮੁਖ ਵਾਕ ਪਾਤਿਸ਼ਾਹੀ ੧੦॥ ਅਰਥ :- ਪਾਤਿਸ਼ਾਹੀ ਦਸਵੀਂ ਜੀ ਦੇ ਪਵਿੱਤਰ ਮੁਖ ਦਾ ਵਾਕ । ...ਏਸੇ ਤਰ੍ਹਾਂ 'ਪਾਤਿਸ਼ਾਹੀ ੧੦' ਵਿਚ 'ਅੰਕ ੧੦' ਦਾ ਪਾਠ 'ਦਸ' ਅਸ਼ੁੱਧ ਹੈ, 'ਦਸਵੀਂ ਪਾਠ ਠੀਕ ਹੈ, ਇਸਦਾ ਭਾਵ ਇਹ ਹੈ, ਜੋ ਬਾਣੀ ਹੁਣ ਪੜ੍ਹਨ ਲੱਗੇ ਹਾਂ, ਉਹ ਦਸਵੇਂ ਪਾਤਿਸ਼ਾਹ ਜੀ ਦੀ ਹੈ । 'ਅਰਦਾਸ' ਦੇ ਪਹਿਲੇ ਸ਼ਬਦ ਵੱਲ ਭੀ ਹਰੇਕ ਸਿੱਖ ਦਾ ਖਾਸ ਧਿਆਨ ਦੇਣਾ ਜ਼ਰੂਰੀ ਹੈ, ਉਹ ਸ਼ਬਦ ਇਉਂ ਹਨ :

੧ੴ ਵਾਹਿਗੁਰੂ ਜੀ ਕੀ ਫਤਹਿ ॥ ਸ੍ਰੀ ਭਗਉਤੀ ਜੀ ਸਹਾਏ ॥ ਪਾਤਿਸ਼ਾਹੀ ੧੦ ॥ ਏਥੇ ਸ਼ਬਦ ਪਾਤਸ਼ਾਹੀ ੧੦ ਦਾ ਭਾਵ ਇਹ ਹੈ ਕਿ ਅਰਦਾਸ 'ਪ੍ਰਿਥਮ ਭਗਉਤੀ' ਤੋਂ ਲੈ ਕੇ 'ਸਭ ਥਾਈਂ ਹੋਇ ਸਹਾਇ' ਤੱਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਚਾਰੀ ਹੋਈ ਹੈ ॥ ਏਥੇ ਅੰਕ ੧੦ ਦਾ ਪਾਠ 'ਦਸ ਕਰਨਾ ਅਸ਼ੁੱਧ ਹੈ, ਸ਼ੁੱਧ ਪਾਠ ਦਸਵੀਂ' ਹੈ । ...ਹਾਂ, ਅਰਦਾਸ ਵਾਲੀ ਬਾਣੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਦੀ ਉਚਾਰੀ ਹੋਈ ਹੈ, ਇਸ ਵਾਸਤੇ ਇਸਦੇ ਸ਼ੁਰੂ ਵਿਚ ਪੜ੍ਹਨਾ ਹੈ 'ਸ੍ਰੀ ਮੁਖਵਾਕ ਪਾਤਿਸ਼ਾਹੀ ਦਸਵੀਂ' ।

ਪ੍ਰੋ. ਸਾਹਿਬ ਸਿੰਘ ਜੀ ਦੀ ਇਕ ਹੋਰ, ਸਿੰਘ ਬ੍ਰਦਰਜ਼ ਵੱਲੋਂ ਛਾਪੀ ਪੁਸਤਕ, 'ਜੀਵਨ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ ਜੀ' ਹੈ । ਪੰ. 88 ਤੇ ਭੰਗਾਣੀ ਯੁੱਧ ਬਾਰੇ ਲਿਖਦੇ ਹੋਏ, ਉਹ ਮਿਸਾਲ ਦਿੰਦੇ ਹਨ :

"ਇਤਿਹਾਸਕ ਗਵਾਹੀ-ਜੰਗ ਤੋਂ ਪਿੱਛੋਂ ਛੇ ਮਹੀਨੇ ਹੋਰ ਸਤਿਗੁਰੂ ਜੀ ਪਾਉਂਟੇ ਸਾਹਿਬ ਹੀ ਟਿਕੇ ਰਹੇ । ਭੰਗਾਣੀ ਦੀ ਜੰਗ ਦਾ ਸਾਰਾ ਹਾਲ ਉਨ੍ਹਾਂ ਉਥੇ ਹੀ ਬੀਰ-ਰਸ-ਭਰੀ ਕਵਿਤਾ ਵਿਚ ਲਿਖਿਆ, ਜੋ 'ਬਚਿਤ੍ਰ ਨਾਟਕ' ਦੇ ਅੱਠਵੇਂ ਅਧਿਆਏ ਵਿਚ ਦਰਜ਼ ਹੈ ।"

ਪ੍ਰੋ. ਸਾਹਿਬ ਸਿੰਘ ਜੀ ਇਸੇ ਪੁਸਤਕ ਦੇ ਪੰ: 92 ਤੇ ਲਿਖਦੇ ਹਨ :

"ਵੇਲੇ ਦੀ ਸੰਭਾਲ-ਪਰ ਨਿਰੇ ਹਥਿਆਰ ਕਿਸੇ ਕੰਮ ਨਹੀਂ, ਜੇ ਹਥਿਆਰ ਫੜ੍ਹਨ ਵਾਲੇ ਮਨੁੱਖ ਦੇ ਅੰਦਰ ਬੀਰ ਰਸ ਦਾ ਹੁਲਾਰਾ ਨਹੀਂ । ਜਿਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਇਮਾਰਤ ਬਣਵਾ ਕੇ, ਉਸਦੇ ਸਾਹਮਣੇ ਢਾਡੀਆਂ ਪਾਸੋਂ ਜੋਧਿਆਂ ਦੀਆਂ ਵਾਰਾਂ ਦੇ ਪ੍ਰਸੰਗ ਸ਼ੁਰੂ ਕਰਵਾਏ ਸਨ, ਤਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਭੀ ਕੀਤਾ । '....ਰਮਾਇਣ' ਅਤੇ 'ਮਹਾਂਭਾਰਤ' ਦੇ ਜੰਗਾਂ ਦੀਆਂ ਸਦੀਆਂ ਤੋਂ ਪੁਰਾਣੀਆਂ ਕਥਾਵਾਂ ਸੰਸਕ੍ਰਿਤ ਵਿਚ ਲਿਖੀਆਂ ਮੌਜੂਦ ਸਨ । ਸਤਿਗੁਰੂ ਜੀ ਨੇ ਉਨ੍ਹਾਂ ਨੂੰ ਨਵੇਂ ਸੱਚੇ ਵਿਚ ਢਾਲ ਕੇ ਨਵੇਂ ਰੂਪ ਵਿਚ ਲਿਆਂਦਾ ।

ਪੰ. 105 ਉਪਰ ਪ੍ਰੋ. ਸਾਹਿਬ ਸਿੰਘ ਜੀ ਲਿਖਦੇ ਹਨ :

"ਹੁਸੈਨ ਖਾਨ—'...ਬਚਿਤ੍ਰ ਨਾਟਕ' ਦੇ ਯਾਰ੍ਹਵੇਂ ਅਧਿਆਇ ਵਿਚ 'ਹੁਸੈਨੀ ਯੁੱਧ' ਦੇ ਨਾਮ ਹੇਠ ਇਸ ਜੰਗ ਦਾ ਜ਼ਿਕਰ ਹੈ । ਸਤਿਗੁਰੂ ਜੀ ਵੱਲੋਂ ਭੇਜੇ ਹੋਏ ਕੁੱਝ ਸਿੱਖ ਭੀ ਭਾਈ ਸੰਗਤੀਏ ਸਮੇਤ ਸ਼ਹੀਦ ਹੋਏ । ਇਹ ਯੁੱਧ ਸੰਨ 1688-89 ਦੇ ਸਿਆਲ ਵਿਚ ਹੋਇਆ ਸੀ ।

ਫਿਰ ਇਸੇ ਪੁਸਤਕ ਦੇ ਪੰ: 127 ਤੇ ਪ੍ਰੋ. ਸਾਹਿਬ ਸਿੰਘ ਲਿਖਦੇ ਹਨ:

"ਗੁਰੂ ਗੋਬਿੰਦ ਸਿੰਘ ਜੀ ਇਨਸਾਨੀ ਜੀਵਨ ਨਾਲ ਸੰਬੰਧ ਰੱਖਣ ਵਾਲੇ ਕਈ ਅਸੂਲਾਂ ਦਾ ਸ੍ਰੋਤਿਆਂ ਅਤੇ ਦਰਸ਼ਕਾਂ ਦੇ ਮਨਾਂ ਵਿਚ ਡੂੰਘਾ ਪ੍ਰਭਾਵ ਪਾਣ ਲਈ

ਹਾਸ-ਰਸ ਦੇ ਕੌਤਕ ਜਾਂ ਬਚਨ ਵਰਤਾ ਦਿਆ ਕਰਦੇ ਸਨ। ਬ੍ਰਾਹਮਣਾਂ ਦਾ ਕ੍ਰੋਧ ਮੱਠਾ ਕਰਨ ਲਈ ਸਤਿਗੁਰੂ ਜੀ ਉਨ੍ਹਾਂ ਨੂੰ ਹੱਸ ਕੇ ਆਖਣ ਲੱਗੇ ਕਿ ਸਾਨੂੰ ਤੁਹਾਡਾ ਚੇਤਾ ਨਹੀਂ ਸੀ ਰਿਹਾ । ਗੁਰੂ ਪਾਤਸ਼ਾਹ ਨੇ ਤਾਂ ਰਮਜ਼ ਭਰੇ ਤਰੀਕੇ ਨਾਲ ਉਨ੍ਹਾਂ ਨੂੰ ਸਮਝਾਇਆ ਸੀ ਕਿ ਚੇਤਾ ਉਹਨਾਂ ਬਾਰੇ ਹੀ ਵਿਸਰਦਾ ਹੈ, ਜਿੰਨ੍ਹਾਂ ਦੀ ਲੋੜ ਨਾ ਰਹੇ, ਪਰ ਉਹ ਅਜੇ ਭੀ ਆਪਣਾ ਹੱਕ ਜਤਾਉਣੋਂ ਨ ਟਲੇ । ਆਖਰ ਸਤਿਗੁਰੂ ਜੀ ਨੇ ਖੁੱਲ੍ਹੇ ਲਫਜ਼ਾਂ ਵਿਚ ਬ੍ਰਾਹਮਣਾਂ ਨੂੰ ਕਹਿ ਦਿੱਤਾ, ਕਿ ਸੇਵਾ ਕਰਾਉਣ ਦਾ ਹੱਕ ਉਨ੍ਹਾਂ ਦਾ ਹੀ ਹੁੰਦਾ ਹੈ, ਜਿੰਨ੍ਹਾਂ ਨੇ ਆਪਣਾ ਆਪ ਦੂਜਿਆਂ ਲਈ ਕੁਰਬਾਨ ਕਰ ਦਿੱਤਾ ਹੋਵੇ, ਜਿਹੜੇ ਦੁਖੀਆਂ ਗਰੀਬਾਂ ਦੀ ਖਾਤਰ ਸਿਰ ਤਲੀ ਉਤੇ ਰੱਖੀ ਫਿਰਦੇ ਹੋਣ । ਤੁਸਾਂ ਉਚ-ਜ਼ਾਤੀਏ ਬ੍ਰਾਹਮਣਾਂ ਨੇ ਸਦੀਆਂ ਤੋਂ ਕਰੋੜਾਂ ਬੰਦਿਆਂ ਨੂੰ ਸ਼ੂਦਰ ਆਖ ਆਖ ਕੇ ਪੈਰਾਂ ਹੇਠ ਲਤਾੜਿਆ ਹੋਇਆ ਸੀ । ਗੁਰੂ ਨਾਨਕ ਪਾਤਸ਼ਾਹ ਆਏ, ਉਹਨਾਂ ਦਾ ਸੱਦਾ ਸੁਣਕੇ ਇੰਨ੍ਹਾਂ ਲੋਕਾਂ ਨੇ ਤੁਹਾਡੀ ਗੁਲਾਮੀ ਦਾ ਜੂਲਾ ਲਾਹੁਣ ਲਈ ਸਿਰ ਤਲੀ ਉਤੇ ਰੱਖ ਲਿਆ । ਤੁਸੀਂ ਇਨ੍ਹਾਂ ਨੂੰ ਆਪਣੇ ਨਾਲੋਂ ਨੀਵੀਂ ਜ਼ਾਤੀ ਦੇ ਸਮਝਦੇ ਹੋ, ਪਰ ਅਸਲ ਵਿਚ ਇਹੀ ਹਨ ਦਾਨ ਸੇਵਾ ਦੇ ਅਸਲੀ ਹੱਕਦਾਰ, ਕਿਉਂਕਿ ਇਨ੍ਹਾਂ ਨੇ ਆਪਣਾ ਸਭ ਕੁੱਝ ਦੂਜਿਆਂ ਦੀ ਖਾਤਰ ਕੁਰਬਾਨ ਕੀਤਾ ਹੋਇਆ ਹੈ । ਇਹ ਸੁਣ ਕੇ ਬ੍ਰਾਹਮਣਾਂ ਦਾ ਲੱਕ ਟੁੱਟ ਗਿਆ, ਕਿ ਜਾਗੀ ਜਨਤਾ ਨੂੰ ਲੁੱਟਣ ਦੇ ਅਵਸਰ ਘਟਦੇ ਜਾ ਰਹੇ ਹਨ । ਸਤਿਗੁਰੂ ਜੀ ਨੇ ਹੇਠ ਲਿਖੇ ਸਵੈਯੇ ਅੰਕਿਤ ਕੀਤੇ :-

*ਜੋ ਕਿਛੁ ਲੇਖ ਲਿਖਿਯੋ ਬਿਧਨਾ ਸੋਈ ਪਾਈਅਤ ਮਿਸ਼੍ਰ ਜੂ ਸ਼ੋਕੁ ਨਿਵਾਰੋ ॥*
*ਮੇਰੋ ਕਛੂ ਅਪਰਾਧ ਨਹੀਂ ਗਯੋ ਯਾਦਿ ਤੇ ਭੂਲਿ ਨ ਕੋਪੁ ਚਿਤਾਰੋ ॥*
*ਬਾਗੋ ਨਿਹਾਲੀ ਪਠੈ ਦੈ ਹੌਂ ਆਜ ਭਲੇ ਤੁਮ ਕੋ ਨਿਹਚੈ ਜੀਅ ਧਾਰੋ ॥*
*ਛਤ੍ਰ ਸਭੈ ਕ੍ਰਿਤ ਬਿਪ੍ਰਨ ਕੇ ਇਨਹੂ ਪੈ ਕਟਾਛ ਕ੍ਰਿਪਾ ਕੈ ਨਿਹਾਰੋ ॥1॥*
*ਜੁਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ ॥*
*ਅਘ ਓਘ ਟਰੈ ਇਨ ਹੀ ਕੇ ਪ੍ਰਸਾਦਿ ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ ॥*
*ਇਨ ਹੀ ਕੇ ਪ੍ਰਸਾਦਿ ਸੁਬਿਦਿਆ ਲਈ ਇਨ ਹੀ ਕੀ ਕ੍ਰਿਪਾ ਸਭ ਸਤ੍ਰ ਮਰੇ ॥*
*ਇਨ ਹੀ ਕ੍ਰਿਪਾ ਕੇ ਸਜੇ ਹਮ ਹੈਂ ਨਹੀਂ ਮੋ ਸੋ ਗਰੀਬ ਕਰੋਰ ਪਰੇ ॥2॥*
*ਸੇਵ ਕਰੀ ਇਨ ਹੀ ਕੀ ਭਾਵਤ ਔਰ ਕੀ ਸੇਵ ਸੁਹਾਤ ਨ ਜੀ ਕੋ ॥*

*ਦਾਨ ਦਯੋ ਇਨ ਹੀ ਕੋ ਭਲੋ ਅਉਰ ਆਨ ਕੋ ਦਾਨ ਨ ਲਾਗਤ ਨੀਕੋ ॥*
*ਆਗੇ ਫਲੈ ਇਨ ਹੀ ਕੋ ਦਯੋ ਜਗ ਮੈ ਜਸੁ ਅਉਰ ਦਯੋ ਸਭ ਫੀਕੋ ॥*
*ਮੋ ਗ੍ਰਿਹ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ ॥3॥*

ਦੋਹਿਰਾ

ਚਟਪਟਾਇ ਚਿੱਤ ਮੈ ਜਰਿਓ ਤ੍ਰਿਣ ਜਿਉਂ ਕਰੁੱਧਤ ਹੋਇ ॥
ਖੋਜ ਰੋਜਿ ਕੇ ਹੇਤਿ ਲਗਿ ਦਯੋ ਮਿਸ਼੍ਰ ਜੂ ਰੋਇ ॥4॥

ਪ੍ਰੋ. ਸਾਹਿਬ ਸਿੰਘ ਜੀ ਇਸੇ ਪੁਸਤਕ ਦੇ ਪੰ. 133 ਤੇ ਲਿਖਦੇ ਹਨ :

"ਖੁਲ੍ਹਾ ਅੰਮ੍ਰਿਤ ਪਰਚਾਰ :- ਸਤਿਗੁਰੂ ਜੀ ਦੀ ਹਦਾਇਤ ਅਨੁਸਾਰ ਪੰਜ* ਪਿਆਰਿਆਂ ਨੇ ਫਿਰ ਨਵੇਂ ਸਿਰੇ ਤਿਆਰ ਕਰਕੇ 25 ਹੋਰ ਸਿੰਘਾਂ ਨੂੰ ਅੰਮ੍ਰਿਤ ਛਕਾਇਆ। ਇਸ ਤਰ੍ਹਾਂ ਅਗਾਂਹ ਅੰਮ੍ਰਿਤ ਛਕਣ ਲਈ ਛੇ ਜੱਥੇ ਤਿਆਰ ਹੋ ਗਏ। ਇਸੇ ਹੀ ਤਰ੍ਹਾਂ ਹੋਰ ਹੋਰ ਜੱਥੇ ਤਿਆਰ ਹੁੰਦੇ ਗਏ, ਅਤੇ ਸ਼ਾਮ ਤੱਕ ਪਹਿਲੇ ਹੀ ਦਿਨ ਹਜ਼ਾਰਾਂ ਸਿੰਘਾਂ ਨੇ ਅੰਮ੍ਰਿਤ ਛੱਕ ਲਿਆ।

*ਅੰਮ੍ਰਿਤ ਤਿਆਰ ਕਰਨ ਵਾਲੇ ਸਿੰਘਾਂ ਵਾਸਤੇ ਜ਼ਰੂਰੀ ਹੈ, ਕਿ ਉਨ੍ਹਾਂ ਨੂੰ ਪੰਜ ਬਾਣੀਆਂ ਜ਼ੁਬਾਨੀ ਯਾਦ ਹੋਣ, ਜਿਹੜੀਆਂ ਅੰਮ੍ਰਿਤ ਤਿਆਰ ਕਰਨ ਵੇਲੇ ਪੜ੍ਹੀਦੀਆਂ ਹਨ। ਉਹਨਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਭੀ ਤਿੰਨ ਬਾਣੀਆਂ ਹਨ-ਜਾਪੁ, ਸਵੈਯੇ ਤੇ ਚੌਪਈ।

ਇਸ ਤੋਂ ਸੁਤੇ ਹੀ ਅਨੁਮਾਨ ਲੱਗ ਜਾਂਦਾ ਹੈ ਕਿ ਸਤਿਗੁਰੂ ਜੀ ਦੇ ਸਮੇਂ ਸਿੱਖ ਸੰਗਤਾਂ ਵਿਚ ਗੁਰਬਾਣੀ ਜ਼ੁਬਾਨੀ ਯਾਦ ਕਰਨ ਦਾ ਉਤਸ਼ਾਹ ਆਮ ਸੀ, ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਣੀਆਂ ਭੀ ਅਨੇਕਾਂ ਸਿੱਖਾਂ ਨੂੰ ਯਾਦ ਸਨ।

ਇਸ ਦਸਮੇਸ਼ ਜੀ ਦੇ ਜੀਵਨ ਬ੍ਰਿਤਾਂਤ ਵਾਲੀ ਪੁਸਤਕ ਦੇ ਪੰ. 212 ਤੇ ਸਾਹਿਬ ਸਿੰਘ ਦੀ ਲਿਖਤ :

"ਜਦੋਂ ਪਿੰਡ ਦੀਨੇ ਤੋਂ ਇਹ ਖਬਰ ਖਿਲਰਨੀ ਸ਼ੁਰੂ ਹੋਈ ਸੀ, ਕਿ ਗੁਰੂ ਗੋਬਿੰਦ ਸਿੰਘ ਜੀ ਆਨੰਦਪੁਰ ਤੇ ਚਮਕੌਰ ਦੀਆਂ ਲੜਾਈਆਂ ਤੋਂ ਪਿੱਛੋਂ ਮਾਲਵੇ ਵਿਚ ਆ ਗਏ ਹਨ, ਤਾਂ ਕਈ ਹਜ਼ੂਰੀ ਕਵੀ ਭੀ ਮੁੜ ਆ ਮਿਲੇ, ਜਿੰਨ੍ਹਾਂ ਨੂੰ ਹਜ਼ੂਰ ਨੇ ਜੰਗ ਦੇ ਖਤਰੇ ਤੋਂ ਬਾਹਰ ਰੱਖਣ ਲਈ ਆਨੰਦਪੁਰ ਤੋਂ ਤੋਰ ਦਿੱਤਾ ਸੀ।

ਦੂਰੋਂ ਦੂਰੋਂ ਉਤਸ਼ਾਹ ਨਾਲ ਸਿੰਘਾਂ ਨੂੰ ਆਉਂਦਿਆਂ ਦੇਖ ਕੇ ਉਸ ਵੇਲੇ ਦਾ ਦ੍ਰਿਸ਼ ਇਉਂ ਬਿਆਨ ਕੀਤਾ ਹੈ।(ਦਸਮ ਗ੍ਰੰਥ ਵਿਚ) :

*ਲੱਖੀ ਜੰਗਲਿ ਖਾਲਸਾ, ਆਇ ਦੀਦਾਰ ਕੀਤੋ ਨੇ ॥*
*ਸੁਣ ਕੈ ਸੱਦੁ ਮਾਹੀ ਦਾ, ਮੇਹੀਂ ਪਾਣੀ ਘਾਹੁ ਮੁੱਤੋ ਨੇ ॥*
*ਕਿਸ ਹੀ ਨਾਲਿ ਨ ਰਲੀਆ ਕਾਈ, ਇਹੁ ਕੀ ਸ਼ੌਕੁ ਪਇਓ ਨੇ ॥*
*ਗਿਆ ਫਿਰਾਕ ਮਿਲਿਆ ਮਿਤ੍ਰ ਮਾਹੀ, ਤਾਂਹੀ ਸ਼ੁਕਰ ਕੀਤੋ ਨੇ ॥*

(ਦਸਮ ਗ੍ਰੰਥ)

ਹੁਣ ਪ੍ਰੋ. ਸਾਹਿਬ ਸਿੰਘ ਜੀ ਦੀਆਂ ਸਿਰਫ ਦੋ ਪੁਸਤਕਾਂ ਦੇਖਣ ਤੋਂ ਹੀ ਪਤਾ ਲੱਗ ਜਾਂਦਾ ਹੈ, ਕਿ ਉਹਨਾਂ ਦੇ ਦਿਲ ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਣੀਆਂ ਪ੍ਰਤੀ ਕਿੰਨੀ ਸ਼ਰਧਾ ਅਤੇ ਸਤਿਕਾਰ ਦੀ ਭਾਵਨਾ ਸੀ। ਖੋਜ ਦੇ ਸੰਬੰਧ ਵਿਚ ਭੀ ਉਨ੍ਹਾਂ ਦਾ ਕੋਈ ਸਾਨੀ ਨਹੀਂ, ਅਤੇ ਉਨ੍ਹਾਂ ਨੂੰ ਬਾਣੀਆਂ ਬਾਰੇ ਸਭ ਪਤਾ ਸੀ, ਕਿ ਕਿਹੜੀ ਬਾਣੀ ਕਿਸਦੀ ਹੈ, ਅਤੇ ਕਿਥੋਂ ਲਈ ਗਈ ਹੈ। ਕੀ ਕਿਸੇ ਤਰ੍ਹਾਂ ਦੀ ਕੋਈ ਸ਼ੱਕ ਦੀ ਗੁੰਜਾਇਸ਼ ਰਹਿ ਜਾਂਦੀ ਹੈ ? ਜਾਂ ਪ੍ਰੋ. ਸਾਹਿਬ ਸਿੰਘ ਇੰਨੇ ਹੀ ਭੋਲੇ ਸਨ ਕਿ ਉਹ ਬਿਨਾਂ ਕੁੱਛ ਦੇਖੇ ਪਰਖੇ ਦੇ ਹੀ ਲਿਖੀ ਗਏ। ਢੁੱਚਰਾਂ ਡਾਹੁਣੀਆਂ ਤਾਂ ਵੈਸੇ ਹੀ 'ਅਕਲ ਦੇ ਧਨੀ' ਹੋਣ ਦਾ ਸਬੂਤ ਹੁੰਦਾ ਹੈ, ਪਰ ਦਸਮ ਗ੍ਰੰਥ ਬਾਰੇ ਪ੍ਰੋ. ਸਾਹਿਬ ਸਿੰਘ ਜੀ ਦਾ ਨਾਮ ਅਖੌਤੀ ਵਿਰੋਧੀ ਧਿਰ ਵਜੋਂ ਵਰਤਣ ਦਾ ਕੁਕਰਮ ਕਰਨਾ ਸਭ ਤੋਂ ਵੱਡੀ ਮੂਰਖਤਾ ਹੈ। ਜਿਸ ਤਰ੍ਹਾਂ ਅਖਾਣ ਹੈ ਕਿ 'ਕੁੱਤਿਆਂ ਦੇ ਲੱਕਿਆਂ ਦਰਿਆ ਪਲੀਤ ਨਹੀਂ ਹੁੰਦਾ' ਠੀਕ ਇਸੇ ਤਰ੍ਹਾਂ ਪ੍ਰੋ. ਸਾਹਿਬ ਸਿੰਘ ਜੀ ਦੀ ਸਖਸ਼ੀਅਤ ਨੂੰ ਤਾਂ ਕੋਈ ਫਰਕ ਨਹੀਂ ਪੈਣ ਲੱਗਾ, ਪਰ ਇਸ 'ਝੂਠੀ-ਤਰਫਦਾਰੀ' ਕਰਨ ਵਾਲੇ ਦੀ ਅਕਲ ਦਾ ਜਨਾਜ਼ਾ ਜ਼ਰੂਰ ਨਿਕਲ ਜਾਂਦਾ ਹੈ।

❖❖❖

# ਕਿੱਸਾ ਰੂਪ ਕੌਰ ਦਾ

**(ਸਿਰਦਾਰ ਕਪੂਰ ਸਿੰਘ ਜੀ, ਆਈ. ਸੀ. ਐਸ.,**

**ਨੈਸ਼ਨਲ ਪ੍ਰੋਫੈਸਰ ਆਫ਼ ਸਿਖਿਜ਼ਮ)**

'ਗੁਰਮਤਿ ਪ੍ਰਕਾਸ਼' ਦੇ ਫਰਵਰੀ, 1959 ਅੰਕ ਵਿਚ, ਸ੍ਰ. ਰਾਮ ਪ੍ਰਕਾਸ਼ ਸਿੰਘ ਐਮ. ਏ., ਐਲ. ਐਲ. ਬੀ., ਪ੍ਰੋਫੈਸਰ ਖਾਲਸਾ ਕਾਲਜ, ਅੰਮ੍ਰਿਤਸਰ ਦਾ ਇਕ ਲੇਖ 'ਚਾਨਣ ਮੁਨਾਰਾ' ਦੇ ਸਿਰਨਾਵੇਂ ਹੇਠ ਛਪਿਆ ਹੈ, ਜਿਸ ਵਿਚ ਦਸਮ ਪਾਤਸ਼ਾਹ, ਗੁਰੂ ਗੋਬਿੰਦ ਸਿੰਘ ਜੀ ਨੂੰ 'ਮਹਾਂਪੁਰਖ, ਚਾਨਣ ਮੁਨਾਰੇ' ਦੀ ਨਿਆਈ ਸਿੱਧ ਕਰਨ ਹਿੱਤ ਲਿਖਿਆ ਹੈ :

ਭਰ ਜੁਆਨੀ ਵਿਚ ਇਕ ਸੁਨੱਖੀ ਤੇ ਮਾਲਦਾਰ ਮੁਟਿਆਰ ਆਪ ਤੇ ਆਸ਼ਕ ਹੋ ਜਾਂਦੀ ਹੈ। ਆਪ ਜੀ ਨੂੰ ਘਰ ਬੁਲਾ ਕੇ ਆਪਣੀ ਜੁਆਨੀ, ਆਪਣੇ ਹੁਸਨ ਤੇ ਆਪਣੇ ਮਾਲ ਦਾ ਜਾਦੂ ਪਾਉਣ ਦਾ ਪੂਰਾ ਯਤਨ ਕਰਦੀ ਹੈ। ਪਰ ਜਦੋਂ ਆਸ ਪੂਰੀ ਨਹੀਂ ਹੁੰਦੀ ਤਾਂ ਇਕ ਹੋਰ ਬੜਾ ਖਤਰਨਾਕ ਤੀਰ ਛੱਡਦੀ ਹੈ। ਆਪ ਜੀ ਨੂੰ ਸੰਬੋਧਨ ਕਰਕੇ ਆਖਦੀ ਹੈ : "ਤੁਸੀਂ ਮੇਰੀ ਜੁਆਨੀ ਤੇ ਮੇਰੇ ਹੁਸਨ ਦਾ ਅਪਮਾਨ ਕਰ ਰਹੇ ਹੋ। ਇਕ ਮੁਟਿਆਰ ਹੋਰ ਸਭ ਕੁਝ ਜਰ ਸਕਦੀ ਹੈ, ਪਰ ਹੁਸਨ ਤੇ ਜੁਆਨੀ ਦਾ ਅਪਮਾਨ ਉਸ ਤੋਂ ਜਰਿਆ ਨਹੀਂ ਜਾਂਦਾ। ਤੁਸੀਂ ਜਾਣਦੇ ਹੋਵੋਗੇ ਕਿ ਇਸੇ ਹੀ ਅਪਮਾਨ ਦਾ ਬਦਲਾ ਲੈਣ ਲਈ ਲੂਣਾ ਨੇ ਪੂਰਨ ਭਗਤ ਦਾ ਕੀ ਹਾਲ ਕੀਤਾ ਸੀ। ਲੂਣਾ ਦੀ ਰੂਹ ਇਸ ਵੇਲੇ ਮੇਰੇ ਵਿਚ ਪ੍ਰਵੇਸ਼ ਕਰ ਚੁੱਕੀ ਹੈ।....ਮੈਂ ਹੁਣੇ ਹੀ ਰੌਲਾ ਪਾਉਣ ਲੱਗੀ ਹਾਂ। ਮੈਂ ਚੀਕਾਂ ਮਾਰਾਂਗੀ ਤੇ ਕਹਾਂਗੀ ਕਿ ਇਸ....ਗੁਰੂ ਨੇ ਮੈਨੂੰ ਇਕੱਲਾ ਵੇਖ ਕੇ ਮੇਰੀ ਇੱਜ਼ਤ ਤੇ ਹੱਥ ਪਾਉਣ ਦਾ ਯਤਨ ਕੀਤਾ ਹੈ।.....ਜੇ ਭਲੀ ਚਾਹੁੰਦੇ ਹੋ ਤਾਂ ਸਮਝੋ ਤੇ ਹੱਠ ਨਾ ਕਰੋ।....ਆਪਣੀ ਇੱਜ਼ਤ ਬਚਾਉ ਤੇ ਮੈਨੂੰ ਤਪਦੀ ਨੂੰ ਠਾਰੋ।"...... ਪਰ ਸਤਿਗੁਰੂ ਘਬਰਾਏ ਨਹੀਂ.....। ਬੋਲੇ, ਸਾਧੋ....ਕਾਮ ਕ੍ਰੋਧੁ ਸੰਗਤਿ ਦੁਰਜਨ ਕੀ ਤਾਂ ਤੇ ਅਹਿਨਿਸਿ

ਭਾਗਉ।...ਹੁਣ ਮੈਂ ਜਾਂਦਾ ਹੈ। ਇਸ ਤਰ੍ਹਾਂ ਦਸਮ ਪਿਤਾ ਉਸ ਦੇ ਜਾਲ 'ਚੋਂ ਅਡੋਲ ਹੀ ਨਿਕਲ ਗਏ।(ਸਫ਼ਾ 26-27)

ਲੇਖਕ ਡਬਲ ਗ੍ਰੈਜੂਏਟ, ਸਿੱਖ ਵਿਦਵਾਨ ਹੈ। ਕਾਨੂੰਨ ਤੇ ਨਿਆਂ ਦਾ ਸਨਾਤਕ ਹੈ, ਤੇ ਇਉਂ ਉਕਤੀ ਯੁਕਤੀ, ਪ੍ਰਤੱਖ, ਪ੍ਰਮਾਣ, ਉਪਮਾ, ਸ਼ਬਦ ਆਦਿ ਦੇ ਭੇਦ ਸਮਝਦਾ ਹੈ। ਖਾਲਸਾ ਕਾਲਜ ਦਾ ਪ੍ਰੋਫੈਸਰ ਹੈ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ ਕਥਾ ਤੇ ਚਰਿਤ੍ਰ ਲਖਸ਼ ਤੋਂ ਅਣਜਾਣ ਨਹੀਂ ਕਿਹਾ ਜਾ ਸਕਦਾ ਅਤੇ ਇਸ ਵਿਸ਼ੇ ਉਤੇ ਜੋ ਸਬੰਧਤ ਸਾਹਿਤ ਮੌਜੂਦ ਹੈ, ਉਸ ਤੋਂ ਵੀ ਲੇਖਕ ਅਗਿਆਤ ਨਹੀਂ ਮੰਨਿਆ ਜਾ ਸਕਦਾ। ਫੇਰ, ਇਹ ਲੇਖ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਿੱਜ ਪ੍ਰਮਾਣੀਕ ਰਸਾਲੇ ਵਿਚ ਛਪਿਆ ਹੈ, ਜਿਸ ਦੀਆਂ ਲਿਖਤਾਂ ਨੂੰ ਕਿ ਸਿੱਖ ਤੇ ਅਨਮਤ ਦੇ ਪੈਰੋਕਾਰ ਸਨਦ ਦੇ ਤੌਰ 'ਤੇਆਪਣਾ ਸਕਦੇ ਹਨ। ਕੀ ਸਮਝ ਕੇ ਵਿਦਵਾਨ ਲੇਖਕ ਨੇ ਇਸ ਕਹਾਣੀ ਨੂੰ ਜਿਹੜੀ ਕਿ ਲੋਕ ਵਾਰਤਾ (Folklore) ਤੇ ਲੋਕ-ਸਾਹਿਤ (Folk literature) ਤੋਂ ਉਚੇਰਾ ਕੋਈ ਵਾਸਤਵਿਕ ਦਰਜਾ ਨਹੀਂ ਰੱਖਦੀ, ਇਕ ਇਤਿਹਾਸਕ ਘਟਨਾ ਸਵੀਕਾਰ ਕਰ ਲਿਆ ਹੈ ?

*ਬਸੋਖਤ ਅਕਲ ਜ਼ ਹੈਰਤ ਕਿਹ ਈਨ ਚਿਤ ਬੁਲਅਜਬੀਸਤ !*

ਇਹ ਰੂਪ ਕੌਰ 'ਸੁਨੱਖੀ ਤੇ ਮਾਲਦਾਰ ਮੁਟਿਆਰ' ਦੀ ਲੋਕ ਵਾਰਤਾ ਦਸਮ-ਗ੍ਰੰਥ ਸੰਹਿਤਾ ਦੇ ਉਸ ਅਧਿਆਇ ਵਿਚ ਦਰਜ ਹੈ, ਜਿਸ ਨੂੰ ਕਿ 'ਤ੍ਰਿਯਾ ਚਰਿਤ੍ਰ' ਆਖਿਆ ਜਾਂਦਾ ਹੇ। 'ਅਥ ਪਖਯਾਨ ਚਰਿਤ੍ਰ ਲਿਖਯਤੇ' ਤੋਂ ਇਹ ਅਧਿਆਇ ਆਰੰਭ ਹੁੰਦਾ ਹੈ। 'ਉਪਾਖਯਾਨ' ਸੰਸਕ੍ਰਿਤ ਦੇ ਅਰਥ ਕੋਸ਼ਾਂ ਵਿਚ 'ਵਾਰਤਾ ਵਤ੍ਰ' ਦਿੱਤੇ ਹਨ, ਜਿਸਦੇ ਮਾਇਨੇ ਹਨ-ਲੌਕਿਕ ਕਹਾਣੀ (Secular Story), ਇਤਿਹਾਸ, ਵਾਸਤਵਿਕ, ਸੱਚੀਂ ਮੁੱਚੀਂ ਵਾਪਰੀ ਹੋਈ ਘਟਨਾ ਸਾਹਿਤ, ਹਿਤਕਰ ਵਿਚਾਰਾਂ ਕਰਕੇ ਮਨੋਕਲਪਿਤ ਕੀਤੀ ਤੇ ਕਥੀ ਹੋਈ ਵਾਰਤਾ, (Fiction) ਆਦਿ ਸਮਿਆਂ ਤੋਂ ਸਾਡੇ ਦੇਸ਼ ਦੇ ਪ੍ਰੰਪਰਾ ਵਿਚ ਕਥਾ ਕਥਨੀ ਨੂੰ ਦੋਂਹ ਭਾਗਾਂ ਵਿਚ ਵੰਡਿਆ ਹੋਇਆ ਹੈ, ਪ੍ਰਭੂਸਹਿੰਤਾ ਤੇ ਸੁਹਿਦ੍ਰ ਸੰਹਿਤਾ। ਵੇਦ ਪ੍ਰਭੂਸੰਹਿਤਾ

ਹਨ ਤੇ ਪੁਰਾਣ ਪੂਰਵਵਤ੍ਰ, ਬੀਤ ਚੁੱਕੀਆਂ ਕਥਾ ਕਹਾਣੀਆਂ, ਸੁਹਿਦ੍ਰ ਸੰਹਿਤਾ ਹਨ। ਵੇਦ ਉਹ ਹਨ ਜਿਨ੍ਹਾਂ ਦਾ ਵਿਸ਼ਾ-ਵਸਤੂ ਤਿੰਨ ਕਾਲ ਸਤਯ ਹੈ, ਤੇ ਇਸ ਲਈ ਵੇਦ ਵਿਚਾਰ ਪ੍ਰਭੂ ਆਗਿਆ ਦਾ ਦਰਜਾ ਰੱਖਦੇ ਹਨ। ਸੁਹਿਰਦ੍ਰ ਸੰਹਿਤਾ ਦਾ ਵਿਸ਼ਾ-ਵਸਤੂ ਵਾਸਤਵਿਕ ਸਤਯ ਨਹੀਂ ਹੈ, ਇਸ ਲਈ ਉਹ ਮਿੱਤਰ, ਦੋਸਤ ਦੇ ਨੇਕ ਸਲਾਹ ਮਸ਼ਵਰੇ ਦੇ ਤੁੱਲ ਹੈ, ਜਿਸ ਨੂੰ ਸੁਣਨ ਵਿਚਾਰਨ ਨਾਲ ਲਾਭ ਪ੍ਰਾਪਤ ਹੁੰਦਾ ਹੈ। ਅਸਾਡੇ ਪੁਰਾਤਨ ਗ੍ਰੰਥਾਂ ਵਿਚ ਚਤ੍ਰਸੂਹ ਵਿਦਿਆ (Four branches of Knowledge) ਦਾ ਵਰਨਣ ਹੈ :

1. ਆਨਵਿਕਸ਼ੀ (Logic, Metaphysics)
2. ਤ੍ਰੈਯ (Three Vedas)
3. ਵਾਰਤਾ (Secular arts and fiction) ਅਤੇ
4. ਦੰਡਨੀਤੀ (Politics, Statecraft etc.) ਤੇ ਉਪਾਖਯਾਨ, ਵਾਰਤਾ ਹੈ।

ਇਉਂ ਦਸਮ-ਗ੍ਰੰਥ ਵਿਚ, 'ਤ੍ਰਿਯਾ ਚਰਿਤ੍ਰ' ਦੇ ਆਰੰਭ ਵਿਚ ਹੀ, ਇਸ ਸਾਰੇ ਅਧਿਆਇ ਨੂੰ ਜਿਸ ਵਿਚ ਕਿ ਪ੍ਰੋਫੈਸਰ ਰਾਮਪ੍ਰਕਾਸ਼ ਸਿੰਘ ਜੀ ਵਾਲੀ 'ਰੂਪਕੋਅਰ' ਦੀ ਵਾਰਤਾ ਦਰਜ ਹੈ, ਗੁਰੂ ਸਾਹਿਬ ਜੀ ਨੇ ਆਪ ਹੀ 'ਪਖਯਾਨ ਚਰਿਤ੍ਰ ਲਿਖਯਤੇ' ਕਹਿ ਕੇ ਗੱਲ ਸਪਸ਼ਟ ਕਰ ਦਿੱਤੀ ਹੈ, ਕਿ ਰੂਪ ਕੌਰ ਦੀ ਕਥਾ ਇਕ ਮਨੋਕਲਪਤ ਦਾ ਕਹਾਣੀ ਕਿੱਸਾ ਹੈ, ਸੁਹਿਦ੍ਰਸੰਹਿਤਾ ਹੈ, ਜੋ ਕਿ ਮਨੋ ਵਿਲਾਸ ਲਈ ਤੇ ਹਿਤੋਪਦੇਸ਼, ਨਸੀਹਤ ਦੇਣ ਲਈ ਕਹੀ ਤੇ ਕਥੀ ਗਈ ਹੈ। ਇਉਂ ਦਸਮ-ਗ੍ਰੰਥ ਵਿਚ ਪਾਤਸ਼ਾਹ ਨੇ 'ਤ੍ਰਿਯਾ ਚਰਿਤ੍ਰ' ਦੇ ਅੰਤ ਵਿਚ, ਸਮਾਪਤ ਭਾਗ (Epilogue) ਰਾਹੀਂ ਆਪ ਕਿਹਾ ਹੈ :

*ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ ॥*
*ਸੁਨੈ ਮੂੜ ਚਿਤ ਲਾਇ ਚਤੁਰਤਾ ਆਵਈ ॥ 404 ॥*

*(ਤ੍ਰਿਯਾ ਚਰਿਤ 405)*

'ਪਖਯਾਨ ਚਰਿਤ੍ਰ' ਅਥਵਾ ਤ੍ਰਿਯਾ ਚਰਿਤ੍ਰ ਨਾਮੀ ਅਧਿਆਇ ਵਿਚ ਪਹਿਲਾ ਚਰਿਤ੍ਰ ਯਾ ਵਾਰਤਾ ਇਸਤ੍ਰੀ ਦੇ ਵਿਰਾਟ ਰੂਪ (Metaphysical reality) ਦੀ ਹੈ, ਤੇ ਇਸ ਦੇ ਆਰੰਭ ਵਿਚ ਹੀ ਇਸਤ੍ਰੀ ਤੇ ਅਕਾਲ ਪੁਰਖ ਨੂੰ ਅਭੇਦ ਕਰਕੇ ਦਰਸਾਇਆ ਹੈ :

*ਤੁਹੀ ਖੜਗਧਾਰ ਤੁਹੀ ਬਾਢਵਾਰੀ॥ ਤੁਹੀ ਤੀਰ ਤਰਵਾਰੀ ਕਾਤੀ ਕਟਾਰੀ॥....*

*ਤੁਹੀ ਬਿਸਨ ਤੂੰ ਬ੍ਰਹਮ ਤੂੰ ਰੁਦ੍ਰ ਰਾਜੈ॥ ਤੁਹੀ ਬਿਸ੍ਵ ਮਾਤਾ....... ॥*

*ਤੁਹੀ ਤਰਕ ਹਿੰਦੂ ਜਗਤ ਮੈ ਬਨਾਏ॥ ਤੁਹੀ ਪੰਥ ਹ੍ਵੈ ਅਵਤਰੀ ਸ੍ਰਿਸਟਿ ਮਾਹਿ॥(1-3)*

ਸਭ ਤੋਂ ਪਹਿਲਾ ਚਰਿਤ੍ਰ ਗੁਰੂ ਜੀ ਨੇ ਉਸ ਤ੍ਰਿਯਾ ਦਾ ਵਰਨਣ ਕੀਤਾ ਹੈ, ਜੋ ਅਕਾਲ ਪੁਰਖ, ਸਰਬਾਧਾਰ ਪਾਰਬ੍ਰਹਮ, ਸਿਸ਼ਟੀ ਦਾ ਕਰਤਾ ਹੈ ਅਤੇ ਫੇਰ,

*ਤੁਹੀ ਜੋਗ ਮਾਯਾ ਤੁਹੀ ਜੋਗ ਬਾਨੀ॥(-2)*

ਸਰਵਵਿਸ਼ਵ ਤੇ ਜੀਵਨ ਵਿਚ ਚੇਤਨਸੱਤਾ ਰੂਪ ਭੀ ਹੈ, ਜਿਸ ਸੱਤਾ ਦੀ ਪ੍ਰਤਿਭਾ ਦੇ ਆਸਰੇ ਕਵੀ, ਲਿਖਾਰੀ ਤੇ ਬੁੱਧਿਵਾਨ ਸਾਹਿਤਕ ਰਚਨਾ ਰਚਦੇ ਹਨ।

*ਤਾਰਨ ਲੋਕ ਉਧਾਰਨ ਭੂਮਹਿ ਦੈਤ ਸੰਘਾਰਨ ਚੰਡ ਤੁਹੀ ਹੈ॥*

*ਕਾਰਨ ਈਸ ਕਲਾ ਕਮਲਾ ਹਰਿ ਅਦ੍ਰ ਸੁਤਾ ਜਹ ਦੇਖੋ ਉਹੀ ਹੈ॥*

*ਤਾਮਸਤਾ ਮਮਤਾ ਨਮਤਾ ਕਵਿਤਾ ਕਵਿ ਕੇ ਮਨ ਮੱਧਿ ਗੁਹੀ ਹੈ॥*

(ਚੰਡੀ ਚਰਿਤ੍ਰ ਉਕਤਿ ਬਿਲਾਸ, ਪੰ. 74)

ਇਹੋ ਅਨਾਦੀ ਤਿੰਨ ਕਾਲ ਸਤਯ ਸ਼ਕਤੀ ਇਸਤ੍ਰੀ ਦਾ ਦਿੱਬ ਤੇ ਸਨਾਤਨ ਰੂਪ ਗੁਰੂ ਗੋਬਿੰਦ ਸਿੰਘ ਜੀ ਨੇ ਵਰਨਣ ਕੀਤਾ ਹੈ ਅਤੇ ਇਸੇ ਸ਼ਕਤੀ ਦਾ ਕਿਰਦਾਰ 'ਤ੍ਰਿਯਾ ਚਰਿਤ੍ਰ ਉਪਾਖਯਾਨ' ਦੇ ਪਹਿਲੇ ਚਰਿਤ੍ਰ ਦਸਮ-ਗ੍ਰੰਥ ਵਿਚ ਵਰਨਣ ਹੋਇਆ ਹੈ, ਜਿਸ ਵਿਚ ਕਿ 'ਦੈਤ ਸੰਘਾਰਨ ਚੰਡ' ਦੀ ਵਾਰਤਾ ਕਹੀ ਹੈ,

ਮਨੁੱਖ ਦੇ ਅੰਤਰ ਆਤਮੇ ਪ੍ਰੋਖ ਇਸਥਿਤ ਉਹ ਈਸ਼ਵਰੀ-ਸ਼ਕਤੀ ਹੈ, ਜਿਸ ਦੁਆਰਾ ਜੀਵ ਬਦੀ ਤੇ ਅਧਰਮ ਉਤੇ ਫ਼ਤਹਿ ਪਾਉਂਦਾ ਹੈ :

*ਮਨ ਤੂ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ (ਪੰ. 441)*

ਗੁਰਵਾਕ ਦਾ ਆਸ਼ਾ ਭੀ ਇਹੋ ਹੈ ।

ਇਉਂ ਆਰੰਭ ਦਸਮ-ਗ੍ਰੰਥ ਦੀ ਉਸ ਰਚਨਾ ਦਾ ਹੁੰਦਾ ਹੈ, ਜੋ ਕਿ ਸਾਰੇ ਗ੍ਰੰਥ ਦਾ ਲਗਭਗ ਅਰਧਭਾਗ ਹੈ ਤੇ ਕਥਾ ਇਉਂ ਤੁਰਦੀ ਹੈ :

*ਪ੍ਰਥਮ ਧਯਾਇ ਸ੍ਰੀ ਭਗਵਤੀ ਬਰਨੌ ਤ੍ਰਿਯਾ ਪ੍ਰਸੰਗ ॥*

*ਮੋ ਘਟ ਮੈ ਤੁਮ ਹ੍ਵੈ ਨਦੀ ਉਪਜਹੁ ਬਾਕ ਤ੍ਰੰਗ ॥46 ॥*

ਇਥੇ ਭੀ ਸਪਸ਼ਟ ਕਰ ਦਿੱਤਾ ਹੈ ਕਿ ਜੋ ਕਥਾ ਕਹਾਣੀਆਂ ਗੁਰੂ ਸਾਹਿਬ ਅੱਗੇ ਲਿਖਣ ਲੱਗੇ ਹਨ, ਉਹ ਵਾਸਤਵਿਕ ਇਤਿਹਾਸ ਨਹੀਂ, ਮਨ ਰੂਪ ਨਦੀ ਵਿਚ ਉਪਜੇ ਹੋਏ ਬਾਕ-ਤਰੰਗ ਹਨ। ਹੁਣ 'ਤ੍ਰਿਯਾ ਚਰਿਤ੍ਰ' ਆਰੰਭ ਕਰਦੇ ਹਨ :

*ਚਿਤ੍ਰਵਤੀ ਨਗਰੀ ਬਿਖੈ ਚਤ੍ਰ ਸਿੰਘ ਨ੍ਰਿਪ ਏਕ ॥....*

*ਤਾ ਕੋ ਰੂਪ ਅਨੂਪ ਅਤਿ ਜੋ ਬਿਧਿ ਧਰਯੋ ਸੁਧਾਰਿ ॥....*

*ਏਕ ਅਪਸਰਾ ਇੰਦ੍ਰ ਕੇ ਜਾਤ ਸਿੰਗਾਰ ਬਨਾਇ ॥.....ਨਰਖ ਰਾਇ ਅਟਕਤਿ ਭਈ...... ॥*

*ਬਰੀ ਰਾਇ ਸੁਖ ਪਾਇ ਮਨ ਦੁੰਦਭਿ ਢੋਲ ਬਜਾਇ ॥5 ॥.....*

*ਬਹੁਤ ਬਰਸ ਸੰਗ ਅਪਸਰਾ ਭੂਪਤਿ ਮਾਨੇ ਭੋਗ ॥*

*ਬਹੁਰਿ ਅਪਸਰਾ ਇੰਦ੍ਰ ਕੇ ਜਾਤ ਭਈ ਉਡਿ ਲੋਗ ॥7 ॥*

ਚਿਤ੍ਰਵਤੀ ਨਗਰ ਵਿਚ ਚਿਤ੍ਰ ਸਿੰਘ ਨਾਮੀ ਇਕ ਅਨੂਪਮ ਸੁੰਦਰ ਰਾਜਾ ਸੀ, ਜਿਸ ਉਤੇ ਇਕ ਅਪਸਰਾ ਮੋਹਿਤ ਹੋ ਗਈ ਤੇ ਕਈ ਵਰ੍ਹੇ ਉਸਦੀ ਵਹੁਟੀ ਬਣ ਕੇ ਰਾਜੇ ਨਾਲ ਰਹੀ। ਇਕ ਪੁੱਤ੍ਰ ਭੀ ਜਨਮਿਆ ਇਸ ਸੰਜੋਗ ਵਿਚੋਂ, ਪਰ ਅਪਸਰਾ ਆਪਣੇ ਮਨੁੱਸ਼ ਪ੍ਰੇਮੀ ਨੂੰ ਛੱਡ ਕੇ, ਆਪਣੇ ਅਸਲੀ ਘਰ, ਇੰਦ੍ਰ ਲੋਕ ਚਲੀ ਗਈ।

ਇਹ ਕਹਾਣੀ ਸੰਸਾਰ ਭਰ ਦੇ 'ਗ੍ਰੰਥ ਸਾਹਿਤ' ਦੀ ਪਹਿਲੀ ਕਹਾਣੀ ਹੈ, ਤੇ ਰਿਗ ਵੇਦ (10.95) ਵਿਚ ਉਰਵਸੀ ਤੇ ਪੁਰੂਰਵਾ ਦੇ ਨਾਵਾਂ ਨਾਲ ਅੰਕਿਤ ਕੀਤੀ ਹੋਈ ਹੈ। ਰਿਗ ਵੇਦ ਦੇ ਦਸਵੇਂ ਮੰਡਲ ਵਿਚ ਅੰਕਿਤ ਵਾਕਯੋਵਾਕ ਦੇ ਅਨੁਸਾਰ ਜਦੋਂ ਪੁਰੂਰਵਾ, ਉਰਵਸ਼ੀ ਦੀ ਜੁਦਾਈ ਵਿਚ ਅਤੀ ਬਿਹਬਲ ਹੋ ਜਾਂਦਾ ਹੈ, ਅਤੇ ਆਤਮਘਾਤ ਦਾ ਨਿਸਚਾ ਕਰਦਾ ਹੈ, ਤਾਂ ਉਰਵਸ਼ੀ ਸੁਰਲੋਕ ਤੋਂ ਮ੍ਰਿਤੂਲੋਕ ਵਿਚ ਉਤਰਦੀ ਹੈ, ਤੇ ਪੁਰੂਰਵਾ ਨੂੰ ਕਹਿੰਦੀ ਹੈ :

*ਪੁਰੂਰਵਾ, ਮਰਨ ਨਿਸ਼ਚਾ ਤਿਆਗ ਦਿਉ, ਆਤਮਘਾਤ ਨ ਕਰੋ, ਨਿਰਦਈ ਬਨ ਜੀਵਾਂ ਦੀ ਭੇਟਾ ਆਪਣਾ ਸਰੀਰ ਮਤ ਕਰੋ। ਤ੍ਰਿਯਾ ਦੀ ਮਿੱਤ੍ਰਤਾ ਤਿੰਨ ਕਾਲ ਅਸਥਿਰ ਹੈ, ਕਿਉਂ ਜੁ ਉਨ੍ਹਾਂ ਦਾ ਹਿਰਦਾ ਬਿੱਜੂ, ਮੁਰਦਾਖੋਰ ਦਾ ਹੈ। (....ਰਿਚ, 15.)*

ਇਸਤ੍ਰੀ ਦੇ ਮਨ ਤੇ ਚਰਿਤ੍ਰ ਦਾ ਇਹ ਵਿਸ਼ਲੇਸ਼ਨ ਤੇ ਜਾਇਜ਼ਾ ਰਿਗ ਵੇਦ ਵਿਚ ਅੰਕਿਤ ਹੈ, ਅਤੇ ਇਸਤ੍ਰੀ ਦੀ ਆਤਮਕ ਕੂਤ ਤੇ ਸਮਾਜਕ ਸਥਾਨ, ਨੀਵਾਂ ਤੇ ਘਟੀਆ ਦਰਜੇ ਦਾ, ਜੋ ਕਿ ਹਿੰਦੂ ਸ਼ਾਸਤ੍ਰਾਂ ਗ੍ਰੰਥਾਂ ਵਿਚ ਪ੍ਰਮਾਣੀਕ ਮੰਨਿਆ ਗਿਆ ਹੈ ਅਤੇ ਜੋ ਪਿਛਲੇਰੀਆਂ ਸਹੰਸ੍ਰਾਬਦੀਆਂ ਵਿਚ ਵਰਤੋਂ ਵਿਚ ਲਿਆਂਦਾ ਗਿਆ ਹੈ, ਉਸ ਸਾਰੀ ਵਿਚਾਰਘਾਰਾ ਤੇ ਸਥਿਤੀ (Doctrine and practice) ਦਾ ਮੂਲ ਗਰਭ ਇਹੋ ਵਾਕਯੋਵਾਕ ਹੀ ਹੈ। ਗੁਰੂ ਨਾਨਕ ਨੇ ਜਦੋਂ ਬਚਨ ਕੀਤਾ,

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ (ਵਾਰਾ ਆਸਾ ਮ:1)*

ਤਾਂ ਸੰਕੇਤ ਇਸ ਰਿਗ ਵੇਦ ਵਿਚੋਂ ਉਗਮੀ ਤੇ ਪਿਛਲੇਰੀਆਂ ਕਈ ਸਹੰਸ੍ਰਾਬਦੀਆਂ ਵਿਚ ਪ੍ਰਪੱਕ ਹੋ ਚੁੱਕੀ ਵਿਚਾਰਧਾਰਾ ਤੇ ਸਥਿਤੀ ਵੱਲ ਹੀ ਸੀ, ਤੇ ਨਿਸ਼ਾਨਾ ਇਸ ਦਾ ਵਿਰੋਧ ਤੇ ਨਿਰੋਧ ਕਰਨਾ ਹੀ ਸੀ, ਜੋ ਵਿਚਾਰਧਾਰਾ ਤੇ ਸਥਿਤੀ ਨਾ ਕੇਵਲ ਹਿੰਦੂ ਸਮਾਜ, ਸਗੋਂ ਸੰਸਾਰ ਦੇ ਮਹਾਨ ਸਾਮੀ ਸਮਾਜਾਂ, ਈਸਾਈ, ਮੂਸਾਈ ਤੇ ਮੁਸਲਿਮ ਸਮਾਜਾਂ ਦੀ ਭੀ ਬੁਨਿਆਦੀ ਕਮਜ਼ੋਰੀ ਦਾ ਕਾਰਨ

ਹਜ਼ਾਰਾਂ ਵਰ੍ਹੇ ਬਣੀ ਰਹੀ ਹੈ, ਅਤੇ ਜਿਸ ਦੇ ਹਾਨੀਕਾਰਕ ਪਰਿਣਾਮ ਦੀ ਸੋਝੀ ਕਿਤੇ ਹੁਣ ਉਨ੍ਹੀਂਵੀ ਸਦੀ ਵਿਚ ਸੰਸਾਰ ਨੂੰ ਪਈ ਹੈ।

ਚ੍ਰਿਤ ਸਿੰਘ, ਦਸਮ-ਗ੍ਰੰਥ ਦੇ 'ਤ੍ਰਿਯਾ ਚਰਿਤ੍ਰ' ਵਿਚ ਪੁਰੂਰਵਾ ਦੇ ਪਰਛਾਵੇਂਪੁਣੇ ਤੋਂ ਕੰਮ ਲੈਂਦਾ ਹੈ, ਅਤੇ ਅਪਸਰਾ ਦੇ ਅਲੋਪ ਹੋ ਜਾਣ ਉਤੇ :

*ਤਿਹ ਬਿਨੁ ਭੂਪਤਿ ਦੁਖਤਿ ਹ੍ਵੈ ਮੰਤ੍ਰੀ ਲਏ ਬੁਲਾਇ ॥*

*ਚਿਤ੍ਰ ਚਿਤ੍ਰ ਤਾ ਕੋ ਤੁਰਿਤ ਦੇਸਨ ਦਯੋ ਪਠਾਇ ॥8 ॥*

ਉਸ ਅੱਪਸਰਾ ਦੀ ਮੂਰਤ ਬਣਾ ਕੇ, ਆਪਣੇ ਜਸੂਸ ਬਾਹਰ-ਅੰਦਰ ਦੇਸ਼ਾਂ ਵਿਦੇਸ਼ਾਂ ਵਿਚ ਭੇਜ ਦਿੱਤੇ ਕਿ ਇਹੋ ਜਿਹੀ ਸੁੰਦਰ ਤ੍ਰੀਮਤ ਲੱਭੋ। ਉਨ੍ਹਾਂ ਜਸੂਸਾਂ ਨੇ,

*ਖੋਜਤ ਓਡਛ ਨਾਥ ਕੇ ਲਹੀ ਕੰਨਿਆਂ ਏਕ ॥*

*ਰੂਪ ਸਕਲ ਸਮ ਅਪਸਰਾ ਤਾਂ ਤੇ ਗੁਨਨ ਬਿਸੇਖ ॥9 ॥*

ਉੜੀਸਾ ਦੇਸ਼ ਦੀ ਰਾਜੇ ਦੀ ਧੀ ਜਾ ਲੱਭੀ, ਜੋ ਕਿ ਸੁੰਦਰ ਤੇਅਪਸਰਾ ਵਰਗੀ ਹੀ, ਪਰ ਗੁਣਾਂ ਵਿਚ ਅੱਪਸਰਾ ਨਾਲੋਂ ਵੱਧ ਸੀ, ਭਾਵ ਇਹ ਹੀ ਹੈ ਕਿ ਵਿਦਿਆ, ਕਲਾ ਆਦਿ ਵਿਚ ਅੱਪਸਰਾ ਨਾਲੋਂ ਵਧੇਰੇ ਪ੍ਰਬੀਨ ਸੀ, ਕਿਉਂ ਜੋ ਪਤੀਬ੍ਰਤ ਧਰਮ ਤਾਂ ਇਸ 'ਓਡਛਨਾਥ' ਕੰਨਿਆ ਦਾ ਭੀ ਇਸ ਅੱਪਸਰਾ ਅਥਵਾ ਉਰਵਸੀ ਨਾਲੋਂ ਕੋਈ ਵਧੇਰੇ ਪ੍ਰਪੱਕ ਨਹੀਂ ਸੀ।

ਖੈਰ ਦਸਮ-ਗ੍ਰੰਥ ਵਿਚ ਅੰਕਿਤ ਕਥਾ ਇਉਂ ਹੈ, ਕਿ ਇਸ ਉੜੀਸੇ ਦੀ ਰਾਜ ਕੁਮਾਰੀ ਨੂੰ ਚਿੱਤ੍ਰ ਸਿੰਘ ਨੇ ਖੋਹ ਲਿਆਂਦਾ। ਇਸ ਯੁੱਧ ਵਿਚ ਚਿੱਤ੍ਰ ਸਿੰਘ ਦਾ ਯੁਵਰਾਜ, ਹਨਿਵਤਿ ਸਿੰਘ, ਸੰਗ੍ਰਾਮਸ਼ਾਹ ਯਾ ਫੌਜਾਂ ਦਾ ਕਮਾਣ ਅਫ਼ਸਰ ਸੀ; ਚਿੱਤ੍ਰ ਸਿੰਘ ਆਪ ਰਣ ਤੱਤੇਵਿਚ ਹੋ ਕੇ ਨਹੀਂ ਲੜਿਆ;

*ਹਨਿਵਤਿ ਸਿੰਘ ਆਗੇ ਕਿਯੌ ਅਮਿਤ ਸੈਨ ਦੇ ਸਾਥ ॥*

*ਚਿੱਤ੍ਰ ਸਿੰਘ ਪਾਛੈ ਰਹਯੋ ਗਹੈ ਬਰਛਿਯਾ ਹਾਥ ॥4 ॥*

ਫੇਰ,

*ਮਾਰਿ ਓਡਛਾ ਰਾਇ ਕੋ ਲਈ ਸੁਤਾ ਤਿਹ ਜੀਤ ॥*

*ਬਰੀ ਰਾਇ ਸੁਖ ਪਾਇ ਮਨ ਮਾਨ ਸਾਸਤ੍ਰ ਕੀ ਰੀਤਿ ॥1 7 ॥*

ਧੱਕੇ ਨਾਲ ਪਰਾਈ ਧੀ ਖੋਹ ਕੇ ਵਿਆਹ ਲੈਣੀ, 'ਸੁੱਖ ਪਾਇ ਮਨ' ਵਿਚ 'ਸਾਸਤ੍ਰ ਕੀ ਰੀਤਿ' ਹੈ। ਮਨੁ ਧਰਮ ਸ਼ਾਸਤ੍ਰ ਵਿਚ ਅਸ਼ਟ ਵਿਵਾਹ ਵਿਧਾਨ ਹਨ;

1. **ਬ੍ਰਾਹਮਣ ਵਿਵਾਹ** : ਵਰ ਨੂੰ ਘਰ ਬੁਲਾ ਕੇ ਕੰਨਿਆ ਦੇਣੀ

2. **ਦੇਵ ਵਿਵਾਹ** : ਯੱਗ ਕਰਵਾਉਣ ਵਾਲੇ ਨੂੰ ਕੰਨਿਆ ਦੇਣੀ

3. **ਆਰਸ਼** : ਵਰ ਤੋਂ ਬੈਲ ਆਦਿ ਕੀਮਤ ਲੈ ਕੇ ਕੰਨਿਆ ਦੇਣ

ਜਿਸ ਬਾਬਤ ਕਿ ਸਾਡੇ ਰਹਿਤਨਾਮਿਆਂ ਵਿਚ ਲਿਖਿਆ ਹੈ, 'ਕਿ, ਧੀ ਭੈਣ ਕਾ ਪੈਸਾ ਲੇਈ, ਪਾਤਤ ਸਿੱਖ ਹੋਤ ਹੇ ਸੇਈ।'

4. **ਪ੍ਰਾਜਾਪਤਯ** : ਕੁੜੀ ਤੇ ਮੁੰਡੇ ਦਾ ਪਰਸਪਰ ਰਜ਼ਾਮੰਦੀ ਨਾਲ ਵਿਆਹ, ਜਿਸਨੂੰ ਅੱਜ ਕੱਲ੍ਹ ਪ੍ਰੇਮ ਸੰਯੋਗ (Love marriage) ਆਖੀਦਾ ਹੈ, ਤੇ ਜਿਸ ਦਾ ਰੂਪਾਂਤ੍ਰ ਅਦਾਲਤੀ ਸ਼ਾਦੀ ਹੈ।

5. **ਗਾਂਧਰਵ ਵਿਆਹ** : ਜਿਥੇ ਤੇਜਦੋਂ ਮਨ ਕੀਤਾ ਸੰਯੋਗ ਕਰ ਲਿਆ, ਜਿਸ ਦਾ ਰੂਪਾਂਤ੍ਰ ਕਿ ਆਧੁਨਿਕ ਸੰਗਤ ਵਿਵਾਹ (Companionate marriage) ਹੈ, ਜਿਸ ਦਾ ਪ੍ਰਚਾਰ ਕਿ ਬਰਟ੍ਰੰਡ ਰਸਲ ਨੇ ਕੀਤਾ ਹੈ।

6. **ਆਸੁਰ** : ਧੀ ਲੈਣੀ ਤੇ ਦੇਣੀ (ਵੱਟਾ), ਜਿਸਦਾ ਰਿਵਾਜ ਕਿ ਅੱਜ ਤੱਕ ਅਸਾਡੇ ਦੇਸ਼ ਦੀਆਂ ਕਈ ਜਾਤੀਆਂ ਵਿਚ ਹੈ।

7. **ਰਾਕਸ਼ਸ਼ ਵਿਵਾਹ** : ਯੁੱਧ ਵਿਚ ਜਿੱਤ ਕੇ ਕੰਨਿਆਂ ਵਰ ਲੈਣੀ, ਜਿਸ ਤਰ੍ਹਾਂ ਕਿ ਅਸਾਡੇ ਪਾਤ੍ਰ ਚਿਤ੍ਰ ਸਿੰਘ ਨੇ ਕੀਤਾ ਅਤੇ ਜਿਵੇਂ ਕਿ ਵਿਦੇਸ਼ੀ ਤੁਰਕ ਜਰਵਾਣੇ ਅਸਾਡੇ ਦੇਸ਼ ਦੀਆਂ ਧੀਆਂ ਭੈਣਾਂ ਨਾਲ ਕਈ ਸੌ ਵਰ੍ਹੇ ਕਰਦੇ ਚਲੇ ਆਏ ਸਨ ਅਤੇ ਜਿਸ ਤੋਂ ਸਿੰਘਾਂ ਨੂੰ ਦਸਮ ਪਾਤਸ਼ਾਹ ਨੇ ਇਉਂ ਕਹਿ ਕੇ ਵਰਜਿਆ ਸੀ, ਕਿ 'ਤੁਰਕਾਂ ਜਰਵਾਣਿਆਂ ਦੀ ਰੀਸ ਨਾ ਕਰਨ, ਕਿਉਂ ਜੁ ਸਿੰਘ-ਆਦਰਸ਼ ਉਚੇਰੇ ਹਨ ;

ਹਮ ਲੇ ਜਾਨੋ ਪੰਥ ਉਚੇਰੇ। ਨਹੀਂ ਅਧੌਗਤਿ ਬਿਖੈ ਪੁਚਾਵੈਂ

(ਗੁਰਪ੍ਰਤਾਪ ਸੂਰਜ, ਰੁਤ 6 ਅੰਸੂ 20)

8. **ਪੈਸ਼ਾਚ ਵਿਵਾਹ :** ਰੋਂਦੀ ਕੁਰਲਾਂਦੀ ਕੰਨਿਆ ਖੋਹ ਕੇ ਲੈ ਜਾਣੀ, ਜਿਵੇਂ ਕ੍ਰਿਸ਼ਨ ਜੀ ਰੁਕਮਣੀ ਨੂੰ ਦੇਵ ਪੂਜਾ ਕਰਦੀ ਨੂੰ ਖੋਹ ਕੇ ਲੈ ਗਏ ਸਨ ਤੇ ਜਿਵੇਂ 1947 ਦੀ ਦੇਸ਼ ਵੰਡ ਵੇਲੇ ਹਜ਼ਾਰਾਂ ਕੰਨਿਆਂ ਖੋਹ ਲਈਆਂ ਗਈਆਂ। ਇਹ ਅੱਠੇ ਤਰੀਕੇ ਕੰਨਿਆਂ ਵਰਨ ਦੇ 'ਸ਼ਾਸਤ੍ਰ ਕੀ ਰੀਤਿ' ਹੈ, ਤੇ ਇਸੇ ਲਈ ਚਿਤ੍ਰ ਸਿੰਘ ਨੇ ਉੜੀਸਾ ਦੀ ਰਾਜ ਕੁਮਾਰੀ, ਜਿਸ ਦਾ ਕਿ ਨਾਮ ਚਿਤ੍ਰਮਤੀ ਸੀ, ਨੂੰ ਨਿਸਚਿਤ ਹੋ ਕੇ, 'ਸੁਖ ਪਾਇ ਮਨ' ਵਿਆਹ ਲਿਆ। ਪਰ ਚਿਤ੍ਰਮਤੀ, ਚਿਤ੍ਰ ਸਿੰਘ ਦੀ ਵਿਆਹੁਤਾ ਇਸਤ੍ਰੀ ਤਾਂ ਬਣ ਗਈ, ਪਰ ਇਸਦਾ ਭਾਵ ਇਹ ਨਹੀਂ ਕਿ ਪਤਿਬ੍ਰਤ ਧਰਮ ਵਿਚ ਭੀ ਪ੍ਰਪੱਕ ਹੋ ਗਈ;

***ਹਨਿਵਤਿ ਸਿੰਘਹਿ ਸੋ ਰਹੈ ਚਿਤਵਤ ਆਠੋ ਜਾਮ ॥੧੮ ॥***

ਅੱਠੇ ਪਹਿਰ ਆਪਣੇ ਮਤ੍ਰੇਏ ਪੁਤ੍ਰ ਹਨਵਤ ਸਿੰਘ ਦਾ ਧਿਆਨ ਹੀ ਆਪਣੇ ਮਨ ਵਿਚ ਵਸਾਈ ਰੱਖੇ। ਗੱਲ ਕੀ ਚਿਤ੍ਰਮਤੀ ਰਾਜ ਕੁਮਾਰ ਨੂੰ ਕਿਸੇ ਬਹਾਨੇ ਆਪਣੇ ਕੋਲ ਲੈ ਆਈ।

***ਚੋਰਿ ਚਤੁਰਿ ਚਿਤ ਲਯੋ ਕਹੋ ਕਸ ਕੀਜੀਐ ॥ (....23)***

(ਸਾਹਮਣੇ ਬੈਠ ਦੇ ਦਿਲ ਕੋ ਜੋ ਚੁਰਾਏ ਕੋਈ। ਐਸੀ ਚੋਰੀ ਕਾ ਪਤਾ ਖਾਕ ਲਗਾਏ ਕੋਈ)

***ਅਤਿ ਸਰੂਪ ਸੁੰਦਰ ਸਰਸ ਮਨੋ ਮੈਨ ਕੇ ਐਨ ॥***
***ਮੋ ਮਨ ਕੋ ਮੋਹਤ ਸਦਾ ਮ੍ਰਿਤ ਤਿਹਾਰੇ ਨੈਨ ॥24 ॥***

ਰਾਜ ਕੁਮਾਰ ਜੀ ਤੁਹਾਡੇ ਨੈਨ, ਸੁੰਦਰ, ਰਸੀਲੇ ਮਾਨੋ ਮੈਨਿਕਾ ਅਪਸਰਾਂ ਦੀਆਂ ਅੱਖਾਂ ਹਨ, ਇਸੇ ਲਈ ਇਹ ਮੋਮਨਾਂ ਨੂੰ (ਯਾ ਮੇਰੇ ਮਨ ਨੂੰ) ਸਦਾ ਮੋਂਹਦੇ ਹਨ। ਇਹੋ ਜਿਹੇ ਕਾਵਿਮਈ ਬਿਲਾਸ ਦੇ ਬਹੁਤ ਬਚਨ ਚਿਤ੍ਰਮਈ ਨੇ ਆਪਣੇ ਰਾਜਕੁਮਾਰ ਮਤ੍ਰੇਏ ਪੁੱਤਰ ਨਾਲ ਕੀਤੇ, ਪਰ

***ਵਾਂ ਕੀ ਕਹੀ ਨ ਨ੍ਰਿਪਸੁਤ ਮਾਨੀ ॥ ਚਿਤ੍ਰਮਤੀ ਤਬ ਭਈ ਖਿਸਾਨੀ ॥ (...28)***

ਬੱਸ, ਫਿਰ ਜਿਵੇਂ ਕਿ ਰਾਮਕੁਮਾਰ ਸਿੰਘ ਜੀ ਨੇ ਲਿਖਿਆ ਹੈ, ਚਿਤ੍ਰਮਈ ਨੇ ਜਾਤਾ, ਕਿ ਮੇਰੀ ਜੁਆਨੀ ਤੇ ਹੁਸਨ ਦਾ ਅਪਮਾਨ ਹੋਇਆ ਹੈ ਅਤੇ ;

*ਚਿਤ੍ਰ ਸਿੰਘ ਪੈ ਜਾਇ ਪੁਕਾਰੇ ॥ ਬਡੋ ਦੁਸ਼ਟ ਇਹ ਪੁਤ੍ਰ ਤੁਹਾਰੇ ॥28 ॥*

*ਫਾਰਿ ਚੀਰ ਕਰ ਆਪਨੇ ਮੁਖ ਨਖ ਘਾਇ ਲਗਾਇ ॥*

*ਰਾਜਾ ਕੋ ਰੋਖਿਤ ਕਿਯੌ ਤਨ ਕੇ ਚਿਹਨ ਦਿਖਾਇ ॥29 ॥*

ਆਪਣੇ ਬਸਤਰ ਆਪ ਹੀ ਫਾੜ ਲਏ ਤੇ ਆਪ ਹੀ ਨਹੁੰਆਂ ਨਾਲ ਆਪਣੇ ਮੂੰਹ ਉਤੇ ਘਉ ਕਰ ਲਏ ਤੇ ਆਪਣੇ ਪਤੀ ਨੂੰ ਜਾ ਅਖਿਉਸ ਕਿ ਤੇਰਾ ਪੁੱਤ੍ਰ ਬੜਾ ਦੁਸ਼ਟ ਹੈ।

*ਬਚਨ ਸੁਨਤ ਕ੍ਰੋਧਿਤ ਨ੍ਰਿਪ ਭਯੋ ॥ ਮਾਰਨ ਹੇਤ ਸੁਤਹਿ ਲੈ ਗਯੋ ॥*

*ਮੰਤ੍ਰਿਨ ਆਨਿ ਰਾਵ ਸਮੁਝਾਯੋ ॥ ਤ੍ਰਿਯਾ ਚਰਿਤ੍ਰ ਨ ਕਿਨਹੂੰ ਪਾਯੋ ॥30 ॥*

ਰਾਜੇ ਨੇ ਆਪਣੇ ਪੁੱਤ੍ਰ ਦੇ ਕਤਲ ਦਾ ਹੁਕਮ ਦੇ ਦਿੱਤਾ ਪਰ ਵਜ਼ੀਰਾਂ ਨੇ ਸਮਝਾਇਆ ਕਿ, ਹੇ ਰਾਜਨ! ਇਸਤ੍ਰੀ ਦਾ ਚਰਿਤ੍ਰ ਬੜਾ ਡੂੰਘਾ ਹੈ, ਇਸ ਦੀਆਂ ਗੱਲਾਂ ਵਿਚ ਝਟਪਟ ਨਹੀਂ ਆ ਜਾਈਦਾ।

*ਇਤਿ ਸ੍ਰੀ ਚਰਿਤ੍ਰ ਪਖਯਾਨੇ ਤਿਯਾ ਚਰਿਤ੍ਰ*

*ਮੰਤ੍ਰੀ ਭੂਪ ਸੰਬਾਦੇ ਦੁਤਿਯ ਚਰਿਤ ਸਮਾਪਤਮ-ਸਤੁਸੁਭਮਸਤੁ ॥*

ਇਹ ਦਸਮ-ਗ੍ਰੰਥ ਦੇ 'ਤ੍ਰਿਯਾ ਚਰਿਤ੍ਰ' ਨਾਮੀ ਭਾਗ ਦਾ ਦੂਜਾ ਅਧਿਆਇ ਹੈ ਅਤੇ ਅੱਗੇ ਜੋ 'ਤ੍ਰਿਯਾ ਚਰਿਤ੍ਰ' ਦੀਆਂ ਕਹਾਣੀਆਂ ਆਉਂਦੀਆਂ ਹਨ, ਉਹ 'ਮੰਤ੍ਰੀ ਭੂਪ ਸੰਬਾਦੇ', ਰਾਜਾ ਚਿਤ੍ਰ ਸਿੰਘ ਤੇ ਉਸਦੇ ਵਜ਼ੀਰ ਦੀ ਆਪੋ ਵਿਚ ਦੀ ਗੱਲਬਾਤ ਹੈ, ਕੋਈ ਵਾਸਤਵਿਕ ਇਤਿਹਾਸ ਨਹੀਂ ਹੈ।

ਇਥੇ ਦੋ ਗੱਲਾਂ ਕਥਨਯੋਗ ਹਨ : ਮਾਤਾ ਪੁੱਤ੍ਰ ਦੇ ਵਿਭਚਾਰ ਦਾ ਵਿਸ਼ਾ ਲੋਕਵਾਰਤਾ ਵਿਚ ਪਹਾੜਾਂ ਵਾਂਗ ਪੁਰਾਤਨ ਹੈ। ਯੂਨਾਨੀਆਂ ਦੀ ਉਯਦੀਪਸ (Oedepus) ਦੀ ਵਾਰਤਾ ਦਾ ਸਾਰੰਸ਼ (Motif) ਇਹ ਵਿਭਚਾਰ ਹੀ ਹੈ, ਜਿਸ ਦੇ ਆਧਾਰ 'ਤੇ ਆਧੁਨਿਕ ਮਹਾਂਵਿਗਿਆਨੀ 'ਫਰਾਇਡ (Freud) ਨੇ ਉਦੀਪਸ ਮਾਨਸਕ ਰੋਗ (Oedepus Complex) ਦੀ ਉਲੇਖਨਾ ਕੀਤੀ ਹੈ। ਇਹ ਵਾਰਤਾ ਸਾਰੰਸ਼ ਵਿਚ ਇਕ ਤੋਂ ਵੱਧ ਥਾਂ ਮੌਜੂਦ ਹੈ। ਪਰ ਸਾਊ (Sophisticated) ਭਾਰਤੀ ਪ੍ਰੰਪਰਾ ਤੇ ਲੋਕਵਾਰਤਾ ਵਿਚ ਇਹ ਮਨੋਬ੍ਰਿਤੀ

ਸਾਰੰਸ਼ ਮਤ੍ਰੇਈ ਮਾਂ ਦੀ ਯੁਵਕ ਪੁੱਤ੍ਰ ਨਾਲ ਵਿਭਚਾਰ ਦੀ ਇੱਛਾ ਦਾ ਰੂਪ ਧਾਰਨ ਕਰ ਗਿਆ ਹੈ, ਘੱਟੋ ਘੱਟ, ਲੋਕ-ਸਾਹਿਤ ਤੇ ਗ੍ਰੰਥ-ਸਾਹਿਤ ਵਿਚ। ਦਸਮ-ਗ੍ਰੰਥ ਦੇ ਤ੍ਰਿਯਾ-ਚਰਿਤ੍ਰ ਦੀ ਵੱਡੀ ਕਹਾਣੀ, ਜਿਸ ਵਿਚੋਂ ਕਿ ਬਾਕੀ ਦੀਆਂ ਕਹਾਣੀਆਂ ਜੋ ਕਿ 400 ਕੁ ਹਨ, ਨਿਕਲਦੀਆਂ ਹਨ, ਦਾ ਮਨੋਬ੍ਰਤੀ ਸਾਰੰਸ਼ ਇਹ ਊਦੀਪਸ ਮਾਨਸਕ ਰੋਗ ਹੀ ਹੈ, ਜਿਸ ਨੂੰ ਆਧਾਰ ਬਣਾ ਕੇ ਮਨਾਲੋਚਨਾ (Psychoanalysis) ਦੇ ਵਿਗਿਆਨੀ, ਮਨੁੱਖ ਦੇ ਸਮੁੱਚੇ ਚਰਿਤ੍ਰ ਦੇ ਕਰਤਾ ਨੇ ਚਿਤ੍ਰਮਤੀ ਤੇ ਹਨਿਵਿਤ ਸਿੰਘ ਦੀ ਕਹਾਣੀ ਨੂੰ ਆਧਾਰ ਬਣਾ ਕੇ ਜਿਹੜਾ ਬਾਕੀ 400 ਕਹਾਣੀਆਂ ਨੂੰ ਇਸ ਸੰਦੂਕ ਵਿਚ ਬੰਦ ਕੀਤਾ ਹੈ, ਇਸ ਦਾ ਗੋਹਯ ਰਹੱਸਯ ਬੜਾ ਮਹਾਨ ਪ੍ਰਤੀਤ ਹੋ ਆਉਂਦਾ ਹੈ। ਉਂਜ, ਇਕ ਕਹਾਣੀ ਕਥਾ ਨੂੰ ਅਵਿਲੰਭ ਬਣਾ ਕੇ, ਉਸ ਨਾਲ ਅਨੇਕ ਹੋਰ ਕਥਾ ਕਹਾਣੀਆਂ ਟੂੰਗਣ ਦੀ ਪ੍ਰਪਾਟੀ ਸਾਡੇ ਦੇਸ਼ ਦੀ ਸਾਹਿਤ ਪ੍ਰੰਪਰਾ ਵਿਚ ਬਹੁਤ-ਬਹੁਤ ਪੁਰਾਣੀ ਹੈ। ਪੰਡਿਤ ਗੁਣਾਡਯ ਦੀ ਰਚਿਤ 'ਬ੍ਰਹਤਕਥਾ' ਜੋ ਕਿ ਅਲੋਪ ਹੋ ਚੁੱਕੀ ਹੈ, ਅਤੇ ਜਿਸ ਬਾਬਤ ਕਿ ਡਾ. ਕੀਥ ਕਹਿੰਦਾ ਹੈ, ਕਿ ਇਸ ਦੀ ਸਾਹਿਤਕ ਮਹਾਨਤਾ ਰਾਮਾਇਣ ਤੇ ਮਹਾਂਭਾਰਤ ਨਾਲੋਂ ਕਿਸੇ ਪ੍ਰਕਾਰ ਵੀ ਘੱਟ ਨਹੀਂ ਸੀ, (See A History of Sanskrit Literature, by Dr. Keith. P. 266) ਅਤੇ ਜਿਸ ਦੇ ਕਿ ਸੱਤ ਲੱਖ ਸਲੋਕ ਸਨ, ਜਿਨ੍ਹਾਂ ਦਾ ਕਿ ਭੋਰ ਚੋਰ ਕਸ਼ੇਮੇਂਦ੍ਰ ਦੀ 'ਬ੍ਰਹਮਕਥਾਮੰਜਰੀ' (1063-66 A.D.)ਤੇ ਸੋਮ ਦੇਵ ਦੀ 'ਕਥਾ ਸਰਿਤ-ਸਾਗਰ' (1081 A.D.) ਹਨ, ਦੀ ਸਾਹਿਤਕ ਬਣਤਰ ਇਵੇਂ ਹੀ ਹੈ ਕਿ ਇਕ ਵੱਡੀ ਕਹਾਣੀ ਆਰੰਭ ਕਰਕੇ, ਬਾਕੀ ਅਨੇਕ ਕਹਾਣੀਆਂ ਉਸ ਵਿਚ ਪਾਈ ਗਏ। 'ਕਥਾ ਸਰਿਤ-ਸਾਗਰ' ਦੀ 'ਵੈਤਾਲਪੰਚਵਿਸਤੀ' ਅਤੇ ਵਿਸ਼ਨੂੰ ਸ਼ਰਮਾ ਦੇ 'ਪੰਚਤ੍ਰਤ' ਵਿਚ ਇਹੋ ਪ੍ਰਪਾਟੀ, ਇਕ ਕਹਾਣੀ ਨਾਲ ਅਨੇਕ ਵਿਲੋਕਤ੍ਰੀਆਂ ਕਹਾਣੀਆਂ ਟੂੰਗ ਦੇਣ ਦੀ, ਵਰਤੀ ਗਈ ਹੈ ਤੇ ਇਥੋਂ ਹੀ ਅਰਬੀ ਲਿਖਾਰੀਆਂ ਨੇ ਮਾਂਗਵੀਂ ਲੈ ਕੇ 'ਅਲਫਲੈਲਾ' ਆਦਿ ਪੁਸਤਕਾਂ ਵਿਚ ਵਰਤੀ ਹੈ, ਜਿਥੋਂ ਕਿ ਇਹ ਸਾਰੇ ਯੂਰਪ

ਵਿਚ ਫੈਲੀ। ਪਰ ਦਸਮ-ਗ੍ਰੰਥ ਦੇ ਤ੍ਰਿਯਾ ਚਰਿਤ੍ਰ ਵਾਲਾ ਉਪਰੋਕਤ ਮਨੋਬ੍ਰਿਤੀ ਗੋਹਯਰਹੱਸ ਹੋਰ ਕਿਤੇ ਨਹੀਂ ਹੈ।

ਦੂਜੀ ਗੱਲ ਕਰਨਯੋਗ ਇਹ ਹੈ ਕਿ ਇਹੋ ਮਾਤਾ-ਪੁੱਤ੍ਰ ਵਿਭਚਾਰ ਦੀ ਕਹਾਣੀ ਅਨੇਕਾਂ ਢੰਗਾਂ ਨਾਲ, ਸਮਾਂ ਸਥਾਨ ਬਦਲ ਕੇ, ਅਸਾਡੇ ਦੇਸ਼ ਦੀਆਂ ਅਨੇਕ ਭਾਸ਼ਾਵਾਂ ਵਿਚ ਵਰਨੀ ਹੋਈ ਹੈ, ਜਿਹਾ ਕਿ ਉੜੀਆ ਅਤੇ ਤਾਮਿਲ ਵਿਚ। ਪੰਜਾਬੀ ਵਿਚ ਪੂਰਨ ਭਗਤ ਦੀ ਕਹਾਣੀ ਇਸੇ ਵਾਰਤਾ ਦਾ ਸਪਸ਼ਟ ਨਕਸ਼ ਹੈ,

*ਅਲਫ ਆਖ ਸਾਖੀ ਸਿਆਲਕੋਟ ਅੰਦਰ ਪੂਰਨ ਪੁੱਤ ਸਲਵਾਨ ਦੇ ਜਾਇਆ ਏ।*

*(ਸੀਹਰਫੀ ਕਾਦਰਯਾਰ)*

ਇਹ ਦੋ ਗੱਲਾਂ ਤੇ ਤੀਜੀ ਇਕ ਹੋਰ ਗੱਲ, ਅਸਾਡੇ ਦੇਸ਼ ਦੇ ਲੋਕ-ਸਾਹਿਤ ਅਤੇ ਗ੍ਰੰਥ-ਸਾਹਿਤ ਬਾਰੇ ਨਾ ਸਮਝਣ ਦੇ ਕਾਰਨ ਹੀ, ਅਨੇਕ ਲੋਕਾਂ ਵਿਚ ਅਤੇ ਸ੍ਰਦਾਰ ਰਾਮਪ੍ਰਕਾਸ਼ ਸਿੰਘ ਜੀ ਜਿਹੇ ਵਿਦਵਾਨਾਂ ਵਿਚ ਭੀ ਇਹ ਹਾਨੀਕਾਰਕ ਭੁਲੇਖਾ ਪ੍ਰਚਲਤ ਹੋ ਗਿਆ ਹੈ, ਕਿ ਦਸਮ-ਗ੍ਰੰਥ ਦੇ 'ਤ੍ਰਿਯਾ ਚਰਿਤ੍ਰ' ਵਿਚ ਬਿਆਨੀ ਹੋਈ 'ਰੂਪਕੋਇਰ' ਦੀ ਕਹਾਣੀ, ਗੁਰੂ ਗੋਬਿੰਦ ਸਿੰਘ, 'ਤ੍ਰਿਯਾ ਚਰਿਤ੍ਰ' ਦੇ ਕਰਤਾ ਦੀ, ਸ੍ਵੈ-ਜੀਵਨੀ ਤੇ ਇਤਿਹਾਸ ਦਾ ਭਾਗ ਹੈ। ਇਹ ਤੀਜਾ ਕਾਰਨ, ਅੱਗੇ ਚੱਲ ਕੇ, ਰੂਪ ਕੌਰ ਦੀ ਕਹਾਣੀ ਦੀ ਚੀਰ ਫਾੜ ਕਰਨ ਵੇਲੇ ਦੱਸਾਂਗੇ।

ਕਹਾਣੀ ਇਉਂ ਚਲਦੀ ਹੈ ਕਿ ਜਿਸ ਵੇਲੇ ਚਿਤ੍ਰ ਸਿੰਘ ਦਾ ਮੰਤ੍ਰੀ ਉਸ ਨੂੰ ਵੀਹ ਤ੍ਰਿਯਾ ਚਰਿਤ੍ਰ ਸੁਣਾ ਚੁੱਕਿਆ ਤਾ ;

*ਰੀਝ ਰਾਇ ਐਸੇ ਕਹਿਯੋ ਬਚਨ ਮੰਤ੍ਰਿਯਨ ਸੰਗ ॥*

*ਪੁਰਖ ਤ੍ਰਿਯਨ ਚਤੁਰਨ ਚਰਿਤ ਮੋ ਸੋ ਕਹਹੁ ਪ੍ਰਸੰਗ ॥2 ॥*

ਰਾਜਾ ਕਹਿਣ ਲੱਗਾ ਕਿ ਹੁਣ ਕੋਈ ਐਸੀ ਕਹਾਣੀ ਸੁਣਾਉ, ਜਿਸ ਵਿਚ ਪੁਰਸ਼ ਨੇ ਇਸਤ੍ਰੀ ਨਾਲ ਚਰਿਤ੍ਰ ਖੇਡਿਆ ਹੋਵੇ।

ਤਦ ਮੰਤ੍ਰੀ 21ਵੀਂ ਕਹਾਣੀ ਤ੍ਰਿਯਾ ਚਰਿਤ੍ਰ ਦੀ ਸੁਣਾ ਕੇ, ਉਸ ਕਹਾਣੀ ਦਾ ਅੰਤ 23ਵੀਂ ਕਹਾਣੀ ਤੇ ਕਰਦਾ ਹੈ, ਜਿਸ ਵਿਚ ਕਿ ਪੁਰਖ ਚਲਾਕੀ ਨਾਲ ਇਸਤ੍ਰੀ ਨੂੰ ਮਾਤ ਦੇ ਦਿੰਦਾ ਹੈ ਅਤੇ ਇਹ 23ਵੀਂ ਕਹਾਣੀ, 'ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰ ਮੰਤ੍ਰੀ ਭੂਪ ਸੰਬਾਦੇ.....'

ਇਹ 21ਵੀਂ, 22ਵੀਂ ਤੇ 23ਵੀਂ ਕਹਾਣੀ ਹੀ 'ਰੂਪ ਕੋਅਰ' ਦਾ ਕਿੱਸਾ ਹੈ, ਜਿਸ ਨੂੰ ਸ਼ਰਧਾ ਪੂਰਤ ਪਰ ਸਾਹਿਤ ਰਚਨਾ ਦੇ ਰੂਪਾਂਤ੍ਰਾਂ ਤੋਂ ਅਣਜਾਣ ਸਿੱਖ, ਗੁਰੂ ਗੋਬਿੰਦ ਸਿੰਘ, ਕਰਤਾ 'ਤ੍ਰਿਯਾ ਚਰਿਤ੍ਰ' ਦੀ, ਸ੍ਵੈ-ਜੀਵਨੀ ਇਤਿਹਾਸ ਸਮਝ ਲੈਂਦੇ ਹਨ, ਅਤੇ ਪੁਸਤਕ ਕਰਤਾ ਜੋ ਮੁੜ ਮੁੜ 'ਚਰਿਤ੍ਰ ਪਖਯਾਨੇ' 'ਭੂਪ ਮੰਤ੍ਰੀ ਸੰਬਾਦੇ' ਦਾ ਹੋਕਾ ਦੇਈ ਜਾਂਦਾ ਹੈ, ਉਸ ਨੂੰ ਅਣਡਿੱਠ ਕਰੀ ਜਾਂਦੇ ਹਨ।

ਇਹ ਤਿੰਨੇ ਕਹਾਣੀਆਂ, ਜੇ ਗੁਰੂ ਗੋਬਿੰਦ ਸਿੰਘ ਜੀ ਨੂੰ ਇਨ੍ਹਾਂ ਦਾ ਇਤਿਹਾਸਕ ਪਾਤ੍ਰ ਮੰਨੀਏ ਤਾਂ ਸਪਸ਼ਟ ਅਜਿਹੀਆ ਹਨ, ਜਿਨ੍ਹਾਂ ਤੋਂ ਗੁਰੂ ਗੋਬਿੰਦ ਸਿੰਘ ਜੀ ਦੀ ਭਰਪੂਰ ਨਿਰਾਦਰੀ ਹੁੰਦੀ ਹੈ, ਅਤੇ ਉਨ੍ਹਾਂ ਦਾ ਚਰਿਤ੍ਰ ਜੋ ਇਨ੍ਹਾਂ ਕਹਾਣੀਆਂ ਨੂੰ ਇਤਿਹਾਸਕ ਘਟਨਾ ਮੰਨਣ ਕਰਕੇ ਉਘੜਦਾ ਹੈ, ਉਹ ਕੋਈ ਉਤੇਜਨ-ਜਨਕ (Inspiring) ਨਹੀਂ ਅਤੇ ਨਾ ਹੀ ਉਹ ਗੁਰੂ ਮਹਾਰਾਜ ਦੇ ਪ੍ਰਮਾਣੀਕ ਜੀਵਨ ਚਰਿਤ੍ਰ ਨਾਲ ਮੇਲ ਖਾਂਦਾ ਹੈ।

ਫੇਰ, ਕਿਉਂ ਕਈ ਸਿੱਖ, ਇਨ੍ਹਾਂ ਤਿੰਨਾਂ ਕਹਾਣੀਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਵਾਸਤਵਿਕ ਇਤਿਹਾਸ ਮੰਨਦੇ ਹਨ ਅਤੇ ਕਿਉਂ ਪ੍ਰੋਫੈਸਰ ਰਾਮ ਪ੍ਰਕਾਸ਼ ਸਿੰਘ ਜੀ ਜਿਹੇ ਵਿਦਵਾਨ ਭੀ ਇਸੇ ਹਾਨੀਕਾਰਕ ਭੁਲੇਖੇ ਵਿਚ ਫਸੇ ਪਏ ਹੋਏ ਹਨ ?

ਇਸ ਦੇ ਦੋਂਹ ਕਾਰਨਾਂ ਬਾਬਤ ਉਤੇ ਕਹਿ ਆਏ ਹਾਂ, (1.) ਤ੍ਰਿਯਾ ਚਰਿਤ੍ਰ ਲੌਕਿਕ ਸਾਹਿਤ ਹੈ, ਗੁਰਬਾਣੀ ਅਥਵਾ ਗੁਰਵਾਕ, ਜਿਵੇਂ ਕਿ ਬਚਿਤ੍ਰ ਨਾਟਕ ਹੈ, ਇਹ ਨਹੀਂ ਹੈ। ਇਹ ਲੌਕਿਕ ਗ੍ਰੰਥ (Secular fiction) ਇਕ ਬੜੇ ਮਹਾਨ ਇਤਿਹਾਸਕ ਤੇ ਸਾਹਿਤਕ ਪਿਛੋਕੜ ਦੀ ਹਾਮਲ ਹੈ ਅਤੇ ਇਸ ਲਈ ਇਹ ਨਿਜਕ੍ਰਿਤ (Self-Composed) ਤਾਂ ਹੈ, ਪਰ ਸ੍ਵੈ-ਕ੍ਰਿਤ (Original

writing) ਨਹੀਂ ਹੈ। ਇਸ ਦੀਆਂ ਕਹਾਣੀਆਂ ਤੇ ਕਥਾ ਵਸਤੂ ਅਸਾਡੇ ਦੇਸ਼ ਦੇ ਹਜ਼ਾਰਾਂ ਵਰ੍ਹੇ ਪੁਰਾਣੇ ਲੋਕ ਸਾਹਿਤ, ਲੋਕ ਵਾਰਤਾ ਅਤੇ ਗ੍ਰੰਥ ਸਾਹਿਤ ਵਿਚੋਂ ਮੰਗਵਾ ਲਿਆ ਗਿਆ ਹੈ। (2.) ਤ੍ਰਿਯਾ ਚਰਿਤ੍ਰ ਦੀ ਰਚਨਾ ਸ਼ੈਲੀ (Literary form) ਭੀ ਇਵੇਂ ਹੀ ਪ੍ਰਾਚੀਨ ਤੇ ਮਾਂਗਵੀਂ ਹੈ, ਜਿਵੇਂ ਕਿ ਇਸ ਦੀ ਕਥਾ-ਵਸਤੂ। ਇਨ੍ਹਾਂ ਦੋਹਾਂ ਗੱਲਾਂ ਨਾਲ ਭਲੀ ਭਾਂਤੀ ਵਾਕਫ਼ੀ ਪਰਿਚੈ ਨਾ ਹੋਣਾ ਹੀ ਕਾਰਨ ਇਸ ਭੁਲੇਖੇ ਦਾ ਹੈ, ਕਿ 'ਗੁਰੂ ਕ੍ਰਿਤ' ਰਚਨਾ, ਅਵੱਸ਼ ਗੁਰਬਾਣੀ ਯਾ ਗੁਰਵਾਕ ਹੀ ਹੋ ਸਕਦਾ ਹੈ, ਲੌਕਿਕ ਸਾਹਿਤ (Secular fiction) ਨਹੀਂ।

ਇਕ ਹੋਰ ਤੀਜੇ ਕਾਰਨ ਨੇ, ਜਿਸ ਦਾ ਕਿ ਸਬੰਧ ਭੀ ਸਾਹਿਤ ਕਲਾ ਭੇਦਾਂ (Literary technique) ਨਾਲ ਹੈ, ਇਸ ਭੁਲੇਖੇ ਨੂੰ ਪ੍ਰਪੱਕ ਕੀਤਾ ਹੈ, ਉਹ ਹੈ ਸਾਹਿਤ ਲਿਖਾਰੀ ਦਾ ਆਪਣੀ ਰਚਨਾ ਵਿਚ ਸਥਾਨਕ ਰੰਗ ਭਰਨ ਦਾ ਗੁਣ। ਹਰ ਪ੍ਰਕਾਰ ਦੇ ਕੋਮਲ ਹੁਨਰਾਂ ਦਾ ਅੰਤਿਮ ਨਿਸ਼ਾਨਾ ਇਹੋ ਹੁੰਦਾ ਹੇ ਕਿ ਕੋਮਲ ਰਚਨਾ (Artistic creation) ਦੁਆਰਾ ਅਜਿਹਾ ਰੂਪ ਵਿਦਵਾਨ ਕੀਤਾ ਜਾਵੇ, ਜਿਸ ਨਾਲ ਦਰਸ਼ਕ ਨੂੰ ਸਰਵਤ੍ਰ ਸਤਯ ਦਾ ਭੁਲੇਖਾ ਪਵੇ। ਮਨੋਕਲਪਤ ਵਾਸਤਵ-ਨਿਰਾਧਾਰ ਦ੍ਰਿਸ਼ ਰੂਪ ਨਹੀਂ। ਜਿਸ ਹੱਦ ਤੱਕ ਕਲਾਕਾਰ ਇਹ ਇੰਦ੍ਰਜਾਲ ਰਚਨ ਵਿਚ ਸਫ਼ਲ ਹੁੰਦਾ ਹੈ, ਉਸ ਹੱਦ ਤੱਕ ਉਸਦੀ ਕਲਾ ਤੇ ਕ੍ਰਿਤ ਕਾਮਯਾਬੀ ਕਹੀ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ, ਜਿਥੇ ਗੁਰੂ ਅਵਤਾਰ, ਜਨਮ ਤੋਂ ਸਰਵਸਿਧਿ ਦੇ ਧਾਰਣੀ, ਮੁਕੰਦ ਤੇ ਮੁਕਤੀ ਪੱਥ ਦਰਸ਼ਕ ਜਯੋਤੀ ਤੇ ਗੁਰਬਾਣੀ ਦੇ ਪੈਗੰਬਰ ਸਨ, ਉਥੇ ਇਕ ਮਹਾਨ ਕਲਾਕਾਰ ਤੇ ਧੁਰੰਧਰ ਵਿਦਵਾਨ ਭੀ ਸਨ। ਉਹ ਜਾਣਦੇ ਸਨ ਕਿ ਮਾਯਾ ਚਰਿਤ੍ਰ ਤੇ ਰੂਪ ਨਿਰਮਿਤ ਕਰਨਾ, ਜਿਨ੍ਹਾਂ ਤੋਂ ਕਿ ਵਾਸਤਵਿਕ ਸਤਯ ਦਾ ਅਟੁੱਟ ਭੁਲੇਖਾ ਪਵੇ, ਇਹੋ ਉਚੀ ਕਲਾ ਦਾ ਆਸ਼ਾ ਹੈ। ਤਾਹੀਉਂ ਤਾਂ ਗੁਰੂ ਨੇ ਕਲਾਕਾਰ ਦੀ ਪ੍ਰਤਿਭਾ ਬਾਰੇ ਕਿਹਾ ਹੈ ਕਿ 'ਤੁਹੀ ਜੋਗ ਮਾਯਾ ਤੁਹੀ ਬਾਕ ਬਾਨੀ'। ਇਸ ਆਸ਼ਾ ਪੂਰਤੀ ਲਈ ਕਲਾਕਾਰ ਆਪਣੀ ਰਚਨਾ ਵਿਚ ਸਥਾਨਕ ਤੇ ਇਤਿਹਾਸਕ ਰੰਗ ਭਰਦੇ ਹਨ, ਤਾਂ ਜੋ ਉਨ੍ਹਾਂ ਦੀ ਰਚਨਾ ਆਪਣੇ ਅੰਤਿਮ ਆਸ਼ੇ ਵਿਚ ਸਫ਼ਲ ਹੋਵੇ। ਪਿਛੇ ਜੋ ਕਾਦਰਯਾਰ ਦੀ

ਸੀਹਰਫ਼ੀ ਦੀ ਤੁਕ ਦਿੱਤੀ ਹੇ, "ਅਲਫ ਆਖ ਸਾਖੀ ਸਿਆਲਕੋਟ ਅੰਦਰ ਪੂਰਨ ਪੁੱਤ ਸਲਵਾਨ ਦੇ ਜਾਇਆ ਏ'। ਇਸ ਵਿਚ 'ਸਿਆਲਕੋਟ' 'ਪੂਰਨ' ਤੇ 'ਸ਼ਾਲਵਾਹਨ' ਸਥਾਨਕ, ਵਾਸਤਵਿਕ ਤੇ ਇਤਿਹਾਸਕ ਰੰਗ ਕਵੀ ਨੇ ਭਰੇ ਹਨ। 'ਸਿਆਲਕੋਟ' ਪੰਜਾਬ ਦਾ ਪ੍ਰਸਿੱਧ ਨਗਰ ਹੈ ਤੇ ਕਾਦਰਯਾਰ ਦੀ 'ਸੀਹਰਫ਼ੀ' ਪੰਜਾਬੀ ਵਿਚ ਪੰਜਾਬੀਆਂ ਲਈ ਲਿਖੀ ਗਈ। ਇਸ ਤਰ੍ਹਾਂ ਮਾਤ-ਪੁੱਤ੍ਰ ਵਿਭਚਾਰ ਦੀ ਇਸ ਵਿਸ਼ਵ ਪ੍ਰਚਲਤ ਪ੍ਰਾਚੀਨ ਕਹਾਣੀ ਦੇ ਭਾਰਤੀ ਰੂਪਾਂਤ੍ਰ ਨੂੰ ਸਥਾਨਕ ਪਿਛੋਕੜ ਕਵੀ ਨੇ ਦਿੱਤਾ ਹੈ।'ਪੂਰਨ' ਨਾਮ ਵਾਸਤਵਿਕ ਰੰਗ ਹੈ, ਕਿਉਂਕਿ ਇਹ ਇਕ ਆਮ ਪੰਜਾਬੀ ਨਾਮ ਹੈ, ਅਤੇ 'ਸ਼ਾਲਵਾਹਨ' ਰਾਜਾ ਭਾਰਤੀ ਇਤਿਹਾਸ ਵਿਚ ਹੋਇਆ ਤਾਂ ਹੈ, ਪਰ 'ਸਿਆਲਕੋਟ' ਉਸਦੀ ਰਾਜਧਾਨੀ ਨਹੀਂ ਸੀ, ਅਤੇ ਨਾ ਉਸਦਾ ਨਿਵਾਸ ਅਸਥਾਨ। ਐਵੇਂ ਰਾਜ ਪ੍ਰਬੰਧ ਕੇਂਦਰ ਸੀ, ਜਿਵੇਂ ਪਿਸ਼ੌਰ ਮਹਾਰਾਜਾ ਰਣਜੀਤ ਸਿੰਘ ਦਾ ਸੀ, ਪਰ ਕਾਦਰਯਾਰ ਦਾ ਮੰਤਵ ਕੇਵਲ ਇਸ ਜਗਤ ਪ੍ਰਸਿੱਧ ਤੇ ਵਿਸ਼ਵ ਪ੍ਰਚਲਤ ਕਿੱਸੇ ਨੂੰ ਇਤਿਹਾਸਕ ਰੰਗ ਦੇਣਾ ਸੀ, ਤਾਂ ਜੋ ਉਸ ਦੀ ਕਾਵਿ-ਰਚਨਾ ਦਾ ਮਾਯਾ ਜਾਲ ਅਸਲੀ ਹੋ ਭਾਸੇ, ਜੋ ਕਿ ਹਰ ਕਲਾ ਦਾ ਮੁੱਖ ਮੰਤਵ ਹੁੰਦਾ ਹੈ। ਇਸ ਤੋਂ ਇਹ ਅਨੁਮਾਨਣਾ ਕਿ ਮਹਾਰਾਜਾ ਸ਼ਾਲਵਾਹਨ, ਜਿਸ ਤੋਂ ਕਿ ਅੱਜ ਤੋਂ 1880 ਵਰ੍ਹੇ ਪਹਿਲੋਂ ਸਾਕਾ ਸੰਮਤ ਆਰੰਭ ਹੋਇਆ ਅਤੇ ਜਿਸਦੀ ਰਾਜਧਾਨੀ ਪ੍ਰਤਿਸ਼ਠਾਨ (ਦੱਖਣ) ਸੀ, ਉਹ ਸਿਆਲਕੋਟ ਰਹਿੰਦਾ ਸੀ ਤੇ ਲੂਣਾ ਚਮਿਆਰੀ ਵਿਆਹ ਲਿਆਇਆ ਸੀ, ਇਕ ਭਾਰੀ ਭੁੱਲ ਹੋਵੇਗੀ ਤੇ ਅਨੁਮਾਨਣ ਵਾਲੇ ਦੀ ਅਵਿਦਿਆ ਦਾ ਸਬੂਤ ਭੀ।

'ਤ੍ਰਿਯਾ ਚਰਿਤ੍ਰ' ਦੀ 21ਵੀਂ, 22ਵੀਂ ਤੇ 23ਵੀਂ ਸਾਖੀ ਵਿਚ, ਇਸ ਗ੍ਰੰਥ ਦੇ ਕਰਤਾ, ਗੁਰੂ ਗੋਬਿੰਦ ਸਿੰਘ ਜੀ ਨੇ ਸਥਾਨਕ ਤੇ ਵਾਸਤਵਿਕ ਰੰਗ, ਹੁਨਰ ਪੂਰਤੀ ਆਸ਼ੇ ਨੂੰ ਮੁੱਖ ਰੱਖ ਕੇ ਭਰਿਆ ਹੈ, ਉਸਤੋਂ ਹੀ ਅਣਜਾਣ ਆਦਮੀ ਭੁਲੇਖਾ ਖਾ ਕੇ ਇਉਂ ਅਨੁਮਾਣਦੇ ਹਨ, ਕਿ ਕਰਤਾ, ਆਪਣੇ ਜੀਵਨ ਦੀ ਇਤਿਹਾਸਕ ਘਟਨਾ ਬਿਆਨ ਕਰ ਰਿਹਾ ਹੈ। ਦਸਮ ਗੁਰੂ ਮਹਾਰਾਜ ਦੀ ਬਹੁਪੱਖੀ ਸ਼ਖਸੀਅਤ ਨੇ ਇਸ ਬੱਜਰ ਭੁਲੇਖੇ ਨੂੰ ਹੋਰ ਪ੍ਰਪੱਕ ਕੀਤਾ ਹੈ, ਜਿਸ ਕਾਰਨ ਕਿ ਸ਼ਰਧਾ-ਯੁਕਤ

ਸਿੱਖ ਇਉਂ ਸਮਝਦੇ ਹਨ, ਕਿ ਇਹ ਵਾਕ ਗੁਰੂ ਦੇ ਹਨ, ਅਤੇ ਇਸ ਲਈ ਹਰ ਪਹਿਲੂ ਤੋਂ ਤਿੰਨ ਕਾਲ ਸਤਯ ਹਨ।

ਇਹ ਹੈ ਤੀਜਾ ਕਾਰਨ, ਪ੍ਰੋਫੈਸਰ ਰਾਮ ਪ੍ਰਕਾਸ਼ ਸਿੰਘ ਜੀ ਵਰਗੇ ਵਿਦਵਾਨਾਂ ਦਾ ਇਸ ਭੁਲੇਖੇ ਵਿਚ ਫਸ ਜਾਣ ਦਾ, ਕਿ ਰੂਪ ਕੌਰ ਦੀ ਕਹਾਣੀ, ਇਸ ਦੇ ਕਰਤਾ ਦੀ ਇਤਿਹਾਸਕ ਘਟਨਾ ਹੈ, ਮਨੋਕਲਪਿਤ ਵਾਰਤਾ ਨਹੀਂ। ਉਹ ਸਾਹਿਤ ਕਲਾ ਭੇਦ (Literary technique) ਨੂੰ ਯਥਾਰਥ ਵਰਨਣ ਸਮਝਣ ਦੀ ਭੁੱਲ ਕਰਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਾਹਿਤ ਕਲਾ ਦੇ ਭੇਦ ਨੂੰ ਇਨ੍ਹਾਂ ਤਿੰਨਾਂ ਚਤ੍ਰਿਰਾਂ, 21, 22 ਤੇ 23 ਵਿਚ, ਐਸੀ ਚਤੁਰਤਾ ਨਾਲ ਵਰਤਿਆ ਹੈ, ਕਿ ਸਾਧਾਰਣ ਪੁਰਸ਼ ਦਾ ਭੁਲੇਖਾ ਖਾ ਜਾਣਾ ਅਚੰਭੇ ਦੀ ਗੱਲ ਨਹੀਂ ਭਾਸਦੀ। ਤਾਂਹੀ ਤਾਂ ਗੁਰੂ ਜੀ ਨੇ ਆਪ ਇਸ ਰਚਨਾ ਬਾਰੇ ਕਿਹਾ ਹੈ ਕਿ 'ਸੁਨੈ ਮੂੜ ਚਿੱਤ ਲਾਇ ਚਤੁਰਤਾ ਆਵਈ'। ਭਾਵ ਇਹ ਕਿ ਤ੍ਰਿਯਾ ਚਰਿਤ੍ਰ ਦੀ ਕਥਾ ਵਸਤੂ ਨੂੰ ਬੜੇ ਗੌਹ ਨਾਲ, 'ਚਿੱਤ ਲਾਇ', ਵਿਚਾਰੋ ਤਾਂ ਭੇਦ ਖੁੱਲ੍ਹਣਗੇ, ਜਿਸ ਨਾਲ ਪਾਠਕ ਦੀ ਬੁੱਧੀ ਦੀ ਤੀਕਸ਼ਣਤਾ ਵਿਚ ਵਾਧਾ ਹੋਵੇਗਾ।

*ਤੀਰ ਸਤੁੱਦਵ ਕੇ ਹੁਤੋ ਪੁਰ ਆਨੰਦ ਇਕ ਗਾਂਉ ॥*

*ਨੇਤ੍ਰ ਤੁੰਗ ਕੇ ਢਿਗ ਬਸਤ ਕਾਹਲੂਰ ਕੇ ਠਾਵ੍ਹ ॥3 ॥*

ਇਹ, ਸਤਲੁਜ ਦੇ ਕੰਢੇ ਨੈਣਾਂ ਦੇਵੀ ਦੇ ਟਿੱਲੇ ਕੋਲ, ਕਾਹਲੂਰ ਰਾਜ ਵਿਚ, ਆਨੰਦਪੁਰ ਨਾਮੀ ਪਿੰਡ ਉਹੋ ਹੈ, ਜੋ ਭੰਗਾਣੀ ਦੇ ਯੁੱਧ ਉਪ੍ਰਾਂਤ ਦਸਮ ਪਾਤਸ਼ਾਹ ਨੇ ਆਣ ਵਸਾਇਆ ਸੀ।

*ਕਾਹਲੂਰ ਮੈ ਬਾਂਧਿਯੋ ਆਨ ਅਨੰਦਪੁਰ ਗਾਂਵ ॥(ਪ. 62)*

ਹੁਣ ਅਜਿਹੇ ਮਹਾਨ ਤੇ ਪ੍ਰਸਿੱਧ ਨਗਰ ਵਿਚ ਵਾਪਰੀ ਘਟਨਾ, 'ਤ੍ਰਿਯਾ ਚਰਿਤ੍ਰ' ਦਾ ਕਰਤਾ, ਵਰਨਣ ਕਰਨ ਲੱਗਾ ਹੈ, ਤਾਂ ਕਿਹੜਾ ਸ੍ਰੋਤਾ ਹੈ ਜੋ ਆਪਣੀਆਂ ਬਿਰਤੀਆਂ ਇਕਾਗਰ ਕਰਕੇ, ਹਿੱਤ ਚਿੱਤ ਲਾ ਕੇ ਨਾ ਸੁਣੇਗਾ ? ਬੱਸ ਇਹੋ ਨਿਸ਼ਾਨਾ ਸੀ, ਕਰਤਾ ਦਾ, ਪਾਠਕਾਂ ਸਰੋਤਿਆਂ ਦਾ ਧਿਆਨ ਇਕਾਗਰ ਕਰ

ਲੈਣ ਦਾ ਤੇ ਇਸ ਵਿਚ ਉਹ ਸਫ਼ਲ ਹੋਇਆ ਹੈ। ਹੋਰ, ਇਸ ਤੋਂ ਅੱਗੇ ਕਹੀ ਜਾਣ ਵਾਲੀ ਕਹਾਣੀ ਦਾ ਆਨੰਦਪੁਰ, ਖਾਲਸੇ ਦੀ ਜਨਮ ਭੂਮੀ ਦੀ ਤਾਰੀਖ ਨਾਲ, ਕੋਈ ਸਿੱਧਾ ਜਾਂ ਅਸਿੱਧਾ ਸਬੰਧ ਨਹੀਂ ਹੈ।

*ਏਕ ਤ੍ਰਿਯਾ ਧਨਵੰਤ ਕੀ ਤੌਨ ਨਗਰ ਮੈ ਆਨਿ ॥*

*ਹੇਰਿ ਰਾਇ ਪੀੜਤ ਭਈ ਬਧੀ ਬਿਰਹਾ ਕੇ ਬਾਨ ॥5 ॥*

ਕਿਸੇ ਅਮੀਰ ਆਦਮੀ ਦੀ ਵਹੁਟੀ, ਜਿਸ ਦੇ ਪਤੀ ਨੂੰ ਕਿ ਦਫ਼ਤਰ ਵਾਲਿਆਂ ਨੇ ਛੁੱਟੀ ਨਹੀਂ ਦਿੱਤੀ ਹੋਵੇਗੀ, ਆਨੰਦਪੁਰ ਆਈ ਤੇ ਉਥੋਂ ਦੇ 'ਰਾਇ' ਨੂੰ ਦੇਖਦੇ ਸਾਰ ਮੋਹਿਤ ਤੇ ਬ੍ਰਿਹਾ ਵਿਚ ਬਿਹਬਲ ਹੋ ਗਈ। ਆਪਣੇ ਨੌਕਰਾਂ ਨੂੰ ਕਹਿਣ ਲੱਗੀ, ਜਿਵੇਂ ਕਿਵੇਂ ਹੋਵੇ, ਇਸ ਰਾਜੇ ਨੂੰ ਮੇਰੇ ਘਰ ਲੈ ਆਉ, 'ਨਗਰ ਰਾਇ ਤੁਮਰੋ ਬਸਤ ਤਾਹਿ ਮਿਲਾਵਹੁ ਮੋਹਿ'॥ ਉਸ ਤੀਵੀਂ, ਜਿਸਦਾ ਨਾਮ ਕਿ ਰੂਪ ਕੌਰ ਸੀ, ਯਾ ਜੋ ਸ਼ਹਿਜ਼ਾਦੀਆਂ ਵਰਗੀ ਰੂਪਵਤੀ ਸੀ, ਦੇ ਨੌਕਰ ਰਾਜੇ ਨੂੰ ਕਹਿਣ ਲੱਗੇ, ਜੇ ਤੂੰ ਮੰਤ੍ਰ ਸਿੱਖਣਾ ਚਾਹੁੰਦਾ ਹੈ, ਜਿਸ ਦੀ ਕਿ ਤੂੰ ਢੂੰਡ ਵਿਚ ਹੈਂ, ਤਾਂ ਜਿਵੇਂ ਅਸੀਂ ਕਹੀਏ ਤੇ ਜਿਥੇ ਕਹੀਏ, ਉਥੇ ਚੱਲ। ਜਿਸ ਗੁਰੂ ਘਰ ਦੀ ਸਿੱਖਿਆ ਹੈ, ਕਿ

*ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮ ਰਿਦੈ ਮਨ ਮਾਨਿਆ ॥ (ਪੰ. 766)*

ਉਹ ਗੁਰੂ ਇਹ "ਰਾਇ" ਕਿਵੇਂ ਹੋ ਸਕਦਾਹੈ? ਸਿਦਕਵਾਨ ਸਿੱਖ ਇਉਂ ਵਿਚਾਰਨ।

ਖ਼ੈਰ, 'ਰਾਇ' ਸਾਹਿਬ ਸਾਧੂ ਦਾ ਭੇਖ ਬਣਾ ਕੇ ਰਾਤ੍ਰੀ ਦੇ ਸਮੇਂ ਰੂਪ ਕੌਰ ਦੇ ਡੇਰੇ 'ਤੇ ਪੁੱਜ ਗਏ, ਤਾਂ ਇਸ ਨੇ ਮਨ ਦੀ ਮੁਰਾਦ ਪੂਰੀ ਹੋਈ ਜਾਣ, ਵਸਤ੍ਰ ਭੂਖਣ ਸਜਾ ਲਏ ਅਤੇ 'ਰਾਇ' ਸਾਹਿਬ ਵਾਸਤੇ :

*ਫੂਲ ਪਾਨ ਅਰੁ ਕੈਫ ਮੰਗਾਯੋ ॥.....ਆਗੇ ਟਰਿ ਤਾ ਕੋ ਤਿਨ ਲੀਨਾ ॥ (....11)*

ਪਾਨ ਬਾਬਤ ਦਸਮ ਗੁਰੂ ਦਾ ਰਹਿਤਨਾਮਿਆਂ ਦੁਆਰਾ ਹੁਕਮ ਹੈ ਕਿ, "ਸਿੱਖ ਹੋਇ ਕਰ ਪਾਨ ਖਾਇ ਸੋ ਭੀ ਤਨਖਾਹੀਆ", ਪਰ ਇਸ ਕਹਾਣੀ ਦੇ ਪਾਤ੍ਰ

ਨੇ ਅਗਾਂਹ ਵਧ ਕੇ 'ਆਗੇ ਟਰਿ' ਪਾਨ ਤੇ ਅਫ਼ੀਮ ਮਿਲੀ ਸ਼ਰਾਬ ਫੜ ਕੇ ਛੱਕ ਲਈ।

ਕੈਫ ਛਕਿਆ ਹੋਇਆ ਹੋਵੇ, ਪਾਨ ਦਾ ਬੀੜਾ ਮੂੰਹ ਵਿਚ ਹੋਵੇ ਤਾਂ ਮੰਚ ਪੁਸ਼ਪ ਸ਼ਸ਼ੋਭਿਤ ਹੋਵੇ ਤਾਂ 'ਤ੍ਰਿਯਾ' ਇਉਂ ਨਾ ਕਹਿੰਦੀ ਤਾਂ ਹੋਰ ਕੀ ਕਰਦੀ?

*ਤਬ ਤਾ ਸੋ ਤ੍ਰਿਯ ਯੋ ਕਹੀ ਭੋਗ ਕਰਹੁ ਮੋਹਿ ਸਾਥ ॥ ( .....13 ॥)*

'ਰਾਇ' ਸਾਹਿਬ ਐਵੇਂ ਹੈਰਾਨ ਹੁੰਦੇ ਪਏ ਹਨ ਕਿ

*ਮੰਤ੍ਰ ਲੈਨ ਆਯੋ ਹੁਤੋ ਭਈ ਔਰ ਕੀ ਔਰ ॥14 ॥*

ਹੁਣ ਅੱਗੇ 'ਰਾਇ' ਸਾਹਿਬ ਤੇ ਰੂਪ ਕੌਰ ਵਿਚਕਾਰ ਜੋਗੀ ਤੇ ਸਹਿਤੀ ਦੇ ਸੁਆਲ ਜੁਆਬ ਸ਼ੁਰੂ ਹੁੰਦੇ ਹਨ।

*ਸੁਆਲ : ਕਹਯੋ ਤੁਹਾਰੋ ਮਾਨਿ ਭੋਗ ਤੋ ਸੋ ਨਹਿ ਕਰਿਹੋ ।.....*

*ਧਰਮਰਾਜ ਕੀ ਸਭਾ ਠੌਰ ਕੈਸੇ ਕਰਿ ਪਾਊਂ ?॥17 ॥*

*ਜੁਆਬ : ਕਾਮਾਤੁਰ ਹ੍ਵੈ ਜੋ ਤ੍ਰਿਯਾ ਆਵਤ ਨਰ ਕੇ ਪਾਸ ॥*

*ਮਹਾ ਨਰਕ ਸੋ ਡਾਰਿਯੈ ਦੈ ਜੋ ਜਾਨ ਨਿਰਾਸ ॥18 ॥*

*ਸੁਆਲ : ਪਾਂਇ ਪਰਤ ਮੋਰੇ ਸਦਾ ਪੂਜ ਕਹਿਤ ਹੈ ਮੋਹਿ ॥*

*ਤਾ ਸੋ ਰੀਝ ਰਮਯੋ ਚਹਤ ਲਾਜ ਨ ਆਵਤ ਤੋਹਿ ?॥19 ॥*

*ਜੁਆਬ : ਕ੍ਰਿਸਨ ਪੂਜ ਜਗ ਕੇ ਭਏ ਕੀਨੀ ਰਾਸਿ ਬਨਾਇ ॥*

*ਭੋਗ ਰਾਧਕਾ ਸੋ ਕਰੇ ਪਰੇ ਨਰਕ ਨਹਿ ਜਾਇ ॥20 ॥*

ਗੱਲ ਕੀ, 'ਤ੍ਰਿਯਾ' ਰੂਪੀ ਸਹਿਤੀ ਨੇ 'ਰਾਇ' ਰੂਪੀ ਜੋਗੀ ਰਾਂਝੇ ਨੇ ਨਿਰੁਤ੍ਰ ਕਰ ਦਿੱਤਾ, ਇਉਂ ਕਹਿ ਕੇ :

*ਪੰਚ ਤੱਤ ਲੈ ਬ੍ਰਹਮ ਕਰ ਕੀਨੀ ਨਰ ਕੀ ਦੇਹ ॥*

*ਕੀਯਾ ਆਪ ਹੀ ਤਿਨ ਬਿਖੈ ਇਸਤ੍ਰੀ ਪੁਰਖ ਸਨੇਹ ॥2 ॥*

ਕਾਤਹਉਬਲੁਰਹਾਨ, ਸ਼ੰਕਾਸਮਾਧਾਨਕ ਸਤਿਗੁਰੂ ਗੋਬਿੰਦ ਸਿੰਘ ਜਿਨ੍ਹਾਂ ਉਤੇ ਉਕਤੀ ਯੁਕਤੀ ਸੰਬਾਦ ਦੁਆਰਾ ਵਿਜੈ ਪ੍ਰਾਪਤ ਕਰਨ ਦੀ ਸ਼ਕਤੀ ਮ੍ਰਿਤੂ

ਲੋਕ, ਦੇਵ ਲੋਕ ਤੇ ਪਾਤਾਲ ਲੋਕ ਵਿਚ, ਕਿਸੇ ਜੀਵ ਨੂੰ ਨਹੀਂ ਸੀ, ਜਿਨ੍ਹਾਂ ਦੀ ਦੁਪਹਿਰ ਦੇ ਸੂਰਜਵਤ ਤੇਜਮਈ ਕ੍ਰਾਂਤੀ ਵੱਲ ਕੋਈ ਝਾਕ ਨਹੀਂ ਸਕਦਾ, 'ਦੁਰਨਰਿੱਛ ਦਰਸ਼ਨ ਸਤਿਗੁਰ ਕੇ', ਇਹ ਉਪਰੋਕਤ ਫੋਕੀਆਂ ਗੱਲਾਂ ਰੂਪ ਕੌਰ ਉਨ੍ਹਾਂ ਨਾਲ ਕਰ ਰਹੀ ਸੀ ?, ਬੁੱਧੀਵਾਨਾਂ ਨੂੰ ਇਉਂ ਵਿਚਾਰ ਕਰਨਾ ਯੋਗ ਹੈ।

'ਰਾਇ' ਸਾਹਿਤ ਨੂੰ ਜੱਕੋ ਤੱਕਿਆਂ ਵਿਚ ਦੇਖ ਕੇ 'ਰੂਪ ਕੌਰ' ਨੇ ਇਕ ਹੋਰ ਤੀਰ ਛੱਡਿਆ:

*ਆਜੁ ਹਮਾਰੇ ਸਾਥ ਮਿਤ੍ਰ ਰੁਚਿ ਸੌ ਰਤਿ ਕਰਿਯੈ ॥*

*ਹੋ ਨਾਤਰ ਛਾਡੌ ਟਾਂਗ ਤਰੇ ਅਬਿ ਹੋਇ ਨਿਕਰਯੈ ॥28 ॥*

ਨਹੀਂ ਤਾਂ ਮੇਰੇ ਨਾਲ ਭੋਗ ਕੋ, ਯਾ ਮੰਨ ਲਉ, ਕਿ ਤੁਸੀਂ ਨਾਮਰਦ ਹੋ ਤੇ ਮੇਰੀ ਟੰਗ ਹੇਠੋਂ ਨਿਕਲ ਜਾਉ। ਇਹ ਚੈਲੰਜ ਸੁਣ ਕੇ

**ਰਾਇ ਚਿੱਤ ਇਹ ਭਾਂਤਿ ਬਿਚਾਰੋ ॥ ਇਹਾਂ ਸਿੱਖ ਕੋਈ ਨ ਹਮਾਰੋ ॥....41 ॥....**

ਇਥੇ ਤਾਂ ਕੋਈ 'ਸਿੱਖਯ' ਨੇੜੇ ਨਹੀਂ ਜਿਹੜਾ ਮੈਨੂੰ ਬਚਾ ਲਵੇ, ਕੀ ਇਹ ਵਿਚਾਰ ਉਸ ਗੁਰੂ ਗੋਬਿੰਦ ਸਿੰਘ ਦੇ ਹਨ ? ਜਿਨ੍ਹਾਂ ਬਾਬਤ ਕਿਹਾ ਹੈ :

*ਜਾਹਿ ਸੰਗ੍ਰਾਮ ਬਾਰਤਾ ਹੋਇ, ਸ਼ਸਤ੍ਰ ਪ੍ਰਾਹਰਨ ਕਰਹਿ ਬਖਾਨ।*

*ਤਹ ਪ੍ਰਥਮ ਗਿਨਤੀ ਮਹਿ ਸਗਰੇ, ਕਲਗੀਧਰ ਕੋ ਗਿਨਹ ਮਹਾਨ।*

ਸਰਲ ਸੁਭਾਅ ਸ਼ਰਧਾਲੂ ਸਿੱਖ ਇਉਂ ਨਹੀਂ ਵਿਚਾਰਦੇ। 'ਸਿੱਖਯ' ਸ਼ਬਦ ਤੋਂ ਧੋਖਾ ਖਾਕੇ ਸਮਝਦੇ ਹਨ ਕਿ 'ਸਿੱਖ' ਤਾਂ ਗੁਰੂ ਦੇ ਹੀ ਹੁੰਦੇ ਹਨ। 'ਸਿੱਖਯ' ਸ਼ਬਦ ਇਥੇ, 'ਨੌਕਰ', 'ਮੁਲਾਜ਼ਮ' ਦੇ ਅਰਥਾਂ ਵਿਚ ਆਇਆ ਹੈ ਅਤੇ ਇਨ੍ਹਾਂ ਹੀ ਅਰਥਾਂ ਵਿਚ ਇਹ 'ਸਿੱਖਯ' ਸ਼ਬਦ ਅੱਗੇ ਜਾ ਕੇ ਭੀ ਵਰਤਿਆ ਹੋਇਆ ਹੈ, ਜਿਥੇ ਕਿਹਾ ਹੈ, ਕਿ ਰੂਪ ਕੌਰ ਨੇ 'ਚੋਰ ਚੋਰ' ਦਾ ਰੌਲਾ ਪਾ ਕੇ ਆਪਣੇ ਨੌਕਰ ਜਗ੍ਹਾ ਦਿੱਤੇ,

*ਚੋਰ ਚੋਰ ਕਹਿ ਕੈ ਉਠੀ ਸਿੱਖਯਨ ਦਿਯੋ ਜਗਾਇ ॥(....59)*

ਕਬਿਉਬਾਚ ਬੇਨਤੀ ਚੌਪਈ, ਜੋ ਕਿ 'ਤ੍ਰਿਯ ਚਰਿਤ੍ਰ' ਦਾ ਸਾਹਿਤਕ ਭਾਗ ਹੈ, ਵਿਚ ਭੀ 'ਸਿੱਖ' ਸ਼ਬਦ, ਨੌਕਰਾਂ ਚਾਕਰਾਂ ਦੇ ਅਰਥ ਵਿਚ ਹੀ, ਇਸੇ ਲੇਖਕ,

ਗੁਰੂ ਸਾਹਿਬ ਨੇ ਵਰਤਿਆ ਹੈ : 'ਸੁਖੀ ਬਸੈ ਮੋਰੋ ਪਰਿਵਾਰਾ॥ ਸੇਵਕ ਸਿੱਖ ਸਭੈ ਕਰਤਾਰਾ॥'

ਇਥੇ 'ਸਿੱਖ' ਦੇ ਅਰਥ ਸਿੱਖ ਮੱਤ ਦਾ ਧਾਰਨੀ ਨਹੀਂ ਹਨ, ਨੌਕਰ ਚਾਕਰ, ਨਾਲ ਰਹਿ ਕੇ ਸੇਵਾ ਵਾਲੇ ਹਨ। ਐਸੇ ਅਰਥਾ ਭੇਦਾਂ ਬਾਬਤ ਹੀ ਕਿਹਾ ਹੈ, ਕਿ :

*ਸੁਨੈ ਮੂੜ ਲਾਇ ਚਿਤ ਲਾਇ ਚਤੁਰਤਾ ਆਵਈ॥*

ਜੇ 'ਤ੍ਰਿਯਾ ਚਰਿਤ੍ਰ' ਵਰਗੇ ਗ੍ਰੰਥ-ਸਾਹਿਤ ਨੂੰ ਗੌਹ ਨਾਲ ਨਾ ਵੀਚਾਰੀਏ ਤਾਂ, ਚਤੁਰਤਾ ਦੀ ਥਾਂ ਬੁੱਧੀ ਤੇ ਮਨ ਵਿਚ ਗਿਲਾਨੀ ਆਉਂਦੀ ਹੈ।

'ਤ੍ਰਿਯਾ ਚਰਿਤ੍ਰ' ਦੇ ਕਰਤਾ ਨੇ ਇਥੇ 'ਸਿੱਖਯ' ਪਦ, ਬਹੁ ਭਾਵਾਰਥ ਵਾਚਕ, ਭੀ ਜਾਣ ਬੁੱਝ ਕੇ ਵਰਤਿਆ ਹੈ, ਤਾਂ ਜੁ ਇਹ ਕਹਾਣੀ ਆਰੰਭਣ ਵੇਲੇ, 'ਆਨੰਦਪੁਰ' ਦਾ ਜ਼ਿਕਰ ਕਰਕੇ, ਜਿਹੜਾ ਮਾਯਾਜਾਲ ਤਣਿਆ ਸੀ, ਉਸ ਨੂੰ ਕੁਝ ਸਹਾਰਾ ਮਿਲੇ। ਕਥਾ ਦੇ ਇਸ ਥਾਂ ਆ ਕੇ ਇਸ ਸਹਾਰੇ ਦੀ ਲੋੜ ਡਾਢੀ ਵਧ ਗਈ ਸੀ, ਕਿਉਂ ਜੁ ਸਰਲ ਤੋਂ ਸਰਲ ਸੁਭਾ ਪਾਠਕ, ਸ੍ਰੋਤਾ ਭੀ ਇਥੇ ਆ ਕੇ ਚੇਤੰਨ ਹੋ ਉਠਦਾ ਹੈ, ਕਿ ਇਹ ਜੰਤ੍ਰ ਮੰਤ੍ਰ ਲਈ ਭੇਸ ਬਦਲਣ ਵਾਲੀ ਹਸਤੀ, ਹੁੱਕੇ ਸ਼ਰਾਬਾਂ ਪੀਣ ਵਾਲਾ, ਅਵਾਰਾ ਤ੍ਰੀਮਤਾਂ ਦੇ ਪੰਜੇ ਵਿਚ ਫਸ ਜਾਣ ਵਾਲਾ 'ਰਾਇ' ਆਨੰਦਪੁਰਾਧੀਸ਼, ਗੁਰੂ ਨਹੀਂ ਹੋ ਸਕਦਾ। ਪਰ ਕਲਾ ਦੀ ਆਸ਼ਾ ਪੂਰਤੀ ਲਈ ਇਹ ਅਤਿ ਜ਼ਰੂਰੀ ਹੈ ਕਿ ਪਾਠਕ, ਸ੍ਰੋਤੇ ਕਾਵਿ ਕਲਾ ਦੇ ਮਾਯਾਜਾਲ ਦੀ ਨੀਂਦ੍ਰ ਤੋਂ ਅੰਤ ਤੱਕ ਜਾਗਰਤ ਨਾ ਹੋਣ, ਤਾਂ ਜੁ ਅੰਤ ਨੂੰ ਜਦੋਂ ਉਨ੍ਹਾਂ ਦੀ ਮਨ ਦੀ ਅੱਖ ਖੁੱਲ੍ਹੇ, ਤਾਂ ਕਲਾ ਦਾ ਅਸਰ ਹੋ ਚੁੱਕਾ ਹੋਵੇ, ਤੇ ਕਲਾਕਾਰ, ਜੋ ਭਾਵ ਚੇਤੰਨਤਾ ਤੇ ਮਾਨਸਿਕ ਪਰਿਵਰਤਨ ਪਾਠਕਾਂ ਅੰਦਰ ਉਪਜਾਣਾ ਚਾਹੁੰਦਾ ਹੈ, ਹੋਂਦ ਵਿਚ ਆ ਚੁੱਕੀ ਹੋਵੇ। ਇਸੇ ਨੂੰ ਅਰਸਤੂ (Aristotle) ਮਲਨਵ੍ਰਿਤੀ ਕਹਿੰਦਾ ਹੈ, ਜੋ ਕਿ ਹਰ ਉੱਚੀ ਕਲਾ ਦਾ ਅੰਤਿਮ ਨਿਸ਼ਾਨਾ ਹੈ।

*ਅੰਤ ਵਿਚ 'ਰੂਪ ਕੌਰ' ਨੇ ਡਰਾਇਆ ਕਿ ਕਿਵੇਂ ਭੀ ਨਹੀਂ ਮੰਨਦੇ ਤਾਂ :*

*ਅਬ ਹੀ ਚੋਰ ਚੋਰ ਕਹਿ ਉਠਹੌ॥ ਤੁਹਿ ਕੋ ਪਕਰ ਮਾਰ ਹੀ ਸੁਟਿਹੌ॥55॥*

ਫੇਰ 'ਚੋਰ ਚੋਰ' ਦਾ ਰੌਲਾ ਪਾ ਕੇ ਆਪਣੇ ਡੇਰੇ ਦੇ 'ਸਿੱਖਯਨ' ਜਗਾ ਦਿੱਤੇ ਅਤੇ 'ਰਾਇ' ਸਾਹਿਬ ਆਪਣੀ ਜੁੱਤੀ ਧੋਤੀ ਛੱਡ ਕੇ ਨੱਸ ਗਏ। ਇਉਂ 'ਇਕੀਸਮੋ ਚਰਿਤ੍ਰ ਸਮਾਪਤ' ਹੁੰਦਾ ਹੈ। ਹੁਣ ਬਾਈਵਾਂ ਚਰਿਤ੍ਰ ਬੱਸ ਇਤਨਾ ਹੀ ਹੈ ਕਿ :

*ਚੋਰ ਬਚਨ ਸਭ ਹੀ ਸੁਨਿ ਧਾਇ ॥ ਕਾਢੇ ਖੜਗ ਰਾਇ ਪ੍ਰਤਿ ਆਇ ॥....*

*ਆਗੇ ਪਾਛੇ ਦਾਹਿਨੇ ਘੇਰਿ ਦਸੋ ਦਿਸ ਲੀਨ ॥...*

*ਲਾਤ ਮੁਸਟ ਬਾਜਨ ਲਗੀ ਸਿੱਖਯ ਪਹੁੰਚੇ ਆਇ ॥*

*ਭ੍ਰਾਤ ਭ੍ਰਾਤ ਤ੍ਰਿਯ ਕਹਿ ਰਹੀ ਕੋਊ ਨ ਸਕਯੋ ਛੁਰਾਇ ॥7 ॥*

'ਰਾਇ' ਆਪ ਤਾਂ ਰੌਲੇ ਗੌਲੇ ਵਿਚ ਬਚ ਕੇ ਨਿਕਲ ਗਿਆ ਤੇ ਰੂਪ ਕੌਰ ਦਾ ਭਾਈ ਲੋਕਾਂ ਨੇ ਚੋਰ ਜਾਣ ਕੇ ਫੜ ਲਿਆ ਤੇ ਮਾਰਿਆ ਤੇ ਅੰਤ ਨੂੰ ਹਵਾਲਾਤੇ ਪਾ ਦਿੱਤਾ। ਇਹ 'ਤ੍ਰਿਯਾ ਚਰਿਤ੍ਰ ਮੰਤੀ ਭੂਪ ਸੰਬਾਦੇ ਬਾਈਸਵੋਂ ਚਰਿਤ੍ਰ ਸਮਾਪਤ' ਹੈ।

ਦੋ ਗੱਲਾਂ ਉਤੇ ਦੱਸ ਆਏ ਹਾਂ, ਜਿਨ੍ਹਾਂ ਤੋਂ ਸਾਧਾਰਣ ਬਿਰ੍ਤੀ ਅਤੇ ਸਾਹਿਤ ਰਚਨਾ ਭੇਦਾਂ ਤੋਂ ਅਣਜਾਣ ਪਾਠਕ ਨੂੰ ਇਹ ਇੱਕੀਵਾਂ ਅਤੇ ਬਾਈਵਾਂ ਚਰਿਤ੍ਰ ਪੜ੍ਹ ਕੇ ਇਹ ਭੁਲੇਖਾ ਪੈਂਦਾ ਹੈ, ਕਿ ਇਹ ਕਹਾਣੀਆਂ ਕਰਤਾਂ ਦੀਆਂ ਸ੍ਵੈ-ਜੀਵਨੀਆਂ ਹਨ, ਇਕ 'ਆਨੰਦਪੁਰ' ਦਾ ਸਥਾਨਕ ਰੰਗ ਅਤੇ ਦੂਜਾ 'ਸਿੱਖਯ' 'ਗੁਰੂ' ਆਦਿਕ ਸ਼ਬਦ, ਜੋ ਕਿ ਨੌਕਰਾਂ ਚਾਕਰਾਂ ਅਤੇ 'ਰਾਇ' ਸੰਬੋਧਕ ਹਨ। ਇਕ ਤੀਜੀ ਗੱਲ ਇਸ ਬਾਈਵੇਂ ਚਰਿਤ੍ਰ ਵਿਚ ਹੋਰ ਹੈ, ਜਿਸ ਨੇ ਇਸ ਸਾਹਿਤਕ ਮਾਯਾ (Literary illusion) ਨੂੰ ਹੋਰ ਵੀ ਪਕੇਰਾ ਰੂਪ ਦੇ ਦਿੱਤਾ ਹੈ।

ਇਸ ਬਾਈਵੇਂ ਚਰਿਤ੍ਰ ਵਿਚ, 'ਰੂਪ ਕੌਰ' ਅਤੇ 'ਰਾਇ' ਦੇ ਵਾਕਯੋਵਾਕ ਯਾ ਸਵਾਲਾਂ ਜਵਾਬਾਂ ਦੇ ਰੂਪ ਵਿਚ,ਉਹ ਗੁਰਵਾਕ ਦਰਜ ਹਨ, ਜਿਹੜੇ ਕਿ ਕਿਸੇ ਸ਼ਰਧਾਵਾਨ ਤੇ ਹਿਤਕਰ ਜਥੇਦਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਹੇਠਲੀਆਂ ਪਉੜੀਆਂ ਦੀ ਉਪਰਲੀ ਮਹਿਰਾਬ ਉਤੇ ਲਿਖੇ ਹੋਏ ਸਨ ਅਤੇ ਜਿਨ੍ਹਾਂ ਨੂੰ ਚਿਰੰਕਾਲ ਤੋਂ ਅਨੇਕ ਸਿੱਖ ਸ਼ਰਧਾਲੂ ਹਰ ਰੋਜ਼ ਪੜ੍ਹਦੇ ਸਨ, ਉਹ ਵਾਕ ਹਨ :

*ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ ॥*

*ਪੂਤ ਇਹੇ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ ॥*
*ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿਤ ਬਢੈਯਹੁ ॥*
*ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜਯਹੁ ॥51 ॥*
*ਬਾਲ ਹਮਾਰੇ ਪਾਸ ਦੇਸ ਦੇਸਨ ਤ੍ਰਿਯ ਆਵਹਿ ॥*
*ਮਨ ਬਾਂਛਤ ਬਰ ਮਾਂਗਿ ਜਾਨਿ ਗੁਰ ਸੀਸ ਝੁਕਾਵਹਿ ॥*
*ਸਿੱਖਯ ਪੁੱਤ੍ਰ ਤ੍ਰਿਯ ਸੁਤਾ ਜਾਨਿ ਅਪਨੇ ਚਿਤ ਧਰਿਯੈ ॥*
*ਹੋ ਕਹੁ ਸੁੰਦਰਿ ਤੁਹਿ ਸਾਥ ਗਵਨ ਕੈਸੇ ਕਰ ਕਰਿਯੈ ॥54 ॥*

ਇਹ ਛੰਦ 'ਤ੍ਰਿਯਾ ਚਰਿਤ੍ਰ' ਨਾਮੀ ਗ੍ਰੰਥ ਦਾ, ਨਿਰਸੰਸੇ ਵਾਸਤਵਿਕ ਹੈ। ਇਹ ਇਤਿਹਾਸ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਪੁੱਤ੍ਰ ਗੁਰੂ ਗੋਬਿੰਦ ਸਿੰਘ ਨੂੰ ਉਪਰੋਕਤ ਉਪਦੇਸ਼ ਦਿੱਤਾ, ਜਿਸ ਨੂੰ ਕਿ ਹਿਤੋਪਦੇਸ਼ ਨਮਿਤ 'ਤ੍ਰਿਯਾ ਚਰਿਤ੍ਰ' ਦੇ ਕਰਤਾ ਨੇ, ਬਾਈਵੇਂ ਚਰਿਤ੍ਰ ਵਿਚ ਗੁੰਦ ਦਿੱਤਾ। ਇਸ ਤੋਂ ਇਹ ਭਾਵ ਕੱਢਣਾ ਕਿ, ਕਿਉਂਕਿ ਇਹ ਛੰਦ ਵਾਸਤਵਿਕ ਘਟਨਾ ਆਧਾਰਿਤ ਹੈ, ਇਸ ਲਈ ਬਾਈਵੇਂ ਚਰਿਤ੍ਰ ਦੀ ਕਥਾ ਮਨੋਕਲਪਿਤ ਸਾਹਿਤ ਨਹੀਂ, ਸਗੋਂ ਇਤਿਹਾਸਕ ਵਰਣਨ ਹੈ, ਜਿਸਦੇ ਪਾਤ੍ਰ ਕਿ 'ਤ੍ਰਿਯਾ ਚਰਿਤ੍ਰ' ਦੇ ਕਰਤਾ, ਆਪ ਗੁਰੂ ਗੋਬਿੰਦ ਸਿੰਘ ਜੀ ਹਨ, ਸਾਹਿਤ ਰਚਨਾ ਭੇਦਾਂ ਤੋਂ ਅਗਿਆਨਤਾ ਦਾ ਸੂਚਕ ਹੈ। ਅੱਠਵੀਂ ਸਦੀ, ਬਗਦਾਦ ਵਿਚ ਰਚੀ ਗਈ ਅਰਬੀ ਭਾਸ਼ਾ ਦੀ 'ਅਲਫ਼ ਲੈਲਾ', ਦੀ ਗਿਆਰਵੀਂ ਸਦੀ ਦੀ ਸੰਸਕ੍ਰਿਤ ਦੀ ਪੁਸਤਕ 'ਕਥਾਸਰਿਤ ਸਾਗਰ', ਤੇਰ੍ਹਵੀਂ ਸਦੀ ਫ਼ਾਰਸੀ ਦੀ ਪ੍ਰਸਿੱਧ ਪੁਸਤਕ 'ਬੁਸਤਾਨ', ਵਿਚ ਇਹ ਰਚਨਾ ਭੇਦ (Literaty technique) ਆਮ ਵਰਤੀ ਗਈ ਹੈ, ਜਿਥੇ ਕਿ ਕਥਾ ਕਹਾਣੀ ਵਿਚ ਆਇਆ ਕੋਈ ਨੁਕਤਾ ਵਿਸਤਾਰ ਕਰਨ ਦੇ ਆਸ਼ੇ ਨਾਲ, ਹੋਰਨਾਂ ਕਵੀਆਂ ਦੇ ਕਿਸੇ ਹੋਰ ਪ੍ਰਸੰਗ ਪ੍ਰਥਾਇ ਕਹੇ ਹੋਏ ਕਾਵਿ ਟੋਟੇ, ਕਥਾ ਕਹਾਣੀ ਦੇ ਪਾਤ੍ਰਾਂ ਦੇ ਮੂੰਹ ਵਿਚ ਪਾ ਦਿੱਤੇ ਗਏ ਅਤੇ ਇਸ ਨੂੰ ਦੋਸ਼ ਨਾ, ਸਗੋਂ ਕਾਵਿ ਕਲਾ ਦਾ ਗੁਣ ਸਮਝਿਆ ਗਿਆ ਹੈ। ਅਠਾਰ੍ਹਵੀਂ ਸਦੀ ਦੀ ਕ੍ਰਿਤ 'ਹੀਰ ਵਾਰਸਸ਼ਾਹ' ਵਿਚ ਕੁਰਾਨ ਸ਼ਰੀਫ਼ ਦੀਆਂ ਤੁਕਾਂ ਤੇ ਟੋਟੇ ਇਸ ਢੰਗ ਨਾਲ ਆਮ ਵਰਤੇ ਗਏ

ਹਨ, ਜਿਸ ਤੋਂ ਕਿਸੇ ਨੇ ਇਹ ਭੁੱਲ ਕੇ ਭੀ ਨਹੀਂ ਅਨੁਮਾਨਿਆਂ ਕਿ ਹੀਰ ਰਾਂਝੇ ਦੀ ਪ੍ਰੇਮ ਕਥਾ ਹਜ਼ਰਤ ਮੁਹੰਮਦ ਸਾਹਿਬ ਯਾ ਅੱਲਾ ਦੀ ਸ੍ਵੈ-ਜੀਵਨੀ ਨਾਲ ਇਤਿਹਾਸਕ ਸਬੰਧ ਰੱਖਦੀ ਹੈ, ਜਿਵੇਂ ਕਿ ਸਰਲ ਸੁਭਾਅ ਸ਼ਰਧਾਵਾਨ ਸਿੱਖ ਯਾ ਪ੍ਰੋਫੈਸਰ ਰਾਮਪ੍ਰਕਾਸ਼ ਸਿੰਘ ਜੀ ਸਮਝੀ ਫਿਰਦੇ ਹਨ। ਵਾਰਸਸ਼ਾਹ ਦਾ ਇਹ ਦਾਹਵਾ ਕਿ ਉਸ ਨੇ ਕੁਰਾਨ ਸ਼ਰੀਫ਼ ਦੀਆਂ ਤੁਕਾਂ ਹੀਰ ਰਾਂਝੇ ਦੀ ਪ੍ਰੇਮ ਵਾਰਤਾ ਵਿਚ ਵਰਤ ਕੇ ਉਨ੍ਹਾਂ ਤੁਕਾਂ ਦੇ ਪ੍ਰਯਾਯ ਲਿਖੇ ਹਨ ਤੇ ਤਸ਼ਰੀਹ ਕੀਤੀ ਹੈ।

**ਇਹ ਕੁਰਾਨ ਸ਼ਰੀਫ਼ ਦੇ ਮਾਇਨੇ ਨੇ ਜਿਹੜੇ ਸ਼ਿਅਰ ਮੀਆਂ ਵਾਰਸਸ਼ਾਹ ਦੇ ਨੇ।**

ਇਉਂ ਹੀ ਇਸ ਉਪਰੋਕਤ ਗੁਰਵਾਕ ਛੰਦ ਦੇ 'ਤ੍ਰਿਯਾ ਚਰਿਤ੍ਰ' ਦੀ ਬਾਈਵੀਂ ਕਹਾਣੀ ਵਿਚ ਗੁੰਦੇ ਜਾਣ ਬਾਰੇ ਜਾਨਣਾ ਤੇ ਸਮਝਣਾ ਉਚਿਤ ਹੈ।

ਅਸਾਂ ਇਸ ਲੇਖ ਵਿਚ ਇਉਂ ਕਿਹਾ ਹੈ ਕਿ :

1. 'ਤ੍ਰਿਯਾ ਚਰਿਤ੍ਰ' ਦੀ ਸਾਹਿਤਕ ਪ੍ਰਣਾਲੀ ਦਾ ਪਿਛੋਕੜ ਬਹੁਤ ਪ੍ਰਾਚੀਨ ਤੇ ਨਿਰੋਲ ਭਾਰਤੀ ਹੈ, ਜਿਸ ਦੀਆਂ ਜੜ੍ਹਾਂ ਕਿ ਰਿਗ ਵੇਦ ਵਿਚ ਹਨ।

2. 'ਤ੍ਰਿਯਾ ਚਰਿਤ੍ਰ' ਲੌਕਿਕ ਸਾਹਿਤ ਹੈ, ਗੁਰਬਾਣੀ ਅਥਵਾ ਗੁਰਵਾਕ ਨਹੀਂ ਹੈ।

3. ਇੱਕੀਵੀਂ, ਬਾਈਵੀਂ ਤੇ ਤੇਈਵੀਂ ਸਾਖੀਆਂ - ਜਿਨ੍ਹਾਂ ਵਿਚ, ਜੋ ਕਿ 'ਰੂਪ ਕੋਅਰ' ਨਾ ਰੂਪ ਕੌਰ ਦੀ ਕਹਾਣੀ ਦਿੱਤੀ ਹੋਈ ਹੈ, ਉਹ ਸ੍ਵੈ-ਜੀਵਨੀ ਯਾ ਇਤਿਹਾਸ ਆਧਾਰਿਤ ਨਹੀਂ, ਮਨੋਕਲਪਿਤ ਰਚਨਾ ਹੈ। ਸੱਚ ਤਾਂ ਇਹ ਹੈ, ਕਿ ਇਹ ਤਿੰਨੇ ਕਹਾਣੀਆਂ, ਪਿੰਜਰ ਵਿਚ, ਅਰਬੀ ਦੀ ਅੱਠਵੀਂ ਸਦੀ ਦੀ ਪੁਸਤਕ 'ਅਲਫਲੈਲਾ' ਵਿਚ ਮੌਜੂਦਾ ਹਨ।

4. 'ਆਨੰਦਪੁਰ', 'ਸਿਖਯ', 'ਗੁਰੂ' ਆਦਿ ਵਿਸ਼ੇਸ਼ ਵਰਨਣ, ਇਨ੍ਹਾਂ ਕਹਾਣੀਆਂ ਵਿਚ ਸਥਾਨਕ ਤੇ ਵਾਸਤਵਿਕ ਰੰਗ ਭਰਨ ਲਈ ਕੀਤਾ ਗਿਆ ਹੈ, ਜੋ ਕਿ ਸਾਹਿਤ ਰਚਨਾ ਭੇਦਾਂ ਦੇ ਐਨ ਅਨੁਕੂਲ ਹੈ ਅਤੇ ਉਚੀ ਕਲਾ ਦੇ ਉਚ ਆਸ਼ਿਆਂ ਦੀ ਪੂਰਤੀ ਲਈ ਕੀਤਾ ਗਿਆ ਹੈ।

5. 'ਸੁਧ ਜਬ ਤੇ ਹਮ ਧਰੀ' ਛੰਦ ਇਤਿਹਾਸ ਆਧਾਰਿਤ ਹੈ, ਪਰ ਇਸ ਦੀ 'ਤ੍ਰਿਯਾ ਚਰਿਤ੍ਰ' ਦੀ ਕਹਾਣੀਆਂ ਵਿਚ ਗੋਂਦ ਦਾ ਕਦਾਚਿਤ ਇਹ ਭਾਵ ਨਹੀਂ ਨਿਕਲਦਾ, ਕਿ ਇਨ੍ਹਾਂ ਕਹਾਣੀਆਂ ਦੀ ਕਥਾ ਵਸਤੂ ਇਤਿਹਾਸਕ ਹੈ, ਅਤੇ ਇਨ੍ਹਾਂ ਦਾ ਮੁੱਖ ਪਾਤ੍ਰ, ਕਰਤਾ ਆਪ ਹੈ।

ਇਹ ਪੰਜ ਨੁਕਤੇ ਅਸਾਂ ਇਸ ਲੇਖ ਵਿਚ ਸਿੱਧ ਕਰਨ ਦਾ ਯਤਨ ਕੀਤਾ ਹੈ, ਜਿਨ੍ਹਾਂ ਨੂੰ ਸਮਝੇ ਤੋਂ ਬਿਨਾਂ, ਇਸ ਪ੍ਰਕਾਰ ਦੇ ਹਾਨੀਕਾਰਕ ਭੁਲੇਖੇ, ਜਿਵੇਂ ਕਿ ਪ੍ਰੋਫ਼ੈਸਰ ਰਾਮਪ੍ਰਕਾਸ਼ ਸਿੰਘ ਜੀ ਦਾ ਲੇਖ, ਨਵਿਰਤ ਨਹੀਂ ਹੋ ਸਕਦੇ।

(ਸ਼੍ਰੋ. ਗੁ. ਪ੍ਰ. ਕ. ਅੰਮ੍ਰਿਤਸਰ ਵਲੋਂ ਪ੍ਰਕਾਸ਼ਿਤ ਗੁਰਮਤਿ ਪ੍ਰਕਾਸ਼)
ਅਕਤੂਬਰ, 1993 ਵਿਚੋਂ ਧੰਨਵਾਦ ਸਹਿਤ

ਜਦ ਅਸੀਂ ਛੋਟੇ ਹੁੰਦੇ ਸੀ, ਤਾਂ ਜੇ ਕੋਈ ਸਿੱਖ ਕਹਿੰਦਾ ਸੀ ਕਿ ਮੈਂ ਮਾਸ ਨਹੀਂ ਖਾਂਦਾ ਦੂਸਰਾ ਬੰਦਾ ਪੁੱਛਦਾ ਸੀ ਤੂੰ ਕੋਈ ਬ੍ਰਾਹਮਣ ਹੈਂ ?ਇਸੇ ਤਰ੍ਹਾਂ ਜੇ ਕੋਈ ਹਿੰਦੂ ਤੰਮਾਕੂ ਨਹੀਂ ਵਰਤਦਾ ਸੀ ਉਸ ਨੂੰ ਪੁੱਛਿਆ ਜਾਂਦਾ ਸੀ ਕਿ ਤੂੰ ਸਿੱਖ ਹੈਂ ?

ਅੱਜ ਜ਼ਮਾਨਾ ਬਦਲਣ ਨਾਲ ਗੱਲਾਂ ਦਾ ਮੁਹਾਂਦਰਾ ਬਦਲ ਗਿਆ। ਹੁਣ ਇਹ ਸਮਝਿਆ ਜਾਂਦਾ ਹੈ ਕਿ ਜੋ ਦਸਮ ਗ੍ਰੰਥ ਨੂੰ ਗੁਰੂ ਕ੍ਰਿਤ ਮੰਨਦਾ ਹੈ ਉਹ ਬ੍ਰਾਹਮਣ ਹੈ। ਪਿਛਲੀ ਸਦੀ ਦੇ ਖਾਲਸਾ ਪੰਥ ਦੇ ਇਕ ਮਹਾਨ ਵਿਦਵਾਨ ਜਿਸ ਦੀ ਵਿਦਵਤਾ ਨੂੰ ਸਾਰਾ ਸਿੱਖ ਜਗਤ ਮੰਨਦਾ ਹੈ, ਦੇ, ਦਸਮ ਗ੍ਰੰਥ ਵਾਰੇ ਵੀਚਾਰ ਸੰਗਤਾਂ ਦੀ ਸੇਵਾ ਵਿਚ ਰੱਖ ਰਹੇ ਹਾਂ ਤਾਂ ਜੋ ਪਾਠਕਾਂ ਨੂੰ ਸਹੀ ਸੇਧ ਮਿਲ ਸਕੇ।

ਪਾਠਕਾਂ ਦੀ ਗਿਆਤ ਲਈ ਅਸੀਂ ਦੱਸਣਾ ਚਾਹਾਂਗੇ ਕਿ ਸਿਰਦਾਰ ਕਪੂਰ ਸਿੰਘ ਜੀ ਅੰਗਰੇਜ਼ਾਂ ਵੇਲੇ ਆਪਣੀ ਇੰਗਲੈਂਡ ਦੀ ਵਿਦਿਆ ਪੂਰੀ ਕਰਨ ਉਪਰੰਤ ਡੀ. ਸੀ. ਨਿਯੁਕਤ ਹੋਏ। ਦੇਸ਼ ਦੀ ਵੰਡ ਪਿਛੋਂ ਇਹ ਹੁਸ਼ਿਆਰਪੁਰ ਡੀ.ਸੀ. ਲੱਗੇ ਹੋਏ ਸਨ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਦੀਆਂ ਬ੍ਰਾਹਮਣਵਾਦੀ ਨੀਤੀਆਂ ਦਾ ਸ਼ਿਕਾਰ ਬਣੇ, ਜਦ ਇਨ੍ਹਾਂ ਨੂੰ, ਝੂਠਾ ਕੇਸ ਬਣਾ ਕੇ

ਬਰਖਾਸਤ ਕਰ ਦਿੱਤਾ। ਕਿਉਂਕਿ ਇਨ੍ਹਾਂ ਨੇ ਕੇਂਦਰ ਦੀਆਂ ਹਦਾਇਤਾਂ "ਪਾਕਿਸਤਾਨ ਤੋਂ ਆਏ ਸਾਰੇ ਸਿੱਖ ਜਰਾਇਮ ਪੇਸ਼ਾ ਹਨ ਇਨ੍ਹਾਂ ਤੇ ਨਿਗ੍ਹਾ ਰੱਖੀ ਜਾਵੇ" ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਕੇਂਦਰ ਸਰਕਾਰ ਦੀਆਂ ਸਿੱਖ ਮਾਰੂ ਨੀਤੀਆਂ ਅਤੇ ਆਪਣੀ ਹੱਡਬੀਤੀ ਵਾਲੀ ਲਿਖੀ ਇਨ੍ਹਾਂ ਦੀ ਕਿਤਾਬ "ਸਾਚੀ ਸਾਖੀ" ਭਾਰਤ ਸਰਕਾਰ ਨੇ ਛਪਣ ਤੇ ਰੋਕ ਲਾ ਦਿੱਤੀ ਸੀ। ਇਸ ਲਈ ਇਨ੍ਹਾਂ ਨੇ ਪਹਿਲਾਂ ਲੰਡਨ ਤੋਂ ਛਪਵਾਈ ਅਤੇ ਫਿਰ ਕਈ ਦਹਾਕਿਆਂ ਪਿਛੋਂ ਸ਼੍ਰੋ. ਗੁ. ਪ੍ਰ. ਕਮੇਟੀ ਨੇ ਛਾਪੀ। ਨੌਕਰੀ ਤੋਂ ਬਰਖਾਸਤ ਹੋਣ ਪਿਛੋਂ ਇਹ ਅਕਾਲੀ ਟਿਕਟ ਤੇ ਮੈਂਬਰ ਪਾਰਲੀਮੈਂਟ ਵੀ ਰਹੇ। ਪੰਜਾਬੀ ਸੂਬੇ ਬਾਰੇ ਇਨ੍ਹਾਂ ਦੀ ਪਾਰਲੀਮੈਂਟ ਵਿਚ ਦਿੱਤੀ ਸਪੀਚ ਸਾਚੀ ਸਾਖੀ ਦਾ ਖਾਸ ਅੰਗ ਹੈ। ਇਨ੍ਹਾਂ ਦੀ ਵਿਦਵਤਾ ਨੂੰ ਦੇਖਦੇ ਹੋਏ ਇਨ੍ਹਾਂ ਨੂੰ ਪੰਥ ਵਲੋਂ "ਨੈਸ਼ਨਲ ਪ੍ਰੋ. ਆਫ਼ ਸਿੱਖ ਰੈਲੀਜਨ" ਦੀ ਉਪਾਧੀ ਪਹਿਲੀ ਵਾਰ ਦਿੱਤੀ ਗਈ। ਆਨੰਦਪੁਰ ਦੇ ਮਤੇ ਦਾ ਖਰੜਾ ਬਨਾਣ ਪਿਛੇ ਇਨ੍ਹਾਂ ਦਾ ਹੀ ਦਿਮਾਗ ਕੰਮ ਕਰਦਾ ਸੀ। ਵਿਦਵਤਾ ਦੇ ਖੇਤਰ ਅਤੇ ਸਿੱਖੀ ਸਿਧਾਂਤ ਬਾਰੇ ਸ੍ਰ. ਗੁਰਤੇਜ ਸਿੰਘ ਜੀ ਇਨ੍ਹਾਂ ਨੂੰ ਆਪਣਾ ਮਾਰਗ ਦਰਸ਼ਕ ਕਬੂਲਦੇ ਹਨ।

ਇਨ੍ਹਾਂ ਦਾ ਲੇਖ ਪੜ੍ਹ ਕੇ ਪਾਠਕ ਆਪ ਨਿਰਣਾ ਕਰਨ ਕਿ ਕੀ ਸਿਰਦਾਰ ਕਪੂਰ ਸਿੰਘ ਜੀ ਬ੍ਰਾਹਮਣਵਾਦੀ ਸੀ ਜਾਂ ਫਿਰ ਦਸਮ ਗ੍ਰੰਥ ਵਿਰੋਧੀਆਂ ਕੋਲ ਇੰਨੀ ਬਾਰੀਕੀ ਨਾਲ ਦਸਮ ਗ੍ਰੰਥ ਵਾਚਣ ਦੀ ਕੋਈ ਘਾਟ ਹੈ।

❖❖❖

# ਪਾਣੀ ਵਿਚ ਮਧਾਣੀ

ਸ੍ਰੀ ਦਸਮ ਗ੍ਰੰਥ ਸਾਹਿਬ ਦੀ ਰਚਨਾਵਲੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਕ੍ਰਿਤ ਨਾ ਮੰਨਣ ਵਾਲੇ ਸੱਜਣਾਂ ਦੇ ਏਥੇ ਅਸੀਂ ਨਕਾਰਾਤਮਕ ਤੇ ਤਰਕਸ਼ੀਲ ਦ੍ਰਿਸ਼ਟੀਕੋਣ ਉੱਪਰ ਵਿਚਾਰ ਕਰਾਂਗੇ। ਉਨ੍ਹਾਂ ਦੇ ਇਸ ਬਾਣੀ ਨੂੰ ਗੁਰੂ ਕ੍ਰਿਤ ਨਾ ਮੰਨਣ ਦੇ ਦੋ ਮੁੱਖ ਕਾਰਨ ਹਨ ਇਕ ਸਾਹਿਤਕ ਨਾ ਸਮਝੀ ਤੇ ਦੂਜਾ ਸਿਧਾਂਤਕ ਸ਼ੰਕਾਵਾਂ। ਅਸੀਂ ਪਹਿਲਾਂ ਪਹਿਲੇ ਕਾਰਨ ਉਪਰ ਵਿਚਾਰ ਵਿਮਰਸ਼ ਕਰਾਂਗੇ। ਸਾਡੇ ਦੇਸ਼ ਦੇ ਪ੍ਰਸਿੱਧ ਕਵੀ, ਦਾਰਸ਼ਨਿਕ, ਵਿਆਕਰਣਵੇਤਾ, ਯੋਗੀ ਰਾਜ, ਸਾਧੂ ਭਰਥਰੀ ਹਰੀ ਜੀ ਦਾ ਕਥਨ ਅਰਜ਼ ਕਰਨਾ ਚਾਹੁੰਦੇ ਹਾਂ।

*"ਸਾਹਿਤਯ ਸੰਗੀਤ ਕਲਾ ਵਿਹੀਨ :*

*ਸਾਕਸ਼ਾਤ ਪਸ਼ੂ ਪੁੱਛ ਵਿਸ਼ਾਣਹੀਨ।"*

ਜਿਸਦਾ ਸ਼ਬਦਾਰਥ ਹੈ ਕਿ ਸਾਹਿਤ ਭਾਵ ਕਵਿਤਾ ਤੇ ਸੰਗੀਤ ਕਲਾ ਤੋਂ ਅਨਜਾਣ ਆਦਮੀ ਪਸ਼ੂ ਹੁੰਦਾ ਹੈ। ਉਹ ਵੀ ਸਿੰਗ ਤੇ ਪੂਛ ਤੋਂ ਬਿਨਾਂ, ਹੁਣ ਦੇਖੋ ਇਕ ਰਾਗ-ਦਵੇਸ ਹੀਣ, ਤਪੱਸਵੀ, ਸ਼ਾਂਤ ਹਿਰਦੇ ਵਾਲੇ ਮਹਾਤਮਾ ਦੇ ਮੂੰਹੋਂ ਏਨੇ ਕਠੋਰ ਸ਼ਬਦ ਕਿਵੇਂ ਨਿਕਲੇ ਕਿ ਸਾਹਿਤ ਅਤੇ ਸੰਗੀਤ ਤੋਂ ਰਹਿਤ ਵੱਡੇ ਵੱਡੇ ਧੁਰੰਦਰ ਵਿਦਵਾਨਾਂ ਤੇ ਮਾਣਯੋਗ ਮਹਾਂਪੁਰਸ਼ਾਂ ਨੂੰ ਉਨ੍ਹਾਂ ਨੇ ਪਸ਼ੂ ਕਹਿ ਕਰ ਯਾਦ ਕੀਤਾ ਹੈ, ਜੇ ਇਥੇ ਇਹ ਗੱਲ ਸੋਚੀ ਜਾਵੇ ਤਾਂ ਇਹ ਵੀ ਗੱਲ ਜਚਦੀ ਨਹੀਂ ਕਿਉਂਕਿ ਇਸੇ ਭਰਥਰੀ ਹਰੀ ਨੇ ਵਿਆਕਰਨ ਦੇ ਮਹਾਨ ਵਿਦਵਾਨ ਪਤੰਜਲੀ ਦੇ ਗ੍ਰੰਥ ਮਹਾਂਭਾਸ਼ਯ ਉੱਪਰ ਸਾਰਸੇਤੂ (ਪ੍ਰਸਿੱਧ ਨਾਮ ਹਰੀ ਕਾਰਿਕਾ) ਨਾਮਕ ਗ੍ਰੰਥ ਲਿਖਿਆ ਹੈ। ਬ੍ਰਿਹਦਾਰਨਿਕ ਉਪਨਿਸ਼ਦ ਉਪਰ ਵੇਦਾਂਤ ਦਾ ਗ੍ਰੰਥ "ਭਰਥਰੀ ਹਰੀ ਪ੍ਰਪੰਚ" ਵੀ ਇਨ੍ਹਾਂ ਦਾ ਹੀ ਲਿਖਿਆ ਹੋਇਆ ਹੈ। ਪਤੰਜਲੀ ਮਹਾਂਭਾਸ਼ਯ ਅਨੇਕ ਵਿਦਯਾਵਾਂ ਦਾ ਸਮੁੰਦਰ ਹੈ ਉਸਦੇ ਉਪਰ ਟੀਕਾ ਉਹ ਵਿਅਕਤੀ ਹੀ ਲਿਖ ਸਕਦਾ ਹੈ ਜਿਸ ਨੂੰ ਸ਼ੁਰਤੀ, ਸਿਮ੍ਰਤੀ, ਪੁਰਾਣ, ਇਤਿਹਾਸ ਅਤੇ ਦਰਸ਼ਨ ਸ਼ਾਸਤਰ ਦਾ ਗਿਆਨ ਹੱਥ ਉਤੇ ਰੱਖੇ ਔਲੇ ਵਾਂਗ ਸਪਸ਼ਟ ਹੋਵੇ। ਸੋ ਇਹ ਕਹਿਣਾ

ਮੁਸ਼ਕਿਲ ਹੈ ਕਿ ਭਰਥਰੀ ਹਰੀ ਕੇਵਲ ਸਾਹਿਤ ਸੰਗੀਤ ਦਾ ਆਦਰ ਹੋਰ ਵਿਸ਼ਿਆਂ ਦਾ ਗਿਆਨ ਨਾ ਹੋਣ ਕਰਕੇ ਕਰਦੇ ਸਨ ਸਗੋਂ ਉਹ ਖ਼ੁਦ ਇਕ ਅਨੰਤ ਕਲਾ ਵਿਸ਼ਾਰਦ ਮਹਾਂਪੁਰਖ ਸੀ। ਫਿਰ ਉਨ੍ਹਾਂ ਨੇ ਏਨੇ ਕਠੋਰ ਸ਼ਬਦ ਕਿਉਂ ਕਹੇ। ਇਸ ਸਮੱਸਿਆ ਦਾ ਹੱਲ ਉਨ੍ਹਾਂ ਦੀ ਉਕਤੀ "ਪਸ਼ੂ" ਵਿਚੋਂ ਹੀ ਪ੍ਰਾਪਤ ਹੁੰਦਾ ਜਾਪਦਾ ਹੈ ਕਿਉਂਕਿ ਪਸ਼ੂ ਸ਼ਬਦ ਦਾ ਅਰਥ ਬਿਨਾਂ ਕਿਸੇ ਭਿੰਨ ਭੇਦ ਤੋਂ, ਗਿਆਨ ਵਿਗਿਆਨ ਤੋਂ, ਵਿਸ਼ੇਸ਼ ਅਵਿਸ਼ੇਸ਼ ਤੋਂ ਸਭ ਨੂੰ ਸਮਾਨ ਰੂਪ ਵੇਖਣਾ ਹੈ ਅਰਥਾਤ ਸਥੂਲ ਦਰਸ਼ਨ ਤੇ ਦੂਜਾ ਪੱਖ ਹੈ ਸਾਹਿਤ ਦਾ ਸਾਹਿਤ ਉਹ ਸ਼ਾਸਤਰ ਹੈ ਜਿਸ ਵਿਚ ਭਾਵ ਤੇ ਭਾਵੁਕਤਾ ਦੀ ਪੈਰ-ਪੈਰ 'ਤੇ ਲੋੜ ਪੈਂਦੀ ਹੈ ਜਿਸ ਵਿਚ ਪ੍ਰਕ੍ਰਿਤੀ ਦੀਆਂ ਪ੍ਰਸੰਨ ਗੰਭੀਰ ਕੁਸ਼ਲਤਾਵਾਂ ਨੂੰ ਪਰਖਣ ਦੀ ਯੋਗਤਾ ਨਹੀਂ, ਜਿਹੜਾ ਆਦਮੀ ਮਨੁੱਖ ਤੋਂ ਲੈ ਕੇ ਪਸ਼ੂ ਪੰਛੀਆਂ ਦੇ ਗਹਿਰੇ ਤੋਂ ਗਹਿਰੇ ਮਨੋਭਾਵਾਂ ਨੂੰ ਨਹੀਂ ਸਮਝ ਸਕਦਾ ਉਹ ਸਾਹਿਤ ਜਾਂ ਕਵਿਤਾ ਦਾ ਅਧਿਕਾਰੀ ਨਹੀਂ। ਜਿਹੜਾ ਕਿਸੇ ਦੀ ਦੁੱਖ ਭਰੀ ਪੁਕਾਰ ਨੂੰ ਸੁਣਕੇ ਦਰਦ ਨਾਲ ਭਰ ਨਹੀਂ ਜਾਂਦਾ, ਜਿਸਦਾ ਹਿਰਦਾ ਜੰਗਲ, ਪਰਬਤ ਅਤੇ ਗੰਗਾ ਦੀ ਪਵਿੱਤਰ ਧਾਰਾ ਨੂੰ ਦੇਖ ਕੇ ਇਕਦਮ ਵਿਸਮਾਦ ਮਗਨ ਨਹੀਂ ਹੁੰਦਾ, ਜਿਸ ਨੂੰ ਨਾਸਮਝ ਬੱਚਿਆਂ ਦੀਆਂ ਤੋਤਲੀਆਂ ਗੱਲਾਂ 'ਤੇ ਭੋਲੀਆਂ-ਭਾਲੀਆਂ ਹਰਕਤਾਂ ਤਨਮਯ ਨਹੀਂ ਕਰਦੀਆਂ, ਜਿਸਦਾ ਹਿਰਦਾ ਨਿਰਮਲ ਜਲ ਵਿਚ ਖਿਲੇ ਕਮਲਾਂ ਨੂੰ ਵੇਖ ਕੇ, ਕੋਇਲਾਂ ਦੀ ਕਲਕਲ ਨੂੰ ਸੁਣ ਕੇ ਮਸਤ ਨਹੀਂ ਹੋ ਜਾਂਦਾ ਅਤੇ ਬ੍ਰਿਹਾ ਦੀ ਦਰਦ ਭਰੀ ਗ਼ਜ਼ਲ ਦੇ ਬੋਲ ਸੁਣ ਕੇ ਤੜਪਣ ਨਹੀਂ ਲੱਗਦਾ ਉਹ ਇਸ ਸਾਹਿਤ ਰੂਪੀ ਘਰ ਦਾ ਦਰਵਾਜ਼ਾ ਨਹੀਂ ਖੜਕਾ ਸਕਦਾ। ਕਿਉਂਕਿ ਸਾਹਿਤ ਵਿਦਿਆ ਭਾਵ, ਭਾਵਨਾ ਤੇ ਭਾਵੁਕਤਾ ਪ੍ਰਧਾਨ ਹੁੰਦੀ ਹੈ। ਇਹ ਸ਼ਾਸਤਰ ਮਨੁੱਖ ਦੀ ਭਾਵਨਾ ਤੇ ਭਾਵੁਕਤਾ ਨੂੰ ਨਿਖੇਰਦਾ ਹੈ ਜਿਵੇਂ ਹੀਰਾ ਖਾਨ ਵਿਚੋਂ ਨਿਕਲ ਕੇ ਸਾਨ ਉਪਰ ਚੜ੍ਹ ਕੇ ਰਾਜਿਆਂ ਦੇ ਮੁਕਟਾਂ ਵਿਚ ਅਲੰਕ੍ਰਿਤ ਹੋਣ ਦੇ ਯੋਗ ਹੁੰਦਾ ਹੈ। ਇਸੇ ਤਰ੍ਹਾਂ ਜਿਨ੍ਹਾਂ ਸੱਜਣਾਂ ਨੂੰ ਪ੍ਰਮਾਤਮਾ ਵਲੋਂ ਸਾਹਿਤ ਦੇ ਕੋਮਲ ਗੁਣ ਮਿਲੇ ਹਨ ਉਨ੍ਹਾਂ ਨੂੰ ਨਿਖਾਰਣ ਵਾਸਤੇ ਇਸ ਸ਼ਾਸਤਰ ਦਾ ਗਿਆਨ ਹੋਣਾ ਜ਼ਰੂਰੀ ਹੈ। ਜਿਨ੍ਹਾਂ ਦੇ ਹਿਰਦੇ ਵਿਚ ਭਾਵ ਤੇ

ਭਾਵੁਕਤਾ ਹੈ ਉਨ੍ਹਾਂ ਨੂੰ ਹੀ ਪ੍ਰੇਮ, ਸ਼ੋਕ, ਹਾਸਾ, ਕ੍ਰੋਧ ਆਦਿ ਦੇ ਬਚਨਾਂ ਨਾਲ ਪ੍ਰਭਾਵਤ ਕੀਤਾ ਜਾ ਸਕਦਾ ਹੈ। ਏਹੀ ਗੱਲ ਸੰਗੀਤ ਕਲਾ ਦੀ ਹੈ। ਸੰਗੀਤ ਦਾ ਪ੍ਰਭਾਵ ਮਨੁੱਖਾਂ ਉਪਰ ਤਾਂ ਪੈਂਦਾ ਹੀ ਹੈ ਪਸ਼ੂਆਂ ਉਪਰ ਵੀ ਇਸਦਾ ਪ੍ਰਭਾਵ ਪ੍ਰਤੱਖ ਦੇਖਿਆ ਜਾ ਸਕਦਾ ਹੈ। ਯੂਰਪ ਦੇ ਵੱਡੇ-ਵੱਡੇ ਗਊਆਂ-ਮੱਝਾਂ ਦੇ ਫਾਰਮਾਂ ਵਿਚ ਦੁੱਧ ਚੋਣ ਵੇਲੇ ਮਨਮੋਹਕ ਮਿਊਜ਼ਿਕ ਵਜਾਏ ਜਾਂਦੇ ਹਨ। ਬੈਜੂ ਬਾਵਰਾ ਆਦਿਕ ਸੰਗੀਤ ਗਿਆਨੀਆਂ ਨੇ ਮਿਰਗਾਂ ਨੂੰ ਕੀਲਿਆ, ਹਾਥੀਆਂ ਨੂੰ ਨਚਾਇਆ ਤੇ ਖ਼ੂੰ-ਖਾਰ ਸ਼ੇਰਾਂ ਦੇ ਗਲਾਂ ਵਿਚ ਹਾਰ ਪਾਏ ਸਨ। ਨਿਰੰਕਾਰੀ ਬਾਬਾ ਗੁਰੂ ਨਾਨਕ ਦੀ ਰਬਾਬ ਦੇ ਚਮਤਕਾਰ ਨੂੰ ਕੌਣ ਨਹੀਂ ਜਾਣਦਾ। ਜਿਸਨੇ ਸੱਜਣ ਠੱਗ ਤੇ ਕੌਡੇ ਰਾਖ਼ਸ਼ ਵਰਗਿਆਂ ਨੂੰ ਸਾਧੂ ਬਣਾਇਆ ਤੇ ਬਗਦਾਦ ਨਗਰੀ ਨੂੰ ਸੁੰਨ ਮਸੁੰਨ ਕਰ ਦਿੱਤਾ। ਇਸ ਲਈ ਅਰਜ਼ ਹੈ ਕਿ ਦਸ਼ਮੇਸ਼ ਜੀ ਦੀ ਬਾਣੀ ਇਕ ਉਚ ਕੋਟੀ ਦਾ ਮਹਾਂਕਾਵਿ ਜਾਂ ਕਵਿਤਾ ਵਿਚ ਸਿਰਜਿਆ ਇਕ ਵਿਸ਼ਵ ਕੋਸ਼ ਹੈ ਜਿਸ ਕਰਕੇ ਇਸ ਨੂੰ ਸਾਹਿਤ ਸ਼ਾਸਤਰ ਦਾ ਪੂਰਨ ਮਰਮੱਗ ਹੀ ਸਮਝ ਸਕਦਾ ਹੈ। ਜੋ ਵਿਅਕਤੀ ਕਾਵਿ ਦੇ ਰਸ, ਅਲੰਕਾਰ, ਧਵਨੀ, ਵਿਅੰਜਨਾਂ, ਅਭਿਧਾ ਸ਼ਕਤੀ, ਸ਼ਬਦ ਚਿੱਤਰਨ, ਸ਼ਬਦ ਨਾਦ, ਰੂਪਕ,ਦ੍ਰਿਸ਼ਟਾਂਤ ਆਦਿ ਵਿਸ਼ੇ ਅਤੇ ਸੰਸਕ੍ਰਿਤੀ, ਹਿੰਦੀ, ਬ੍ਰਿਜ ਭਾਸ਼ਾ, ਉਰਦੂ, ਫਾਰਸੀ ਤੇ ਪੰਜਾਬੀ ਆਦਿ ਦੇ ਗੂੜ੍ਹ ਤੇ ਸੂਖਮ ਅਰਥਾਂ ਨੂੰ ਨਹੀਂ ਜਾਣਦਾ ਉਸ ਨੂੰ ਇਸ ਵਿਸ਼ਾਲ ਅਕਾਸ਼ ਮੰਡਲ ਵੱਲ ਫੋਕੇ ਫੰਗ ਫੜ ਫੜਾਉਣ ਦਾ ਬਿਲਕੁਲ ਹੀ ਸਾਹਸ ਨਹੀਂ ਕਰਨਾ ਚਾਹੀਦਾ।

ਹੁਣ ਅਸੀਂ ਪਸ਼ੂ ਵਿਰਤੀ ਵੱਲ ਆਉਂਦੇ ਹਾਂ, ਇਕ ਭੁੱਖੀ ਗਾਂ ਇਹ ਤਾਂ ਜਾਣਦੀ ਹੈ ਕਿ ਇਹ ਮੇਰਾ ਬੱਚਾ ਜਾਂ ਬੱਚੀ ਹੈ ਪਰ ਉਸਦੇ ਹਿੱਸੇ ਦਾ ਘਾਹ ਖਾਣ ਤੋਂ ਗੁਰੇਜ਼ ਨਹੀਂ ਕਰਦੀ। ਘੋੜਾ ਆਪਣੇ ਮਾਲਕ ਨੂੰ ਵੇਖ ਕੇ ਹਿਣਹਿਣਾਉਂਦਾ ਹੈ, ਦੂੰਮ ਜ਼ਰੂਰ ਹਿਲਾਉਂਦਾ ਹੈ, ਭਾਵੇਂ ਉਸਦਾ ਮਾਲਕ ਮੁਕੱਦਮਾ ਹਾਰ ਕੇ ਆਇਆ ਹੈ ਤੇ ਚਾਹੇ ਪੁੱਤ ਦੀ ਚਿਖਾ ਨੂੰ ਅੱਗ ਦੇ ਕੇ ਆਇਆ ਹੋਵੇ ਜਾਂ ਰਾਜ ਸਭਾ ਦੀ ਸੀਟ ਜਿੱਤ ਕੇ ਆਇਆ ਹੋਵੇ। ਉਸ ਨੂੰ ਇਨ੍ਹਾਂ ਗੱਲਾਂ ਨਾਲ ਕੋਈ ਵਾਸਤਾ ਨਹੀਂ। ਇਸੇ ਲਈ ਮੱਝ ਅੱਗੇ ਬੀਨ ਵਜਾਉਣ ਦੀ ਕਹਾਵਤ ਪ੍ਰਚਲਤ ਹੋਈ ਹੈ। ਕਿੰਨੀਆਂ ਹੀ

ਮਤਰੇਈਆਂ ਮਾਵਾਂ ਮਤਰੇਏ ਪੁੱਤਰਾਂ ਨੂੰ ਨਿੱਤ ਫਿਟਕਾਰ ਪਾਉਂਦੀਆਂ ਹਨ ਪਰ ਸਾਰੇ ਧ੍ਰੂ ਭਗਤ ਨਹੀਂ ਬਣਦੇ ਕਿ ਮਤਰੇਈ ਦੇ ਬੋਲਾਂ ਤੋਂ ਅਪਮਾਨਿਤ ਹੋ ਕੇ ਬਚਪਨ ਵਿਚ ਹੀ ਰਾਜ ਸੁੱਖ ਤਿਆਗ ਕੇ ਕਠੋਰ ਤਪੱਸਿਆ ਕਰਨ ਲਈ ਚਲ ਨਿਕਲੇ ਤੇ ਗੁਰਬਾਣੀ ਮੁਤਾਬਿਕ ਅਟੱਲ ਪਦਵੀ ਦੇ ਅਧਿਕਾਰੀ ਬਣੇ। ਦੁਨੀਆਂ ਦੇ ਦਰਦ, ਗਰੀਬਾਂ ਦੀਆਂ ਚੀਕਾਂ, ਬਿਮਾਰਾਂ ਦੀ ਹਾਇ-ਹਾਇ ਕੌਣ ਨਹੀਂ ਸੁਣਦਾ? ਪਰ ਮਹਾਤਮਾ ਗੌਤਮ ਬੁੱਧ ਉਪਰ ਹੀ ਕਿਉਂ ਏਨਾ ਪ੍ਰਭਾਵ ਪਿਆ ਕਿ ਉਹ ਸਾਰੇ ਸ਼ਾਹੀ ਠਾਠ ਬਾਠ ਛੱਡ ਕੇ ਲੋਕਾਈ ਦੇ ਦੁੱਖ ਮਿਟਾਉਣ ਲਈ ਪੈਦਲ ਹੀ ਹੋ ਤੁਰੇ ਇਸਦਾ ਉਤਰ ਏਹੀ ਹੈ ਕਿ ਉਹ ਭਾਵਨਾ ਪ੍ਰਧਾਨ ਨਿਮਲ ਹਿਰਦੇ ਵਾਲੇ ਲੋਕ ਸਨ।

ਕੀ ਹੋਰ ਰਿਸ਼ੀ ਮੁਨੀ ਨਿੱਤ ਸ਼ਿਕਾਰ ਹੁੰਦੇ ਨਹੀਂ ਵੇਖਦੇ, ਕੀ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਮਾਸੂਮ ਪਸ਼ੂ, ਪੰਛੀਆਂ ਦਾ ਘਾਣ ਦੁਸਟ ਨਹੀਂ ਕਰਦੇ ਫਿਰ ਬਾਲਮੀਕੀ ਉਪਰ ਹੀ ਏਨਾ ਅਸਰ ਕਿਉਂ ਹੋਇਆ ਕਿ ਉਨ੍ਹਾਂ ਨੇ ਇਕ ਕ੍ਰੌਂਚ ਪੰਛੀ ਦੇ ਮਾਰੇ ਜਾਣ ਤੇ ਦੂਜੇ ਦੀ ਚੀਖ ਪੁਕਾਰ ਨੂੰ ਸੁਣਕੇ ਆਖਿਆ :

***"ਮਾਂ ਨਿਸ਼ਾਦ ਪ੍ਰਤਿਸ਼ਠਾ ਤਵ ਮਗਮਾ : ਸ਼ਾਸਵਤੀ ਸਮਾ :***

***ਯਤ ਕ੍ਰੌਂਚ ਮਿਥੁਨਾਦੇਕ ਮਵਧੀਹ ਕਾਮ ਮੋਹਿਤਮ॥ (ਬਾਲਮੀਕੀ ਰਾਮਾਇਣ-ਸਰਗ-੨, ਸਲੋਕ-੧੫)***

ਕਿ ਹੇ ਨਿਸ਼ਾਦ! ਤੈਨੂੰ ਅਨੰਤ ਸਮੇਂ ਤੱਕ ਲੋਕ ਪਰਲੋਕ ਵਿਚ ਸ਼ਾਂਤੀ ਨਾ ਪ੍ਰਾਪਤ ਹੋਵੇ ਕਿਉਂਕਿ ਤੂੰ ਪ੍ਰੇਮ ਵਿਚ ਨਿਮਗਨ ਇਕ ਪੰਛੀਆਂ ਦੇ ਜੋੜੇ ਵਿਚੋਂ ਇਕ ਨੂੰ ਨਿਰਦੋਸ਼ ਹੀ ਮਾਰ ਦਿੱਤਾ ਤੇ ਇਸ ਤੋਂ ਬਾਅਦ ਉਹ ਕਾਵਿ ਜਗਤ ਦੇ ਪ੍ਰਥਮ ਗੁਰੂ ਤੇ ਆਦਿ ਕਵੀ ਹੋਏ। ਜਦੋਂ ਹਿੰਦੁਸਤਾਨ ਉਪਰ ਬਾਬਰ ਨੇ ਹਮਲਾ ਕੀਤਾ ਤਾਂ ਕੀ ਉਸ ਵੇਲੇ ਦੇ ਹੋਰ ਪੀਰਾਂ ਫ਼ਕੀਰਾਂ ਨੇ ਉਸਦੇ ਜਬਰ ਜ਼ੁਲਮ ਤੇ ਅੱਤਿਆਚਾਰ ਨੂੰ ਨਹੀਂ ਵੇਖਿਆ ਫਿਰ ਨਿਰੰਕਾਰੀ ਬਾਬੇ ਸਤਿਗੁਰੂ ਨਾਨਕ ਦੇਵ ਜੀ ਨੇ ਹੀ ਉਸਨੂੰ ਪਾਪ ਦੀ ਜੰਞ ਦਾ ਆਗੂ ਕਿਉਂ ਆਖਿਆ ਤੇ ਰੱਬ ਨੂੰ ਉਲਾਂਭੇ ਵਜੋਂ ਇਹ ਟਕੋਰ ਕਿਉਂ ਮਾਰੀ ਕਿ

*"ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦ ਨਾ ਆਇਆ"॥*

*ਅੰਗ ੩੬੦*

ਪਰ ਪਸ਼ੂ ਵਿਚ ਇਹ ਗੁਣ ਨਹੀਂ ਹੁੰਦੇ ਅਤੇ ਉਨ੍ਹਾਂ ਮਨੁੱਖਾਂ ਨੂੰ ਵੀ ਨਰ ਪਸ਼ੂ ਦੀ ਕੋਟੀ ਵਿਚ ਹੀ ਸਮਝਣਾ ਚਾਹੀਦਾ ਹੈ ਜਿਹੜੇ ਦਸ਼ਮੇਸ਼ ਪਿਤਾ ਵਰਗੇ ਕਵੀਆਂ ਦੇ ਸ਼ਾਹਸਵਾਰ ਦੇ ਸਾਹਿਤ ਦੀ ਸੂਖਮ ਵਿਅੰਜਨਾ ਨੂੰ ਨਾ ਸਮਝਕੇ ਤੇ ਉਨ੍ਹਾਂ ਦੀ ਕਵਿਤਾ ਦੇ ਮਹਾਨ ਗੁਣਾਂ ਦੀ ਗਹਿਰਾਈ ਵੱਲ ਨਾ ਜਾ ਕੇ ਸਿਰਫ਼ ਨਿੰਦਿਆ ਪੁਰਾਣ ਦੇ ਸਲੋਕਾਂ ਦਾ ਪਾਠ ਕਰਨ ਉਪਰ ਹੀ ਲੱਗੇ ਹੋਏ ਹਨ। ਏਸੇ ਲਈ ਯੋਗੀ ਭਰਥਰੀ ਹਰੀ ਨੇ ਉਨ੍ਹਾਂ ਨੂੰ ਸਿੰਗ ਤੇ ਪੂਛ ਦੇ ਅਲੰਕਾਰਾਂ ਤੋਂ ਵੀ ਰਹਿਤ ਕਰਕੇ ਆਖਿਆ ਹੈ ਕਿ ਜਿਨ੍ਹਾਂ ਉਪਰ ਕਿਸੇ ਦੀ ਦਰਦ ਭਰੀ ਆਵਾਜ਼ ਦਾ ਅਸਰ ਨਹੀਂ। ਮਾਨਵਤਾ ਦੇ ਕੋਮਲ ਭਾਵਾਂ ਦਾ ਗਿਆਨ ਨਹੀਂ, ਕਾਦਰ ਦੀਆਂ ਕੁਦਰਤਾਂ ਦੇ ਨਜ਼ਾਰੇ ਵੇਖ ਕੇ ਜੋ ਲੋਕ ਵਿਸਮਾਦ ਨਹੀਂ ਹੋ ਉਠਦੇ ਉਨ੍ਹਾਂ ਰਸਹੀਣ ਤੇ ਤਰਕ ਦੇ ਪੁਜਾਰੀਆਂ ਨੂੰ ਪਸ਼ੂ ਦਾ ਖ਼ਿਤਾਬ ਭਰਥਰੀ ਜੀ ਨੇ ਠੀਕ ਹੀ ਦਿੱਤਾ ਹੈ। ਨਹੀਂ ਤਾਂ ਉਹ ਦਸ਼ਮੇਸ਼ ਦੀ ਰਚਨਾ ਬਚਿੱਤਰ ਨਾਟਕ ਵਿਚੋਂ ਇਹ ਅਰਥ ਨਾ ਕੱਢਦੇ ਕਿ ਇਸ ਨੂੰ ਗੁਰਬਾਣੀ ਮੰਨਣ ਨਾਲ ਤਾਂ ਅਸੀਂ ਲਵਕੁਸ਼ ਦੀ ਸੰਤਾਨ ਸਾਬਤ ਹੁੰਦੇ ਹਾਂ ਜਦੋਂ ਕਿ ਹਰ ਇਕ ਪ੍ਰਾਣੀ, ਜਾਤੀ, ਵਰਗ ਜਾਂ ਸਮਾਜ ਦੀ ਵੰਸ਼ ਦੇ ਮੋਢੀ ਲੋਕ ਕੋਈ ਨਾ ਕੋਈ ਤਾਂ ਜ਼ਰੂਰ ਹੋਏ ਹਨ। ਫਿਰ ਜੇ ਗੁਰੂ ਗੋਬਿੰਦ ਸਿੰਘ ਜੀ ਦੀ ਵੰਸ਼ਾਵਲੀ ਭਗਵਾਨ ਰਾਮ ਨਾਲ ਮਿਲਦੀ ਹੈ ਤਾਂ ਕੀ ਪਹਾੜ ਡਿੱਗ ਪਿਆ। ਉਹ ਸਾਡੇ ਦੇਸ਼ ਦੀ ਮਹਾਨ ਬਿਭੂਤੀ ਹੁੰਦਾ ਤਾਂ ਉਸਦਾ ਮੰਗਲਾਚਰਣ ਗਣੇਸ਼ ਜਾਂ ਸਰਸਵਤੀ ਦੀ ਬੰਦਨਾ ਨਾਲ ਸ਼ੁਰੂ ਹੁੰਦਾ। ਪਰ ਸਾਹਿਬਾਂ ਨੇ ਜੋ ਮੰਗਲ ਕੀਤਾ ਹੈ ਉਹ ਤਾਂ ਕਾਬਿਲੇ ਤਾਰੀਫ਼ ਹੈ ਤੇ ਸਾਡੇ ਲਈ ਸਾਂਭਣਯੋਗ ਸੰਪੱਤੀ ਹੈ। ਹੇਠ ਲਿਖੇ ਪਦ ਨੂੰ ਜ਼ਰਾ ਧਿਆਨ ਨਾਲ ਪੜ੍ਹੋ।

ਦੋਹਿਰਾ :

*ਨਮਸਕਾਰ ਸ੍ਰੀ ਖੜਗ ਕੋ ਕਰੌ ਸੁ ਹਿਤੁ ਚਿਤੁ ਲਾਇ।*

*ਪੂਰਨ ਕਰੌ ਗਿਰੰਥ ਇਹੁ ਤੁਮ ਮੁਹਿ ਕਰਹੁ ਸਹਾਇ॥*

ਤ੍ਰਿਭੰਗੀ ਛੰਦ :

***ਖਗ ਖੰਡ ਬਿਹੰਡੰ ਖਲਦਲ ਖੰਡੰ ਅਤਿ ਰਣ ਮੰਡੰ ਬਰਬੰਡੰ।***

***ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ॥***

***ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸਿ ਸਰਣੰ।***

***ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ॥***

ਇਸ ਰਚਨਾ ਤੋਂ ਕਈਆਂ ਸ਼ੰਕਾਵਾਂ ਦਾ ਨਿਰਾਕਰਣ ਹੋ ਜਾਂਦਾ ਹੈ ਕਿ ਨਾ ਤਾਂ ਸਤਿਗੁਰ ਅਵਤਾਰ ਪੂਜਕ ਹਨ, ਨਾ ਉਨ੍ਹਾਂ ਦਾ ਦੇਵਤਾਵਾਦ ਵਿਚ ਵਿਸ਼ਵਾਸ ਹੈ ਅਤੇ ਨਾ ਉਨ੍ਹਾਂ ਤੋਂ ਬਿਨਾਂ ਖੜਗ ਨੂੰ ਨਮਸਕਾਰ ਤੇ ਤੇਗ ਦੀ ਹੈ ਜੈ ਜੈ ਕਾਰ ਹੋਰ ਕੋਈ ਕਵੀ ਕਰ ਸਕਦਾ ਹੈ ਜੇ ਅਜੇ ਵੀ ਬਚਿੱਤਰ ਨਾਟਕ ਕਿਸੇ ਹੋਰ ਕਵੀ ਦੀ ਕ੍ਰਿਤ ਹੈ ਤਾਂ ਇਹ ਆਖਣ ਵਾਲੇ ਅਕਲਮੰਦਾਂ ਦੀ ਅਕਲ ਨੂੰ ਦੂਰ ਤੋਂ ਹੀ ਨਮਸਕਾਰ ਕਰਨਾ ਉਚਿਤ ਹੈ।

ਫਿਰ ਉਨ੍ਹਾਂ ਦਾ ਦੇਸ਼ ਪ੍ਰਤੀ ਪਿਆਰ ਪੜ੍ਹਕੇ ਦੇਖੋ ਕਿ ਨਿਰੰਕਾਰ ਦੀ ਉਸਤਤੀ ਦੇ ਬਹਾਨੇ

ਉਹ ਹਿੰਦੁਸਤਾਨ ਦਾ ਚਿੱਤਰਨ ਕਿਵੇਂ ਕਰਦੇ ਹਨ :

***‘‘ਛੀਰ ਕੈਸੀ ਛੀਰਾਵਧਿ ਛਾਛ ਕੈਸੀ ਛਤ੍ਰਾਨੇਰ***

***ਛਪਾਕਰ ਕੈਸੀ ਛਬਿ ਕਾਲਇੰਦ੍ਰ ਕੇ ਕੂਲ ਕੈ।***

***ਹੰਸਨੀ ਸੀ ਸੀਹਾ ਰੂਪ ਹੀਰਾ ਸੀ ਹੁਸੈਨਾਬਾਦ।***

***ਗੰਗਾ ਕੈਸੀ ਧਾਰ ਚਲੀ ਸਾਤ ਸਿੰਧ ਰੂਲ ਕੈ॥***

***ਪਾਰਾ ਸੀ ਪਲਾਉਗਢ ਰੂਪਾ ਕੈਸੀ ਰਾਮਪੁਰ***

***ਸੁਰਾ ਸੀ ਸੁਰੰਗਾਬਾਦ ਨੀਕੇ ਰਹੀ ਝੂਲ ਕੈ॥***

***ਚੰਪਾ ਸੀ ਚੰਦੇਰੀ ਕੋਟ ਚਾਂਦਨੀ ਸੀ ਚਾਂਦਾਗੜਿ***

***ਕੀਰਤਿ ਤਿਹਾਰੀ ਰਹੀ ਮਾਲਤੀ ਸੀ ਫੂਲ ਕੈ॥’***

*"ਫਟਕ ਸੀ ਕੈਲਾਸ ਕਮਾਊਗੜ੍ਹ ਕਾਸੀਪੁਰ*
*ਸੀਸਾ ਸੀ ਸੁਰੰਗਬਾਦਿ ਨੀਕੈ ਸੋਹੀਅਤੁ ਹੈ।*
*ਹਿਮਾ ਸੀ ਹਿਮਾਲੇ ਹਰ ਹਾਰ ਸੀ ਹਲਬਾਨੇਰ*
*ਹੰਸ ਕੈਸੀ ਹਾਜੀਪੁਰ ਦੇਖੇ ਸੋਹੀਅਤੁ ਹੈ॥*
*ਚੰਦਨ ਸੀ ਚੰਪਾਵਤੀ ਚੰਦ੍ਰਮਾ ਸੀ ਚੰਦ੍ਰਾਗਿਰ*
*ਚਾਂਦਨੀ ਸੀ ਚਾਂਦਗੜ੍ਹ ਜਉਨ ਜੋਹੀਅਤੁ ਹੈ।*
*ਗੰਗਾ ਸਮ ਗੰਗ ਧਾਰ ਬਕਾਨਿ ਸੀ ਬਿਲੰਦਾਬਾਦਿ*
*ਕੀਰਤਿ ਤਿਹਾਰੀ ਕੀ ਉਜਿਆਰੀ ਸੋਹੀਅਤੁ ਹੈ॥*

ਅਤੇ ਇਸ ਤੋਂ ਅੱਗੇ ਉਨ੍ਹਾਂ ਦਾ ਵਿਸ਼ਵ ਪਿਆਰ ਜਾਂ ਜੜ੍ਹ ਚੇਤਨ ਦਾ ਵਰਨਣ ਵੇਖੋ ਕਿ ਸਾਰਾ ਬ੍ਰਹਿਮੰਡ ਹੀ ਤੇਨੂੰ ਗਾ ਰਿਹਾ ਹੈ।

*"ਫਰਾਸੀ ਫਿਰੰਗੀ ਫਰਾਸੀਸ ਕੇ ਦੁਰੰਗੀ*
*ਮਕਰਾਨ ਕੇ ਮ੍ਰਿਦੰਗੀ ਤੇਰੇ ਗੀਤ ਗਾਈਅਤੁ ਹੈ।*

*ਭਖਰੀ ਕੰਧਾਰੀ ਗੋਰਿ ਗਖਰੀ ਗਰਦੇਜਾਚਾਰੀ*
*ਪਉਨ ਕੇ ਅਹਾਰੀ ਤੇਰੋ ਨਾਮੁ ਧਿਆਈਅਤੁ ਹੈ॥*
*ਪੂਰਬ ਪਲਾਊ ਕਾਮਰੂਪ ਅਉ ਕਮਾਉ*
*ਸਰਬ ਠਉਰ ਮੈ ਬਿਰਾਜੈ ਜਹਾ ਜਹਾ ਜਾਈਅਤੁ ਹੈ।*
*ਪੂਰਨ ਪ੍ਰਤਾਪੀ ਜੰਤ੍ਰ ਮੰਤ੍ਰ ਤੇ ਅਤਾਪੀ ਨਾਥ*
*ਕੀਰਤਿ ਤਿਹਾਰੀ ਕੋ ਨਾ ਪਾਰ ਪਾਈਅਤੁ ਹੈ॥"*

ਪ੍ਰੇਮ ਦੀ ਪ੍ਰਧਾਨਤਾ ਦਾ ਵਰਨਣ ਤੇ ਪਾਖੰਡ ਖੰਡਨ ਇਸ ਛੰਦ ਵਿਚ ਵੇਖੋ :

*"ਕਹਾ ਭਯੋ ਦੋਊ ਲੋਚਨ ਮੂੰਦ ਕੈ ਬੈਠਿ ਰਹਿਓ ਬਕ ਧਯਾਨ ਲਗਾਇਓ।*
*ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨ ਲੋਕ ਗਇਓ ਪਰਲੋਕ ਗਵਾਇਓ॥*
*ਬਾਸੁ ਕੀਓ ਬਿਖਿਆਨ ਸੋ ਬੈਠ ਕੇ ਐਸੇ ਹੀ ਐਸ ਸੋ ਬੈਸ ਬਿਤਾਇਓ।*

*ਸਾਚੁ ਕਹੌਂ ਸੁਨ ਲੇਹੁ ਸਭੇ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ ॥''*

ਸ਼ਿੰਗਾਰ ਰਸ ਦਾ ਉਦਾਹਰਣ ਹੇਠ ਲਿਖੇ ਛੰਦ ਤੋਂ ਵਧੀਆ ਹੋ ਹੀ ਨਹੀਂ ਸਕਦਾ।

*''ਮੀਨ ਮੁਰਝਾਨੇ ਕੰਜ ਖੰਜਨ ਖਿਸਾਨੇ ਅਲਿ*
*ਫਿਰਤ ਦਿਵਾਨੇ ਬਨਿ ਡੋਲੈ ਜਿਤ ਤਿਤ ਹੀ।*
*ਕੀਰ ਅਉ ਕਪੋਤ ਬਿੰਬ ਕੋਇਲਾ ਕਲਾਪੀ ਬਨਿ*
*ਲੂਟੇ ਫੂਟੇ ਫਿਰੈ ਮਨਿ ਚੈਨ ਹੂੰ ਨ ਕਿਤਹੀ ॥*
*ਦਾਰਿਮ ਦਰਕ ਗਇਓ ਪੇਖਿ ਦਸਨਨਿ ਪਾਤਿ*
*ਰੂਪ ਹੀ ਕੀ ਕ੍ਰਾਂਤਿ ਜਗਿ ਫੈਲ ਰਹੀ ਸਿਤਹੀ।*
*ਐਸੀ ਗੁਨ ਸਾਗਰ ਉਜਾਗਰ ਸੁ ਨਾਗਰਿ ਹੈ*
*ਲੀਨੋ ਮਨ ਮੇਰੋ ਹਰਿ ਨੈਨ ਕੋਰਿ ਚਿਤਹੀ ॥''*

ਇਸ ਅਗਲੇ ਸਵੈਯੇ ਵਿਚ ਕੇਵਲ ਹਰਿ ਸ਼ਬਦ ਨੂੰ ਲੈ ਕੇ ਇਸਤਰੀ ਦੇ ਸੰਪੂਰਨ ਅੰਗਾਂ ਦਾ ਵਰਨਣ ਕੀਤਾ ਹੈ ਜੋ ਕਿ ਭਾਵੁਕ ਲੋਕ ਹੀ ਸਮਝ ਸਕਦੇ ਹਨ। ਜਿਨ੍ਹਾਂ ਨੇ ਉਸਤਾਦਾਂ ਦੀਆਂ ਮਾਰਾਂ ਨਹੀਂ ਖਾਧੀਆਂ ਤੇ ਵਿਦਵਾਨਾਂ ਦੇ ਚਰਨਾਂ 'ਚ ਬੈਠ ਕੇ ਸੇਵਾ ਸਾਧਨਾ ਨਹੀਂ ਕੀਤੀ ਉਹ ਇਸ ਦੇ ਅਰਥਾਂ ਨੂੰ ਜਾਣ ਹੀ ਨਹੀਂ ਸਕਦੇ।

*''ਹਰਿ ਸੋ ਮੁਖ ਹੈ ਹਰਿਤੀ ਦੁਖ ਹੈ ਅਲਿਕੈ ਹਰ ਹਾਰ ਪ੍ਰਭਾ ਹਰਿਨੀ ਹੈ*
*ਲੋਚਨ ਹੈ ਹਰਿ ਸੇ ਸਰਸੇ ਹਰਿ ਸੇ ਭਰੁਟੇ ਹਰਿਸੀ ਬਰੁਨੀ ਹੈ ॥*
*ਕੇਹਰਿ ਸੋ ਕਰਿਹਾ ਚਲਬੋ ਹਰਿ ਪੈ ਹਰਿ ਕੀ ਹਰਿਨੀ ਬਰੁਨੀ ਹੈ।*
*ਹੈ ਕਰ ਮੈ ਹਰਿ ਪੈ ਹਰਿ ਸੋ ਹਰਿ ਰੂਪ ਕੀਏ ਹਰਿ ਕੀ ਧਰਨੀ ਹੈ ॥''*

ਕ੍ਰਿਸ਼ਨ ਪ੍ਰਤੀ ਗੋਪੀਆਂ ਦੇ ਉਲਾਂਭੇ ਪੜ੍ਹਨਯੋਗ ਹਨ ਜੋ ਕਿ ਇਕ ਤੁਕਾਂਤ ਨੂੰ ਲੈ ਕੇ ਕ੍ਰਿਸ਼ਨਾਵਤਾਰ ਦੇ ੯੧੧ ਛੰਦ ਤੋਂ ਲੈ ਕੇ ੯੨੫ ਤੱਕ ਹੈ। ਜਿਸ ਵਿਚ ਬਿਰਹਾ ਵਿਜੋਗ ਤੇ ਅਗਾਧ ਪ੍ਰੇਮ ਦੀ ਛਟਾ ਪੜ੍ਹਿਆਂ ਸੁਣਿਆਂ ਹੀ ਬਣਦੀ ਹੈ।

*''ਫੂਲਿ ਰਹੇ ਸਿਗਰੇ ਬ੍ਰਿਜ ਕੇ ਤਰੁ ਫੂਲ ਲਤਾ ਤਿਨ ਸੋ ਲਪਟਾਈ॥*
*ਫੂਲਿ ਰਹੇ ਸਰਿ ਸਾਰਸ ਸੁੰਦਰ ਸੋਭ ਸਮੂਹ ਬਢੀ ਅਧਿਕਾਈ॥*
*ਚੇਤ ਚੜਿਯੋ ਸੁਕ ਸੁੰਦਰ ਕੋਕਿਲਕਾ ਜੁਤ ਕੰਤ ਬਿਨਾ ਨਾ ਸੁਹਾਈ।*
*ਦਾਸੀ ਕੇ ਸੰਗਿ ਰਹਿਯੋ ਗਹਿ ਹੋ ਟਸਕਯੋ ਨਾ ਹੀਯੋ ਕਸਕਯੋ ਨ ਕਸਾਈ॥''*

*''ਬਾਸ ਸੁਬਾਸ ਅਕਾਸ ਮਿਲੀ ਅਰੁ ਬਾਸਤ ਭੂਮਿ ਮਹਾ ਛਬਿ ਪਾਈ।*
*ਸੀਤਲ ਮੰਦ ਸੁਗੰਧਿ ਸਮੀਰ ਬਹੈ ਮਕਰੰਦ ਨਿਸੰਕ ਮਿਲਾਈ॥*
*ਪੈਰ ਪਰਾਗ ਰਹੀ ਹੈ ਬੈਸਾਖ ਸਭੈ ਬ੍ਰਿਜ ਲੋਗਨ ਕੀ ਦੁਖਦਾਈ।*
*ਮਾਲਿਨ ਲੈਬ ਕਰੋ ਰਸ ਕੋ ਟਸਕਯੋ ਨਾ ਹੀਯੋ ਕਸਕਯੋ ਨ ਕਸਾਈ॥''*
ਨੋਟ : ਵੱਧ ਵਿਸਥਾਰ ਦੇ ਭੈਅ ਤੋਂ ਨਹੀਂ ਲਿਖ ਰਹੇ ਹਾਂ।

ਜ਼ਫ਼ਰਨਾਮੇ ਦਾ ਮੰਗਲਾਚਰਨ ਵਾਲਾ ਇਹ ਛੰਦ ਸਿੱਧ ਕਰਦਾ ਹੈ ਕਿ ਉਹ ਜਿਹੜੀ ਵੀ ਜ਼ੁਬਾਨ ਵਿਚ ਲਿਖਦੇ ਸੀ ਉਨ੍ਹਾਂ ਨੂੰ ਉਸ ਉਪਰ ਕਿੰਨਾ ਆਬੂਰ ਹਾਸਲ ਸੀ :

*''ਕਮਾਲੇ ਕਰਾਮਾਤ ਕਾਯਮ ਕਰੀਮ॥*
*ਰਜ਼ਾ ਬਖ਼ਸ਼ ਰਾਜ਼ਿਕ ਰਿਹਾਕੋ ਰਹੀਮ॥''*

ਇਹ ਫਾਰਸੀ ਦਾ ਬੈਂਤ ਛੰਦ ਹੈ ਇਸ ਵਿਚ ਕੇਵਲ ਅਖੀਰਲੇ ਦੋ ਅਨੁਪ੍ਰਾਸ ਹੀ ਮਿਲਾਉਣੇ ਹੁੰਦੇ ਹਨ। ਜਿਵੇਂ ਇਸ ਵਿਚ ਕਰੀਮ ਤੇ ਰਹੀਮ ਮਿਲਾਏ ਹਨ ਪਰ ਹਜ਼ੂਰ ਨੇ ਪਹਿਲੀ ਲਾਈਨ ਦਾ ਹਰ ਲਫ਼ਜ਼ ਕੱਕੇ ਨਾਲ ਤੇ ਦੂਜੀ ਦਾ ਰਾਰੇ ਨਾਲ ਨਿਭਾਇਆ ਹੈ ਤੇ ਇਹ ਲਾਈਨਾਂ ਲਿਖੀਆਂ ਵੀ ਕਦੋਂ ਹਨ ਜਦੋਂ ਆਨੰਦਪੁਰ ਦੇ ਠਾਠ ਬਾਠ ਛੁੱਟ ਗਏ। ਨਜ਼ਰ ਦੇ ਨੂਰ, ਜਿਗਰ ਦੇ ਟੁਕੜੇ ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਗਏ, ਪੰਥ ਖੇਰੂੰ ਖੇਰੂੰ ਹੋ ਗਿਆ। ਉਸ ਵੇਲੇ ਦੀਨਾ ਸਾਹਿਬ ਦੇ ਜੰਗਲੀ ਇਲਾਕੇ ਵਿਚ ਬੈਠ ਕੇ ਇਹ ਸ਼ੇਅਰ ਲਿਖੇ। ਆਮ ਆਦਮੀ ਨੂੰ ਇਸ ਹਾਲਤ ਵਿਚ

ਪਾਗ਼ਲ ਹੋ ਜਾਣਾ ਚਾਹੀਦਾ ਹੈ। ਪਰ ਹਜ਼ੂਰ ਹਨ ਕਿ ਚੜ੍ਹਦੀ ਕਲਾ ਵਿਚ ਰਹਿ ਕੇ ਔਰੰਗਜ਼ੇਬ ਜਿਹੇ ਜ਼ਿੱਦੀ ਤੇ ਜ਼ਾਲਿਮ ਬਾਦਸ਼ਾਹ ਨੂੰ ਕਿਹੋ ਜਿਹੇ ਬਚਨਾਂ ਨਾਲ ਫਿਟਕਾਰ ਪਾਉਂਦੇ ਹਨ। ਜ਼ਰਾ ਹੇਠਲੇ ਸ਼ੇਅਰ ਪੜ੍ਹ ਕੇ ਵੇਖੋ।

*"ਤੁਰਾ ਗਰ ਨਜ਼ਰ ਹਸਤ ਲਸ਼ਕਰ ਵਾ ਜ਼ਰ।*

*ਕਿ ਮਾਰਾ ਨਿਗਹ ਅਸਤ ਯਜ਼ਦਾਂ ਸ਼ੁਕਰ॥"*

ਭਾਵ ਜੇ ਤੇਰੀ ਨਜ਼ਰ ਧਨ ਦੌਲਤ ਅਤੇ ਫੌਜ ਉਪਰ ਹੈ ਤਾਂ ਮੇਰੀ ਨਜ਼ਰ ਪ੍ਰਮਾਤਮਾ ਦੇ ਸ਼ੁਕਰ ਵੱਲ ਹੈ।

*"ਕਿ ਊ ਰਾ ਗਰੂਰ ਅਸਤ ਬਰ ਮੁਲਕੋ ਮਾਲ।*

*ਵ ਮਾਰਾ ਪਨਾਹ ਅਸਤ ਯਜ਼ਦਾਂ ਅਕਾਲ॥"*

ਜੇ ਤੈਨੂੰ ਮੁਲਕ ਤੇ ਮਾਲ ਦਾ ਹੰਕਾਰ ਹੈ ਤਾਂ ਮੈਨੂੰ ਅਕਾਲ ਪੁਰਖ ਦੀ ਓਟ ਦਾ ਮਾਣ ਹੈ।

*ਚਿਹਾ ਸ਼ੁਦਾ ਕਿ ਚੂੰ ਬੱਚਗਾਂ ਕੁਸ਼ਤਹ ਚਾਰ।*

*ਕਿ ਬਾਕੀ ਬਮਾਂਦਸਤੁ ਪੇਚੀਦਹ ਮਾਰ॥"*

ਕੀ ਹੋਇਆ ਕਿ ਤੂੰ ਮੇਰੇ ਚਾਰ ਨਿੱਕੇ-ਨਿੱਕੇ ਬੱਚੇ ਮਾਰ ਦਿੱਤੇ ਜਦੋਂ ਕਿ ਭਿਅੰਕਰ ਕੁੰਡਲੀਆਂ ਨਾਗ ਅਜੇ ਪਿਛੇ ਰਹਿੰਦਾ ਹੈ।

*"ਚਿ ਮਰਦੀ ਕਿ ਅਖ਼ਗਰ ਖ਼ਮੋਸ਼ਾਂ ਕੁਨੀ।*

*ਕਿ ਆਤਿਸ਼ ਦਮਾਂ ਰਾਂ ਫ਼ਰੋਸ਼ਾਂ ਕੁਨੀ॥"*

ਇਸ ਵਿਚ ਵੀ ਕੀ ਮਰਦਾਨਗੀ ਹੈ ਕਿ ਤੂੰ ਕੁਝ ਕੁ ਚਿੰਗਿਆੜੀਆਂ ਨੂੰ ਬੁਝਾ ਦਿੱਤਾ ਜਦੋਂ ਕਿ ਭੜਕਦੀ ਹੋਈ ਅੱਗ ਅਜੇ ਬਾਕੀ ਹੈ। ਫਿਰ ਸਾਹਿਬ ਫ਼ਾਰਸੀ ਦੇ ਮਸ਼ਹੂਰ ਸ਼ਾਇਰ ਫਿਰਦੌਸੀ ਦੀ ਗਵਾਹੀ ਪਾਉਂਦੇ ਹਨ ਕਿ ਕਾਹਲ ਵਿਚ ਕੀਤਾ ਹੋਇਆ ਕੰਮ ਸ਼ੈਤਾਨ ਦਾ ਹੁੰਦਾ ਹੈ। ਸ਼ੇਅਰ ਦੀ ਖ਼ੂਬਸੂਰਤ ਜੜਤ ਵੱਲ ਵੇਖੋ :

*"ਕਿ ਖ਼ੁਸ਼ ਗੁਫ਼ਤ ਫਿਰਦੌਸੀਏ ਖ਼ੁਸ਼ ਜ਼ੁਬਾਂ।*

*ਸ਼ਿਤਾਬੀ ਬਵਦ ਕਾਰਿ ਆਹਰਮਨਾ॥"*

ਪੁੱਛਿਆ ਜਾ ਸਕਦਾ ਹੈ ਕਿ ਹਿੰਦੁਸਤਾਨ ਦਾ ਹੋਰ ਕਿਹੜਾ ਕਵੀ ਹੈ ਜਿਸ ਨੇ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਸ਼ਸਤਰ ਨਾਮ ਮਾਲਾ ਪੁਰਾਣ ਵਰਗੀ ਕ੍ਰਿਤੀ ਸਿਰਜਣਾ ਕੀਤੀ ਹੈ ਅਤੇ ਕਿਹੜਾ ਉਹ ਕਵੀ ਹੈ ਜਿਨ੍ਹਾਂ ਨੇ ਉਨ੍ਹਾਂ ਵਰਗਾ ਸੰਗੀਤਮਈ ਯੁੱਧ ਚਿਤਰਣ ਕੀਤਾ ਹੈ। ਧਿਆਨ ਨਾਲ ਜ਼ਰਾ ਉਦਾਹਰਣ ਵੇਖੋ :

*"ਬਾਗੜਦੰ ਬੀਰੰ ਜਾਗੜਦੰ ਜੂਟੇ। ਤਾਗੜਦੰ ਤੀਰੰ। ਛਾਗੜਦੰ ਛੂਟੇ।*
*ਸਾਗੜਦੰ ਸੁਆਰੰ ਜਾਗੜਦੰ ਜੂਝੇ। ਜਾਗੜਦੰ ਕੋਪੇ ਰਾਗੜਦੰ ਰੁਝੇ ॥"*

*"ਮਾਗੜਦੰ ਮਾਚਿਓ ਜਾਗੜਦੰ ਜੁਧੰ। ਜਾਗੜਦੰ ਜੋਧਾ ਕਾਗੜਦੰ ਕ੍ਰੱਧੰ।*
*ਸਾਗੜਦੰ ਸਾਗੰ ਡਾਗੜਦੰ ਡਾਰੇ। ਬਾਗੜਦੰ ਬੀਰੰ ਆਗੜਦੰ ਉਤਾਰੇ ॥"*

ਸਤਿਗੁਰੂ ਦਸ਼ਮੇਸ਼ ਤੋਂ ਬਿਨਾਂ ਉਹ ਹੋਰ ਦੂਜਾ ਕਵੀ ਕੌਣ ਹੈ ਜਿਸ ਨੇ ਪਟਨੇ ਸ਼ਹਿਰ ਵਿਖੇ ਭਵ ਲਿਆ ਹੈ? ਤੇ ਆਪਣੇ ਆਪ ਨੂੰ ਅਵਤਾਰ ਕਹਿਣ ਵਾਲਿਆਂ ਨੂੰ ਨਰਕ ਦੇ ਭਾਗੀ ਹੋਣ ਦੀ ਤਾੜਨਾ ਕੌਣ ਕਰ ਸਕਦਾ ਹੈ। ਉਨ੍ਹਾਂ ਵਰਗਾ ਵਰ ਸ਼ਕਤੀ ਤੋਂ ਕੌਣ ਮੰਗ ਸਕਦਾ ਹੈ। ਰਵਿ ਸਸਿ ਦੇ ਚਰਨਾਂ ਵਿਚ ਅਜਿਹੀ ਬੇਨਤੀ ਹੋਰ ਕੌਣ ਕਰ ਸਕਦਾ ਹੈ ਤੇ ਰਵਿ ਸਸਿ ਜਿਹੇ ਗਹਿਰ ਗੰਭੀਰ ਬਿੰਬ ਉਨ੍ਹਾਂ ਬਿਨਾ ਕੌਣ ਵਰਤ ਸਕਦਾ ਹੈ? ਨਿਰੰਕਾਰ ਨਾਲ ਸਿੱਧੀ ਗੱਲਬਾਤ ਕਰਨ ਦੀ ਸਮਰੱਥਾ ਹੋਰ ਕਿਸ ਵਿਚ ਹੈ? "ਮਾਨਸ ਕੀ ਜਾਤਿ" ਨੂੰ ਇਕ ਕਹਿਣ ਵਾਲਾ ਉਨ੍ਹਾਂ ਬਿਨਾਂ ਹੋਰ ਕੌਣ ਹੈ? ਕੀ ਕੋਈ ਹਿੰਦੂ ਜਾਂ ਮੁਸਲਮਾਨ ਕਵੀ ਇਹੋ ਹਿੰਮਤ ਕਰ ਸਕਦਾ ਹੈ ਕਿ ਉਹ ਜਾਤ-ਪਾਤ ਤੇ ਭੇਦ ਭਾਵ ਦਾ ਖੰਡਨ ਕਰਕੇ ਸਾਰੀ ਮਾਨਵਤਾ ਨੂੰ ਇਕ ਨਜ਼ਰ ਨਾਲ ਵੇਖੇ। ਜੇ ਦਸਮ ਗ੍ਰੰਥ ਦਾ ਰਚਨਾਕਾਰ ਦਸ਼ਮੇਸ਼ ਨਹੀਂ ਤਾਂ ਹੋਰ ਕੌਣ ਹੈ? ਜਿਸ ਤੇ ਵਿਚਾਰ ਕਰਦਿਆਂ ਇਹ ਗੱਲ ਤਾਂ ਸਿੱਧ ਹੀ ਹੈ ਕਿ ਇਹ ਕਿਸੇ ਮੁਸਲਮਾਨ ਕਵੀ ਦੀ ਕ੍ਰਿਤ ਨਹੀਂ ਪਰ ਜੇ ਕਿਸੇ ਹਿੰਦੂ ਕਵੀ ਦੀ ਕ੍ਰਿਤ ਹੈ ਤਾਂ ਦਾਸ ਨੇ ਲਗਭਗ "ਜਾਇਸੀ" ਤੋਂ ਲੈ ਕੇ "ਤੁਲਸੀ, ਸੂਰਦਾਸ, ਕੇਸ਼ਵ, ਬਿਹਾਰੀ, ਭੂਸ਼ਣ, ਮਤੀਰਾਮ, ਘਣਾਨੰਦ, ਦੇਵ, ਪਦਮਾਕਰ, ਰਤਨਾਕਰ, ਭਿਖਾਰੀ ਦਾਸ, ਗੰਗ, ਸੈਨਾਪਤਿ, ਬੈਣੀ, ਰਸਖਾਨ, ਆਲਮ-ਬੋਧਾ ਆਦਿ ਲਗਭਗ ਸਾਰੇ ਹੀ

ਹਿੰਦੀ ਦੇ ਵੱਡੇ ਕਵੀਆਂ ਨੂੰ ਪੜ੍ਹਿਆ ਹੈ ਕਿਸੇ ਵੀ ਕਵੀ ਦੀ ਛੰਦ ਰਚਨ, ਅਲੰਕਾਰਿਕ ਸ਼ਬਦਾਵਲੀ, ਰਸ ਵਰਨਣ, ਭਾਵ ਚਿਤਰਣ, ਪ੍ਰਕ੍ਰਿਤੀ ਦੀ ਸੁੰਦਰਤਾ ਆਦਿ ਦਸਮ ਗ੍ਰੰਥ ਸਾਹਿਬ ਦੇ ਬਾਣੀ ਵਿਧਾਨ ਨਾਲ ਨਹੀਂ ਮਿਲਦੀ ਫਿਰ ਕੋਈ ਵੀ ਹਿੰਦੂ ਕਵੀ ਇਹ ਕਿਵੇਂ ਕਹਿ ਸਕਦਾ ਹੈ ਕਿ "ਮੈਂ ਨ ਗਣੇਸਹਿ ਪ੍ਰਿਥਮ ਮਨਾਊਂ। ਕਿਸਨ ਬਿਸਨ ਕਬਹੂੰ ਨ ਧਿਆਊਂ॥"

*ਜਾਂ "ਮਹਾਂਦੇਵ ਕੋ ਕਹਤ ਸਦਾ ਸਿਵ।*
*ਨਿਰੰਕਾਰ ਕਾ ਚੀਨਤ ਨਹਿ ਭਿਵ॥"*

ਈਸ਼ਵਰ ਦੇ ਨਵੇਂ ਨਾਮ ਖੜਗਕੇਤ, ਅਸਿਧੁਜ ਆਦਿ ਕੌਣ ਕਵੀ ਕਲਪ ਸਕਦਾ ਹੈ। ਜਾਪੁ ਸਾਹਿਬ ਅਤੇ ਅਕਾਲ ਉਸਤਤਿ ਵਿਚ ਪ੍ਰਮਾਤਮਾ ਦੀ ਉਸਤਤੀ ਜਿਸ ਤਰ੍ਹਾਂ ਕੀਤੀ ਗਈ ਹੈ ਅਤੇ ਜਿਹੀ ਵਿਲੱਖਣ ਸ਼ਬਦਾਵਲੀ ਉਸ ਵਿਚ ਵਰਤੀ ਹੈ ਉਹ ਕਿਸੇ ਵੀ ਦੁਨਿਆਵੀ ਕਵੀ ਦੀ ਸਮਰੱਥਾ ਤੋਂ ਬਾਹਰਲੀ ਗੱਲ ਹੈ।

ਇਸ ਲਈ ਬੇਨਤੀ ਹੈ ਕਿ ਸਾਹਿਤ ਜਾਂ ਕਵਿਤਾ ਨੂੰ ਸਮਝਣ ਵਾਸਤੇ ਸ਼ੁੱਧ ਅੰਤ੍ਰਾਕਣ, ਨਿਰਮਲ ਬੁੱਧੀ ਅਤੇ ਭਾਵਨਾ ਭਰਪੂਰ ਦਿਲ ਚਾਹੀਦਾ ਹੈ। ਕਲਗੀਧਰ ਵਰਗੇ ਵਿਸ਼ਵ ਸਮਰਾਟ ਕਵੀ ਦੇ ਕਲਾਮ ਨੂੰ ਜਣਾ-ਖਣਾ ਨਹੀਂ ਪਹਿਚਾਨ ਸਕਦਾ। ਐਵੇਂ ਇਧਰੋਂ ਓਧਰੋਂ ਚਾਰ ਟੋਟਕੇ ਇਕੱਠੇ ਕਰਕੇ ਮਗ਼ਜ਼ ਮਾਰਨਾ ਹੋਰ ਗੱਲ ਹੈ। ਗੁਰੂ ਗੋਬਿੰਦ ਸਿੰਘ ਜੀ ਤੋਂ ਬਿਨਾਂ ਹੋਰ ਕਿਹੜਾ ਕਵੀ ਹੈ ਜੋ ਨਿਰੰਕਾਰ ਦੀ ਇਉਂ ਵਡਿਆਈ ਕਰੇ।

***"ਅਕਾਲ, ਕ੍ਰਿਪਾਲ, ਅਰੂਪ, ਅਨੂਪ, ਅਭੇਖ, ਅਲੇਖ, ਅਕਾਏ, ਅਜਾਏ, ਅਗੰਜ, ਅਭੰਜ, ਅਨਾਮੇ, ਅਠਾਮੇ, ਅਕਰਮੰ, ਅਧਰਮੰ, ਅਨਾਮੰ, ਅਬਾਹੇ, ਅਢਾਹੇ, ਅਨੀਲੇ, ਅਨਾਦੇ, ਅਛੇਦੇ, ਅਗਾਧੇ, ਅਪਾਧੇ, ਅਭੂਤੇ, ਅਜੂਪੇ, ਨ੍ਰਿਦੇਸੇ, ਨ੍ਰਿਭੇਸੇ, ਨ੍ਰਿਧਾਤੇ, ਨ੍ਰਿਘਾਤੇ, ਨ੍ਰਿਤਾਪੇ, ਨ੍ਰਿਬਰਗੇ, ਅਸਰਗੇ।"***

ਉਹ ਹਰ ਕਲਾ ਦਾ ਗਿਆਤਾ ਹੈ ਸਾਡੇ ਨ੍ਰਿਤ ਸੰਗੀ ਕਲਾ ਹੁਨਰ ਦਾ ਆਦਿ ਉਹੀ ਹੈ ਉਹ ਗਰੀਬਾਂ ਦਾ ਰਾਖਾ ਹੈ ਤੇ ਤਾਕਤਵਰਾਂ ਨੂੰ ਮਾਰਨ ਵਾਲਾ ਹੈ।

*"ਗਨੀਮੁਲ ਖਿਰਾਜ ਹੈ। ਗਰੀਬੁਲ ਨਿਵਾਜ਼ ਹੈ॥"*

*ਉਹ "ਸਰਬ ਸੋਖੰ", "ਸਰਬ ਪੋਖੰ", "ਸਰਬ ਕਰਤਾ", "ਸਰਬ ਹਰਤਾ" ਹੈ।*

*ਉਨ੍ਹਾਂ ਬਿਨਾਂ ਇਹ ਕੌਣ ਕਹਿ ਸਕਦਾ ਹੈ ਕਿ ਸਾਰਾ ਵਿਸ਼ਵ ਓਸੇ ਦਾ ਹੀ ਰੂਪ ਹੈ।*

*"ਜੱਛ, ਗੰਧ੍ਰਬ, ਉਰਗ, ਬਿਦਿਆਧਾਰ, ਕਿੰਨਰ, ਪਿਸ਼ਾਚ, ਹਿੰਦੂ, ਤੁਰਕ, ਦੇਵ, ਦਾਨਵ, ਇੰਦ੍ਰ, ਸ਼ਸ਼ਤ੍ਰਧਾਰੀ, ਜਟਾਧਾਰੀ, ਕੰਠੀਧਾਰੀ, ਬ੍ਰਹਮਚਾਰੀ, ਜਗੀ, ਕਾਨਫਾਰੀ, ਡੰਡਾਧਾਰੀ ਆਦਿ ਆਦਿ॥*

ਸਾਹਿਬ ਕਮਾਲ ਦਸਮ ਗੁਰੂ ਤੋਂ ਬਿਨਾਂ ਖਾਲਸੇ ਨੂੰ ਹੇਠ ਲਿਖਿਆ ਆਦੇਸ਼ ਹੋਰ ਕੌਣ ਦੇ ਸਕਦਾ ਹੈ :–

*"ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨਾ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨਾ ਮਾਨੈ॥*
*ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ ਤਬ ਖਾਲਸਾ ਤਾਹਿ ਨਿਖਾਲ ਜਾਨੈ॥"*

ਉਸ ਇਨਕਲਾਬੀ ਯੋਧੇ ਤੋਂ ਬਿਨਾ ਇਕ ਨਿਰੰਕਾਰ ਦੀ ਪੂਜਾ ਦੀ ਗੱਲ ਹੋਰ ਕੌਣ ਕਰ ਸਕਦਾ ਹੈ।

*"ਸਗਲ ਦੁਆਰ ਕਉ ਛਾਡਿਕੈ ਗਹਿਓ ਤੁਹਾਰੇ ਦੁਆਰ॥*
*ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥"*

ਉਨ੍ਹਾਂ ਤੋਂ ਬਿਨਾਂ ਦੁਰਗਾ, ਖੜਗ, ਤੇਗ, ਤਲਵਾਰ, ਸ਼ਕਤੀ ਜਾਂ ਸ਼ਿਵ ਤੋਂ ਇਹ ਵਰ ਕੌਣ ਮੰਗ ਸਕਦਾ ਹੈ :–

*"ਦੇਹਿ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ।*
*ਨ ਡਰੌਂ ਅਰਿ ਸੌਂ ਜਬ ਜਾਇ ਲਰੋਂ ਨਿਸਚੈ ਕਰ ਅਪਨੀ ਜੀਤ ਕਰੋਂ॥*
*ਅਰੁ ਸਿਖ ਹੋ ਅਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋਂ।*

*ਜਬ ਆਵ ਕੀ ਅਉਧ ਨਿਧਾਨ ਬਨੈ ਅਤਿ ਹੀ ਰਨ ਮਹਿ ਤਬ ਜੂਝ ਮਰੋਂ ॥"*

ਅਜਿਹਾ ਕਿਹੜਾ ਕਵੀ ਹੈ ਜਿਸ ਨੇ ਆਪਣੇ ਪੂਰਵ ਜਨਮ ਦੀ ਤਪ ਗਾਥਾ ਲਿਖੀ ਹੋਵੇ ਤੇ ਨਾਲ ਅਸਥਾਨ ਵੀ ਦੱਸਿਆ ਹੋਵੇ।

*"ਅਬ ਮੈ ਅਪਨੀ ਕਥਾ ਬਖਾਨੋ। ਤਪ ਸਾਧਤ ਜਿਹ ਬਿਧਿ ਮੁਹਿ ਆਨੋ।*
*ਹੇਮ ਕੁੰਟ ਪਰਬਤ ਹੈ ਜਹਾਂ। ਸਪਤ ਸ੍ਰਿੰਗ ਸੋਭਿਤ ਹੈ ਤਹਾਂ॥*
*ਸਪਤਸ੍ਰਿੰਗ ਤਿਹ ਨਾਮ ਕਹਾਵਾ। ਪੰਡੁਰਾਜ ਜਹ ਜੋਗੁ ਕਮਾਵਾ।*
*ਤਹ ਹਮ ਅਧਿਕ ਤਪੱਸਿਆ ਸਾਧੀ। ਮਹਾਕਾਲ ਕਾਲਕਾ ਅਰਾਧੀ॥*

ਕਿਸ ਕਵੀ ਦੇ ਮਾਤਾ ਪਿਤਾ ਨੇ ਨਿਰੰਕਾਰ ਦੀ ਪੂਜਾ ਕੀਤੀ ਹੈ :–

*ਇਹ ਬਿਧਿ ਕਰਤ ਤਪੱਸਿਆ ਭਯੋ। ਦਵੈ ਤੇ ਏਕ ਰੂਪ ਹਵੈ ਗਯੋ।*
*ਤਾਤ ਮਾਤ ਮੁਰ ਅਲਖ ਅਰਾਧਾ। ਬਹੁ ਬਿਧਿ ਜੋਗ ਸਾਧਨਾ ਸਾਧਾ॥*
*ਤਿਨ ਜੋ ਕਰੀ ਅਲਖ ਕੀ ਸੇਵਾ। ਤਾ ਤੇ ਭਏ ਪ੍ਰਸੰਨ ਗੁਰਦੇਵਾ।*
*ਤਿਨ ਪ੍ਰਭ ਜਬ ਆਇਸੁ ਮੁਹਿ ਦੀਆ। ਤਬ ਹਮ ਜਨਮ ਕਲੂ ਮਹਿ ਲੀਆ॥"*

ਉਨ੍ਹਾਂ ਤੋਂ ਬਿਨਾਂ ਖ਼ਾਲਸੇ ਨੂੰ ਏਨਾ ਮਾਨ ਕੌਣ ਬਖਸ਼ ਸਕਦਾ ਹੈ :–

*"ਇਹਨੀਂ ਕੀ ਕ੍ਰਿਪਾ ਕੇ ਸਜੇ ਹਮ ਹੈਂ।*
*ਨਹੀਂ ਮੋ ਸੇ ਗਰੀਬ ਕਰੋਰ ਪਰੇ॥"*

ਅਤੇ ਸਾਰਿਆਂ ਭਾਰਤ ਵਾਸੀਆਂ ਨੂੰ ਗਰਜਵੀਂ ਆਵਾਜ਼ ਵਿਚ ਇਹ ਵੰਗਾਰ ਭਰਿਆ ਉਪਦੇਸ਼ ਮੇਰੇ ਮਹਾਨ ਯੋਧੇ ਪ੍ਰੀਤਮ ਦਸ਼ਮੇਸ਼ ਪਿਤਾ ਤੋਂ ਬਿਨਾਂ ਕੌਣ ਦੇ ਸਕਦਾ ਹੈ :–

*ਹਮਾ ਹੀਲਤੇ ਦਰ ਗੁਜ਼ਸ਼ਤ,*
*ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥"*

ਫਿਰ ਕੋਈ ਵੀ ਦੁਨੀਆਦਾਰ ਕਵੀ ਪ੍ਰਮਾਤਮਾ ਤੋਂ ਆਪਣੀ ਅਤੇ ਆਪਣੇ ਪਰਿਵਾਰ ਦੀ ਸੁਖ ਮੰਗ ਸਕਦਾ ਹੈ। ਪਰ ਇਕ ਮੁਕੰਮਲ ਪੰਥ ਦੇ ਆਗੂ ਤੋਂ ਬਿਨਾਂ ਤੇ ਪੂਰਨ ਗੁਰੂ ਕਰਤਾਰ ਤੋਂ ਬਿਨਾਂ ਕਿਹੜਾ ਕਵੀ ਕਹਿ ਸਕਦਾ ਹੈ ਕਿ :

*''ਸੁਖੀ ਬਸੈ ਮੋਰੋ ਪਰਿਵਾਰਾ। ਸੇਵਕ ਸਿੱਖਯ ਸਭੈ ਕਰਤਾਰਾ ॥''*

ਫਿਰ ਆਮ ਕਰਕੇ ਵੇਖਿਆ ਗਿਆ ਹੈ ਕਿ ਕਵੀ ਲੋਕ ਸ਼ਾਂਤ ਚਿੱਤ, ਇਕਾਂਤ ਪਸੰਦ ਅਤੇ ਕਲਹ ਕਲੇਸ਼ ਤੋਂ ਡਰਕੇ ਰਹਿੰਦੇ ਹਨ ਪਰ ਏਧਰ ਤਾਂ ਸਾਫ਼-ਸਾਫ਼ ਆਖਿਆ ਗਿਆ ਹੈ ਕਿ ਸਾਡੇ ਸਾਰੇ ਵੈਰੀਆਂ ਤੇ ਦੁਸ਼ਟਾਂ ਨੂੰ ਹੇ ਅਕਾਲ ਪੁਰਖ ਅੱਜ ਹੀ ਖ਼ਤਮ ਕਰ ਦਿਉ।

*ਮੋ ਰੱਛਾ ਨਿਜੁ ਕਰਿ ਦੈ ਕਰਿਯੈ। ਸਭ ਬੈਰਨ ਕੋ ਆਜ ਸੰਘਰੀਯੈ ॥''*

ਫਿਰ ਇਹ ਰੱਖਿਆ ਦੀ ਬੇਨਤੀ ਵੀ ਕਿਸ ਨੂੰ ਕੀਤੀ ਹੈ ਸ੍ਰੀ ਅਸਿਧੁਜ, ਖੜਗਕੇਤ ਜਾਂ ਕ੍ਰਿਪਾਨਧਾਰੀ ਨਿਰੰਕਾਰੀ ਨੂੰ ਜੋ ਦਸ਼ਮੇਸ਼ ਤੋਂ ਬਿਨਾਂ ਹੋਰ ਕਿਸੇ ਕਵੀ ਰਾਜ ਦਾ ਇਸ਼ਟ ਹੋ ਹੀ ਨਹੀਂ ਸਕਦਾ। ਸਿੱਖਾਂ ਦੀ ਸਵੇਰ ਸ਼ਾਮ ਦੀ ਅਰਦਾਸ ਜੋ ਸਾਰਿਆਂ ਤਖ਼ਤਾਂ, ਗੁਰਦੁਆਰਿਆਂ, ਧਰਮ ਸਥਾਨਾਂ ਅਤੇ ਘਰਾਂ ਵਿਚ ਹੁੰਦੀ ਹੈ। ਉਹ ਚੰਡੀ ਦੀ ਵਾਰ ਦੀ ਪਹਿਲੀ ਪਉੜੀ ਹੈ। ਕੀ ਏਡੇ ਵਿਸ਼ਾਲ ਸਿੱਖ ਜਗਤ ਵਿਚ ਕੋਈ ਵੀ ਅਜਿਹਾ ਵਿਦਵਾਨ, ਤੱਤਵੇਤਾ ਸਰਵ ਗਿਆਤਾ, ਬ੍ਰਹਮ ਗਿਆਨੀ ਮਹਾਂਪੁਰਖ ਹੁਣ ਤੱਕ ਨਹੀਂ ਹੋਇਆ ਜੋ ਇਹ ਕਹਿ ਸਕਦਾ ਕਿ ਇਹ ਪਉੜੀ ਕਿਸੇ ਕਵੀ ਦੀ ਬਣਾਈ ਹੋਈ ਹੈ ਇਸ ਲਈ ਇਸ ਨੂੰ ਅਰਦਾਸ ਵਿਚ ਸ਼ਾਮਲ ਨਾ ਕਰੋ। ਫਿਰ ਦਸ਼ਮੇਸ਼ ਤੋਂ ਬਿਨਾਂ ਜੇ ਇਹ ਕਿਸੇ ਹੋਰ ਨੇ ਲਿਖੀ ਹੈ ਤਾਂ ਉਸ ਨੇ ਨੌਂ ਗੁਰੂਆਂ ਦੀ ਬਜਾਏ ਦਸ ਗੁਰੂਆਂ ਦਾ ਮੰਗਲ ਕਿਉਂ ਨਾ ਕੀਤਾ? ਪੰਜਾਬੀ ਦੀ ਮਹਾਨ ਰਚਨਾ ਤੇ ਸਾਡੇ ਲਈ ਅਨਮੋਲ ਖਜ਼ਾਨਾ ਤੇ ਕਈ ਕਰੋੜ ਕੋਹੇਨੂਰਾਂ ਤੋਂ ਵੱਧ ਕੀਮਤੀ ਇਸ ਸ਼ਬਦ ਨੂੰ ਅਸੀਂ ਕਿਸ ਦੀ ਝੋਲੀ ਪਾਵਾਂਗੇ ਜਿਹੜਾ ਦਸਮ ਪਿਤਾ ਆਪਣੇ ਮਿੱਤਰ ਪਿਆਰੇ ਨਿਰੰਕਾਰ, ਸਰਬਲੋਹ ਜਾਂ ਖੜਗਕੇਤ ਨੂੰ ਮੁਖ਼ਾਤਿਬ ਹੋ ਕੇ ਅਰਜ਼ ਕਰਦੇ ਹਨ॥

*ਖ਼ਯਾਲ ਪਾਤਿਸ਼ਾਹੀ ੧੦*

*''ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥*

*ਤੁਧੁ ਬਿਨੁ ਰੋਗੁ ਰਜਾਇਯਾ ਦਾ ਓਢਣ ਨਾਗ ਨਿਵਾਸਾਂ ਦਾ ਰਹਣਾ॥*

*ਸੂਲ ਰਾਹੀ ਖੰਜਰ ਪਿਯਾਲਾ ਬਿੰਗੁ ਕਸਾਇਯਾਂ ਦਾ ਸਹਣਾ।*

*ਯਾਰੜੇ ਦਾ ਸਾਨੂੰ ਸੱਥਰ ਚੰਗਾ ਭਠ ਖੇੜਿਆਂ ਦਾ ਰਹਣਾ ।੧ ।੧ ।੬ ॥*

ਉਨ੍ਹਾਂ ਦੇ ਹੇਠਾਂ ਲਿਖੇ ਅਨਮੋਲ ਵੈਰਾਗਮਈ ਸ਼ਬਦ ਤਾਂ ਪੜ੍ਹਨਯੋਗ ਹੀ ਹਨ। ਅਧਿਆਤਮਵਾਦ ਦੇ ਖੋਜੀਆਂ ਲਈ ਇਨ੍ਹਾਂ ਸ਼ਬਦਾਂ ਵਿਚ ਕਿੰਨਾ ਉਚ ਕੋਟੀ ਦਾ ਗਿਆਨ ਭਰਿਆ ਪਿਆ ਹੈ ਉਸ ਨੂੰ ਇਕ ਸੁਹਿਰਦ ਸੱਜਣ ਹੀ ਸਮਝ ਸਕਦਾ ਹੈ। ਇਨ੍ਹਾਂ ਵਿਚ ਹੀ ਇਕ ਸ਼ਬਦ ਉਹ ਹੈ, ਜਿਥੇ ਸਰਗੁਣ ਦਾ ਖੰਡਨ ਤੇ ਨਿਰਗੁਣ ਬ੍ਰਹਮ ਦਾ ਮੰਡਨ ਕੀਤਾ ਹੈ। ਜਿਹੜਾ ਏਥੇ ਚੌਥੇ ਨੰਬਰ ਉਪਰ ਲਿਖਿਆ ਗਿਆ ਹੈ ਤੇ ਹਜ਼ੂਰ ਨੇ ਰਾਗ ਬਿਲਾਵਲ ਵਿਚ ਉਚਾਰਣ ਕੀਤਾ ਹੈ।

*ਰਾਗ ਰਾਮਕਲੀ ਪਾਤਸਾਹੀ ੧੦*
*‘‘ਰੇ ਮਨ ਐਸੋ ਕਰਿ ਸੰਨਿਆਸਾ ।*
*ਬਨ ਸੇ ਸਦਨ ਸਬੈ ਕਰ ਸਮਝਹੁ ਮਨਹੀ ਮਾਹਿ ਉਦਾਸਾ ।੧ । ਰਹਾਉ ।*

*ਜਤ ਕੀ ਜਟਾ ਜੋਗ ਕੋ ਮਜਨੁ ਨੇਮ ਕੇ ਨਖੁਨ ਬਢਾਉ ।*
*ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਉ ।੧ ।*
*ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ।*
*ਸੀਲ ਸੰਤੋਖ ਸਦਾ ਨਿਰਬਾਹਿਬੋ ਹਵੈਬੋ ਤ੍ਰਿਗੁਣ ਅਤੀਤ ।੨ ।*
*ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਮੋ ਲਯਾਵੈ ।*
*ਤਬ ਹੀ ਆਤਮ ਤਤ ਕੋ ਦਰਸੈ ਪਰਮ ਪੁਰਖ ਕਹ ਪਾਵੈ ।੩ ।੧ ।*

*ਰਾਮਕਲੀ ਪਾਤਸ਼ਾਹੀ ੧੦*
*‘‘ਰੇ ਮਨ ਇਹ ਬਿਧਿ ਜੋਗ ਕਮਾਓ ।*
*ਸਿੰਙੀ ਸਾਚ ਅਕਪਟ ਕੰਡਲਾ ਧਿਆਨ ਬਿਭੂਤ ਚੜ੍ਹਾਓ ॥੧ ॥ ਰਹਾਉ ॥*
*ਤਾਤੀ ਗਹੁ ਆਤਮ ਬਸਿ ਕਰ ਕੀ ਭਿੱਛਾ ਨਾਮ ਅਧਾਰੰ ॥*

*ਬਾਜੇ ਪਰਮ ਤਾਰ ਤਤੁ ਹਰਿ ਕੋ ਉਪਜੈ ਰਾਗ ਰਸਾਰੰ ॥੧ ॥*

*ਉਘਟੈ ਤਾਨ ਤਰੰਗ ਰੰਗ ਅਤਿ ਗਿਆਨ ਮੀਤ ਬੰਧਾਨੇ ॥*

*ਚਕਿੰ ਚਕਿ ਰਹੇ ਦੇਵ ਦਾਨਵ ਮੁਕਿ ਛਕਿ ਛਕਿ ਬਯੋਮ ਬਿਵਾਨੰ ॥੨ ॥*

*ਆਤਮ ਉਪਦੇਸ ਭੇਸੁ ਸੰਜਮ ਕੋ ਜਾਪ ਸੁ ਅਜਪਾ ਜਾਪੈ ॥*

*ਸਦਾ ਰਹੈ ਕੰਚਨ ਸੀ ਕਾਯਾ ਕਾਲ ਨ ਕਬਹੂੰ ਬਿਆਪੈ ॥੩ ॥*

*ਦਾਨਵ ਦੇਵ ਪਿਸਾਚ ਪ੍ਰੇਤ ਤੇ ਨੇਤਹ ਨੇਤ ਕਹਾਏ ।*

*ਸੂਛਮ ਤੇ ਸੂਛਮ ਕਰ ਚੀਨੇ ਬ੍ਰਿਧਨ ਬ੍ਰਿਧ ਬਤਾਏ ।੨ ।*

*ਭੂਮਿ ਅਕਾਸ ਪਤਾਲ ਸਭੈ ਸਜਿ ਏਕ ਅਨੇਕ ਸਦਾਏ ।*

*ਸੋ ਨਰ ਕਾਲ ਫਾਸ ਤੇ ਬਾਚੇ ਜੋ ਹਰਿ ਸਰਣਿ ਸਿਧਾਏ ।੩ ।੧ ।੮*

ਵੱਡੇ-ਵੱਡੇ ਬਾਦਸ਼ਾਹਾਂ, ਭੋਗੀਆਂ, ਐਯਾਸ਼ਾਂ ਤੇ ਅਭਿਮਾਨੀਆਂ ਲਈ ਹੇਠ ਲਿਖਿਆ ਸਵੈਯਾ ਮਹਾਨ ਉਪਦੇਸ਼ ਦਾ ਲਖਾਇਕ ਹੈ।

*ਤਪ੍ਰਸਾਦਿ । ਸਵੈਯੇ ।*

*"ਮਾਤੇ ਮਤੰਗ ਜਰੇ ਜਰ ਸੰਗਿ ਅਨੂਪ ਉਤੰਗ ਸੁਰੰਗ ਸਵਾਰੇ ।*

*ਕੋਟਿ ਤੁਰੰਗ ਕੁਰੰਗ ਸੇ ਕੂਦਤ ਪਉਨ ਕੇ ਗਉਨ ਕੋ ਜਾਤ ਨਿਵਾਰੇ ।*

*ਭਾਰੀ ਭੁਜਾਨ ਕੋ ਭੂਪ ਭਲੀ ਬਿਧਿ ਨਿਆਵਤ ਸੀਸ ਨ ਜਾਤ ਬਿਚਾਰੇ ।*

*ਏਤੇ ਭਏ ਤੌਂ ਕਹਾ ਭਏ ਭੂਪਤਿ ਅੰਤ ਕੋ ਨਾਂਗੇ ਹੀ ਪਾਇ ਪਧਾਰੇ ।੨ ।੨੨ ।*

ਫੋਕਟ ਧਰਮਾਂ ਦਾ ਅਤੇ ਆਡੰਬਰੀ ਧਾਰਨਾਵਾਂ ਦਾ ਖੰਡਨ ਹੇਠ ਲਿਖੇ ਸਵੈਯੇ ਵਿਚ ਜਿਵੇਂ ਉਹ ਕਰਦੇ ਹਨ। ਇਸ ਤਰ੍ਹਾਂ ਹਿੰਦੂ ਜਾਂ ਮੁਸਲਮਾਨ ਕਵੀ ਕੋਈ ਵੀ ਨਹੀਂ ਕਰ ਸਕਦਾ।

*ਸਵੈਯਾ*

*"ਕਾਹੂੰ ਲੈ ਠੋਕਿ ਬਧੇ ਉਰਿ ਠਾਕੁਰ ਕਾਹੂੰ ਮਹੇਸ ਕੋ ਏਸ ਬਖਾਨਯੋ ।*

*ਕਾਹੂ ਕਹਿਯੋ ਹਰਿ ਮੰਦਰ ਮੈ ਹਰਿ ਕਾਹੂ ਮਸੀਤ ਕੈ ਬੀਚ ਪ੍ਰਮਾਨਯੋ ।*

*ਕਾਹੂੰ ਨੇ ਰਾਮ ਕਹਯੋ ਕ੍ਰਿਸਨਾ ਕਹੁ ਕਾਹੂ ਮਨੈ ਅਵਤਾਰਨ ਮਾਨਯੋ ।*

*ਫੋਕਟ ਧਰਮ ਬਿਸਾਰ ਸਬੈ ਕਰਤਾਰ ਹੀ ਕਉ ਕਰਤਾ ਜੀਅ ਜਾਨਯੋ ।੧੨।*

*"ਜਾਲ ਬਧੇ ਸਬ ਹੀ ਮ੍ਰਿਤ ਕੇ ਕੋਊ ਰਾਮ ਰਸੂਲ ਨ ਬਾਚਨ ਪਾਏ।*
*ਦਾਨਵ ਦੇਵ ਫਨਿੰਦ ਧਰਾਧਰ ਭੂਤ ਭਵਿੱਖ ਉਪਾਇ ਮਿਟਾਏ।*
*ਅੰਤ ਮਰੇ ਪਛੁਤਾਇ ਪ੍ਰਿਥੀ ਪਰਿ ਜੇ ਜਗ ਮੈ ਅਵਤਾਰ ਕਹਾਏ।*
*ਰੇ ਮਨ ਲੈਲ ਇਕੇਲ ਹੀ ਕਾਲ ਕੇ ਲਾਗਤ ਕਾਹਿ ਨ ਪਾਇਨ ਧਾਏ ।੨੩।*

ਹਰ ਪ੍ਰਕਾਰ ਦੇ ਰੋਗ ਅਤੇ ਸੋਗ ਦੀ ਨਿਵਰਤੀ ਲਈ ਹਰ ਇਕ ਸਿੱਖ ਜੋ ਨਿੱਤ ਪ੍ਰਤੀ ਅਰਦਾਸ ਕਰਦਾ ਹੈ। ਉਸ ਨੂੰ ਅਸੀਂ ਕਿਸਦੀ ਕ੍ਰਿਤ ਆਖਾਂਗੇ।

*ਸਵੈਯਾ*

*"ਰੋਗਨ ਤੇ ਅਰੁ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤਿ ਬਚਾਵੈ।*
*ਸਤ੍ਰ ਅਨੇਕ ਚਲਾਵਤ ਘਾਵ ਤਊ ਤਨਿ ਏਕ ਨ ਲਾਗਨ ਪਾਵੈ।*
*ਰਾਖਤ ਹੈ ਅਪਨੋ ਕਰੁ ਦੈ ਕਰਿ ਪਾਪ ਸਬੂਹ ਨ ਭੇਟਨ ਪਾਵੈ।*
*ਔਰ ਕੀ ਬਾਤ ਕਹਾ ਕਹ ਤੋ ਸੌ ਸੁ ਪੇਟ ਹੀ ਕੇ ਪਟ ਬੀਚ ਬਚਾਵੈ ।।੬।੨੪੮*

ਇਹ ਸਾਰੇ ਤੱਕ ਸਪਸ਼ਟ ਕਰਦੇ ਹਨ ਕਿ ਇਹ ਰਚਨਾ ਉਸ ਅਕਾਲ ਪੁਰਖ ਦੇ ਸਾਹਿਬਜ਼ਾਦੇ ਦੀ ਹੈ ਜੋ ਖ਼ੁਦ ਰੱਬ ਜੀ ਦੇ ਸਨਮੁੱਖ ਹੋ ਕੇ ਆਖਦਾ ਹੈ :

*ਪੰਥ ਚਲੈ ਤਬ ਜਗਤ ਮਹਿ ਜਬ ਤੁਮ ਕਰਹੁ ਸਹਾਇ ॥"*

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

❖❖❖

# ਗੁਰੂ ਗ੍ਰੰਥ ਅਤੇ ਗੁਰੂ ਪੰਥ

ਸਰਬ ਲੋਹ ਗ੍ਰੰਥ ਵਿਚ ਦਸ਼ਮੇਸ਼ ਜੀ ਦੇ ਬਚਨ ਹਨ :

*ਆਪਨੋਪੋ ਸ੍ਰੀ ਖਾਲਸੇ ਦੀਨਾ ਦੁਤੀਆ ਰੂਪ ਸਤਿਗੁਰੂ ਗ੍ਰੰਥਾ ॥*
*ਗੁਨਾਨ ਵਾਦ ਪੁਨਿ ਸਿਫਤ ਸਲਾਹਨ ਊਠਤ ਬੈਠਤ ਸੈਨ ਕਰੰਥਾ ॥*
*ਪਾਵਨ ਪੰਥ ਖਾਲਸਾ ਪ੍ਰਗਟਿਓ ਚਾਰ ਬਰਨ ਆਸ਼ਰਮ ਸ਼ੁਭ ਪੰਥਾ ॥*
*ਇਨ ਕੋ ਦਰਸ ਸਤਿਗੁਰੂ ਕੋ ਦਰਸ਼ਨ ਬੋਲਨ ਗੁਰੂ ਸਬਦ ਗੁਰ ਗ੍ਰੰਥਾ ॥*
*ਦੂਾਦਸ ਰੂਪ ਸਤਿਗੁਰੂ ਏ ਕਹੀਅਤ ਦੂਾਦਸ ਭਾਨ ਪ੍ਰਗਟਿ ਹਰਿ ਜੰਤਾ ॥*
*ਪ੍ਰਤਯਖ ਕਲਾ ਪਾਰਬ੍ਰਹਮ ਧਣੀਛੈ ਗ੍ਰੰਥ ਪੰਥ ਖਾਲਸ ਵਰਤੰਤਾ ॥*
*ਦਾਸ ਗੋਬਿੰਦ ਫਤਿਹ ਸਤਿਗੁਰ ਕੋ ਖਾਸ ਗ੍ਰੰਥ ਗੁਰੂ ਰੂਪ ਬਦੰਤਾ ॥*

**ਅਰਥ** : ਮੈਂ ਆਪਨਾ ਆਪ ਖਾਲਸੇ ਨੂੰ ਅਰਪ ਦਿੱਤਾ ਅਤੇ ਮੇਰਾ ਦੂਸਰਾ ਰੂਪ ਸਤਿਗੁਰੂ ਗ੍ਰੰਥ (ਸਾਹਿਬ) ਹੈ।(ਇਸ ਗ੍ਰੰਥ ਦੀ ਸ਼ਰਨ ਵਿਚ ਬੈਠ ਕੇ) ਪਰਮੇਸ਼ਰ ਦੇ ਗੁਨ ਗਾਉਣੇ ਅਤੇ ਸਿਫ਼ਤ ਸਾਹ ਕਰਨੀ ਚਾਹੀਦੀ ਹੈ ਅਤੇ ਉਠਦੇ ਬੈਠਦੇ ਹਰ ਵੇਲੇ ਕਰਨਾ ਚਾਹੀਦਾ ਹੈ ਚਾਰ ਬਰਨਾਂ ਅਤੇ ਚਾਰੇ ਆਸ਼ਰਮਾਂ ਵਾਲਾ ਪਰਮ ਪਵਿੱਤਰ ਖਾਲਸਾ ਪੰਥ ਪਰਗਟ ਹੋਇਆ ਹੈ। ਇਸ ਖਾਲਸੇ ਦੇ ਦਰਸ਼ਨ (ਗੁਰੂ ਦੇ ਸਰੀਰਕ) ਦਰਸ਼ਨ ਹਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਪੜ੍ਹਨ ਨਾਲ ਗੁਰੂ ਨਾਲ ਗੱਲਾਂ ਹੁੰਦੀਆਂ ਹਨ। ਇਸ ਗ੍ਰੰਥ ਪੰਥ ਦੇ ਖਾਲਸ ਵਰਤਾਰੇ ਵਿਚ ਪਾਰਬ੍ਰਹਮ ਪਰਮੇਸ਼ਰ ਦੀ ਪਰਤੱਖ ਕਲਾ ਵਰਤ ਰਹੀ ਹੈ।(ਮੈਂ) ਗੋਬਿੰਦ ਦਾਸ (ਰੂਪ ਵਿਚ) ਇਸ ਖਾਸ ਗ੍ਰੰਥ ਨੂੰ ਗੁਰੂ ਦਾ ਰੂਪ ਜਾਣ ਕੇ ਫਤਿਹ ਬੁਲਾਉਂਦਾ ਹਾਂ।

ਇਸ ਤਰ੍ਹਾਂ ਦਸਮ ਪਿਤਾ ਨੇ ਸਰੀਰਕ ਤੌਰ 'ਤੇ ਖਾਲਸੇ ਵਿਚ ਅਭੇਦਤਾ ਜ਼ਾਹਿਰ ਕੀਤੀ ਹੈ ਅਤੇ ਆਤਮਕ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੋਤਿ ਕਰ ਕੇ ਇਕਮਿਕ ਹਨ।

ਦੂਸਰੇ ਤੌਰ 'ਤੇ ਭੀ ਜੇ ਦੇਖਿਆ ਜਾਵੇ ਤਾਂ ਸਰੀਰ (ਪਿੰਡ) ਅਤੇ (ਜੀਉ) ਆਤਮਕ ਜੋਤ ਨਾਲ ਇਹ ਸਰੀਰ ਦੀ ਖੇਡ ਚਲ ਰਹੀ ਹੈ। ਸਰੀਰ ਤੋਂ ਬਗ਼ੈਰ ਜੋਤ ਨਹੀਂ ਟਿਕ ਸਕਦੀ। ਜੇ ਕਿਤੇ ਸਰੀਰ ਤੋਂ ਬਗ਼ੈਰ ਕਿਸੇ ਘਰ ਕੋਈ ਬੋਲਣ ਲੱਗ ਜਾਵੇ

ਤਾਂ ਲੋਕ ਭੂਤ ਮੰਨਦੇ ਹਨ ਅਤੇ ਆਤਮਕ ਜੋਤ ਬਗੈਰ ਇਹ ਸਰੀਰ ਮਿਟੀ ਦੀ ਇਕ ਢੇਰੀ ਹੈ।

ਅਕਾਲੀ ਹੁਕਮ ਅੰਦਰ ਸ੍ਰੀ ਗੁਰੂ ਰਾਮਦਾਸ ਮਹਾਰਾਜ ਅਤੇ ਪੰਚਮ ਪਿਤਾ ਦਾ ਸਿਰਜਿਆ ਸ੍ਰੀ ਹਰਿਮੰਦਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਰੂਪ ਵਿਚ ਗੁਰੂ ਸਾਹਿਬ ਦੀ ਆਤਮਾ ਨਿਵਾਸ ਕਰ ਰਹੀ ਹੈ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਕਰ ਕਮਲਾਂ ਦੀ ਰਚਨਾ ਸ੍ਰੀ ਅਕਾਲ ਤਖਤ ਸਾਹਿਬ ਗੁਰੂ ਦਾ ਸਰੀਰ ਬਿਦਯਮਾਨ ਹੈ।

ਆਤਮਾ ਨਿਰੰਕਾਰ ਦਾ ਸਰੂਪ, ਅਦ੍ਰਿਸ਼ਟ ਹੈ ਇਸ ਲਈ ਗੁਰੂ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਨੀਵਾਂ ਰੱਖਿਆ ਹੈ। ਪਰ ਸਰੀਰ ਜ਼ਾਹਰਾ ਤੌਰ ’ਤੇ ਪ੍ਰਤੱਖ ਦਿਖਦਾ ਹੈ ਇਸ ਲਈ ਅਕਾਲ ਤਖਤ ਸਾਹਬ ਭੀ, ਹਰਿਮੰਦਰ ਸਾਹਿਬ ਦੇ ਮੁਕਾਬਲੇ ਦੂਰੋਂ ਦਿਖਣ ਵਾਲਾ ਉਚਾ ਹੈ। ਆਤਮਕ ਜੋਤਿ ਸਭ ਵਿਚ ਇਕੋ ਜਿਹੀ ਪ੍ਰਕਾਸ਼ਮਾਨ ਹੈ:

***ਸਭ ਮਹਿ ਜੋਤਿ ਜੋਤਿ ਹੈ ਸੋਇ॥ ਅੰਗ ੧੩***

ਅਤੇ ਸਾਰੀ ਸ੍ਰਿਸ਼ਟੀ ਲਈ ਇਕੋ ਜਿਹੀ ਬਖਸ਼ਿਸ਼ ਕਰਨ ਵਾਲੀ ਹੈ ਇਸ ਲਈ ਹਰਿਮੰਦਰ ਸਾਹਿਬ ਦੇ, ਗੁਰੂ ਸਾਹਿਬ ਨੇ ਸਭ ਲਈ ਚਾਰ ਦਰਵਾਜ਼ੇ ਰੱਖੇ ਹਨ ਅਤੇ ਆਤਮਕ ਭੋਜਨ ਲਈ ਅਕਾਲੀ ਬਾਣੀ ਦਾ ਭੰਡਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਬਿਰਾਜਮਾਨ ਹਨ। ਕਿਸੇ ਦੇਸ਼, ਨਸਲ, ਰੰਗ, ਜਾਤਿ, ਧਰਮ ਜਾਂ ਫਿਰਕੇ ਦਾ ਬੰਦਾ ਹੋਵੇ, ਪਰਮਾਤਮਾ ਸਭ ਲਈ ਇਕੋ ਜਿਹਾ ਦਯਾਲੂ ਹੈ ਸਿ ਲਈ ਹਰਿਮੰਦਰ ਅੰਦਰ ਸਭ ਦੀ ਅਰਦਾਸ ਪ੍ਰਵਾਨ ਹੈ, ਸਭ ਦੀ ਭੇਟਾ ਪ੍ਰਵਾਨ ਹੁੰਦੀ ਹੈ। ਇਥੇ ਖਾਲਸਾ ਪੰਥ ਦਾ ਪ੍ਰਵਾਣਤ ਜੈ ਕਾਰਾ “ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ” ਨਹੀਂ ਬੁਲਾਇਆ ਜਾਂਦਾ ਅਤੇ ਖਾਲਸੇ ਦੀ **ਦੇਗ ਤੇਗ ਫਤਿਹ** ਦੀ ਕਾਮਨਾ ਨਹੀਂ ਕੀਤੀ ਜਾਂਦੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਸਾਰੇ ਧਰਮਾਂ ਦੇ ਸਾਂਝੀਵਾਲਤਾ ਦਾ ਪ੍ਰਤੀਕ ਹੋਣ ਕਰਕੇ ਬਾਕੀ ਸਾਰੇ, ਪੂਰਬੀ ਅਤੇ ਪੱਛਮੀ ਧਰਮਾ ਨਾਲ ਸੰਬੰਧਤ ਪ੍ਰਭੂ ਨਾਮ, ਰਾਮ, ਰਹੀਮ, ਹਰੀ, ਪਰਮੇਸ਼ਰ, ਅਲਾਹ ਆਦਿ ਦਰਜ ਹਨ ਪਰ ਸ਼ਾਇਦ ਵਾਹਿਗੁਰੂ (ਖਾਲਸੇ ਦਾ ਗੁਰਮੰਤ੍ਰ) ਪ੍ਰਗਟ ਰੂਪ ਵਿਚ ਨਹੀਂ ਹੈ ਪਰ ਗੁਪਤ ਰੂਪ ਵਿਚ ਕਿਤੇ ਵਾਹੁ ਵਾਹ ਦੇ ਰੂਪ

ਵਿਚ ਕਿਤੇ ਗੁਰੂ ਦੇ ਰੂਪ ਵਿਚ ਮਿਲਦਾ ਹੈ। ਆਤਮਾ ਵਿਚ ਮਿਲਾਵਟ ਦੀ ਕੋਈ ਗੁੰਜਾਇਸ਼ ਨਹੀਂ। ਇਸ ਲਈ ਹਰਿਮੰਦਰ ਸਾਹਿਬ ਵਿਚ ਨਿਰੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਦਸਮ ਪਿਤਾ ਦੀ ਪ੍ਰਵਾਣਤ ਬਾਣੀ, ਪੰਚਮ ਪਿਤਾ ਤੋਂ ਪ੍ਰਵਾਣਤ ਭਾਈ ਗੁਰਦਾਸ ਦੀ ਬਾਣੀ ਜਾਂ ਕਲਗੀਧਰ ਮਹਾਰਾਜ ਤੋਂ ਪ੍ਰਵਾਣਤ ਭਾਈ ਨੰਦ ਲਾਲ ਦੀ ਬਾਣੀ ਦਾ ਹੀ ਕੀਰਤਨ ਹੋ ਸਕਦਾ ਹੈ। ਹੋਰ ਕੋਈ ਬਾਹਰਲੀ ਰਚਨਾ ਨਹੀਂ ਪੜ੍ਹੀ ਜਾਂਦੀ ਅਤੇ ਨਾ ਹੀ ਕਥਾ ਹੋ ਸਕਦੀ ਹੈ ਕਿਉਂਕਿ ਕਥਾ ਵਿਚ ਕਥਾਵਾਚਕ ਦੇ ਨਿੱਜੀ ਵਿਚਾਰ ਅਤੇ ਨਿੱਜੀ ਅਨੁਭਵ ਸ਼ਾਮਲ ਹੁੰਦਾ ਹੈ ਜੋ ਗਹੂ ਦੀ ਬਰਾਬਰੀ ਨਹੀਂ ਕਰ ਸਕਦਾ। ਇਤਿਹਾਸਕ ਤੌਰ ’ਤੇ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਦੇ ਗੁਰਬਾਣੀ ਦੀ ਕਥਾ ਕਰਨ ਦੇ ਸਬੂਤ ਮਿਲਦੇ ਹਨ ਜਿਨ੍ਹਾਂ ਬਾਰੇ ਭਟ ਲਿਖਦੇ ਹਨ :

*ਗਰੁ ਅਰਜਨੁ ਪ੍ਰਤਖੵ ਹਰਿ ॥ ਅੰਗ ੧੪੦੯*

ਸੋ ਗੁਰੂ ਸਾਹਿਬ ਤਾਂ ਸਮਰਥ ਸਨ ਕੋਈ ਹੋਰ ਉਨ੍ਹਾਂ ਦੀ ਬਰਾਬਰੀ ਨਹੀਂ ਕਰ ਸਕਦਾ। ਫਿਰ ਭੀ ਗੁਰੂ ਸਾਹਿਬ ਦਾ ਆਪਣਾ ਸਿਰਜਿਆ ਅਸਥਾਨ ਮੰਜੀ ਸਾਹਿਬ ਇਸੇ ਕੰਮ ਲਈ ਬਣਾਇਆ ਹੋਇਆ ਹੈ, ਜਿਥੇ ਹੁਣ ਤੱਕ ਨਿਰੰਤਰ ਕਥਾ ਅਤੇ ਕੀਰਤਨ ਦੇ ਖੁੱਲ੍ਹੇ ਪ੍ਰਵਾਹ ਸੰਗਤਾਂ ਲਈ ਚਲਦੇ ਆ ਰਹੇ ਹਨ। ਪਰਮੇਸ਼ਰ ਦੇ ਹੁਕਮ ਅਨੁਸਾਰ ਸ੍ਰੀ ਗੁਰੂ ਰਾਮ ਦਾਸ ਮਹਾਰਾਜ ਅਤੇ ਪੰਚਮ ਪਤਾ ਨੇ ਸ਼ਾਇਦ ਹਰਿਮੰਦਰ ਸਾਹਿਬ ਇਸ ਖਿਆਲ ਨਾਲ ਡਿਜ਼ਾਇਨ ਕੀਤਾ ਹੈ ਕਿ ਭਵਜਲ ਰੂਪੀ ਸੰਸਾਰ ਸਮੁੰਦਰ (ਸਰੋਵਰ), ਭਾਵ ਆਪਣੀ ਰਚੀ ਮਾਇਆ ਦੇ ਅੰਦਰ ਹੀ ਪਰਮੇਸ਼ਰ ਨਿਰਗੁਣ ਰੂਪ, ਹਰੀ ਮੰਦਰ ਵਿਚ ਬਿਰਾਜਮਾਨ ਹੈ।

*ਆਪੀਨੈ ਆਪਿ ਸਾਜਿਓ ਆਪੀਨੈ ਰਚਿਓ ਨਾਉ ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥*

*ਅੰਗ ੪੬੩*

ਇਸ ਤੱਕ ਪਹੁੰਚਣ ਲਈ ਗੁਰੂ ਰੂਪ ਪੁਲ ਦੀ ਲੋੜ ਪੈਂਦੀ ਹੈ :

*ਗੁਰੁ ਪਉੜੀ ਬੇੜੀ ਗੁਰੂ ਗੁਰੁ ਤੁਲਹਾ ਹਰਿ ਨਾਉ ॥*

*ਅੰਗ ੧੭*

ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਦੇ ਵਿਚਕਾਰ ਦੋ ਨਿਸ਼ਾਨ ਸਾਹਿਬ, ਗੁਰੂ ਸਾਹਿਬ ਵਲੋਂ ਬਖਸ਼ਿਆ ਸਿਧਾਂਤ, ਮੀਰੀ ਪੀਰੀ, ਸੰਤ ਸਿਪਾਹੀ ਅਤੇ ਨਿਰਗੁਣ-ਸਰਗੁਣ ਸਰੂਪ (ਜੀਉ ਅਤੇ ਪਿੰਡ) ਦੇ ਪ੍ਰਤੀਕ ਹਨ। ਇਸ ਲਈ ਗੁਰਦੇਵ ਨੇ ਇਸ ਸਿਧਾਂਤ ਨੂੰ ਪੂਰਾ ਕਰਨ ਲਈ ਹਰਿਮੰਦਰ ਦੇ ਸਾਹਮਣੇ ਅਕਾਲ ਤਖਤ ਦੀ ਖ਼ੁਦ ਆਪਣੇ ਹੱਥਾਂ ਨਾਲ ਸਿਰਜਨਾ ਕੀਤੀ। ਇਥੇ ਹੀ ਸਤਿਗੁਰੂ ਜੀ ਨੇ ਸ਼ਸਤਰ ਧਾਰਨ ਕੀਤੇ। ਹਰਿਮੰਦਰ ਰੂਪ ਸੰਤ ਅਤੇ ਅਕਾਲ ਤਖਤ ਰੂਪ ਸਿਪਾਹੀ ਦੇ ਸੁਮੇਲ ਨਾਲ ਹੀ ਖਾਲਸਾ ਪੰਥ ਦੀ ਸੰਪੂਰਨਤਾ ਹੁੰਦੀ ਹੈ।

ਨਿਰਗੁਣ ਰੂਪ ਫਕੀਰੀ ਜਮਾਲ ਨੂੰ ਹਰਿ ਕੀਰਤ ਰੂਪ ਭੋਜਨ ਚਾਹੀਦਾ ਹੈ ਅਤੇ ਸਰਗੁਣ ਰੂਪ ਸ਼ਾਹੀ ਜਲਾਲ ਨੂੰ ਰੋਟੀ ਕੱਪੜਾ, ਮਕਾਨ ਪੈਸਾ ਆਦਿ ਸਭ ਕੁਝ ਚਾਹੀਦਾ ਹੈ, ਜੋ ਕਿ ਸ਼ਸਤਰਾਂ ਦੇ ਅਧੀਨ ਹੈ ਇਸ ਲਈ ਅਕਾਲ ਤਖਤ ਸਾਹਿਬ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਤੋਂ ਉਚੇ ਗੁਰੂ ਸਾਹਿਬ ਅਤੇ ਹੋਰ ਸ਼ਹੀਦ ਸਿੰਘਾਂ ਦੇ ਸ਼ਸਤਰ ਸੁਭਾਇਮਾਨ ਹਨ। ਇਨ੍ਹਾਂ ਦੇ ਦਰਸ਼ਨ ਕਰਨ ਨਾਲ ਗੁਰੂ ਖਾਲਸੇ ਨੂੰ

***ਜਬ ਆਵ ਕੀ ਅਉਧ ਨਿਧਾਨ ਬਣੈ***

***ਅਤਿ ਹੀ ਰਣ ਮੈ ਤਬ ਜੂਝ ਮਰਉਂ ॥ ਦਸਮ ਗ੍ਰੰਥ***

ਦੀ ਪ੍ਰੇਰਣਾ ਮਿਲਦੀ ਹੈ ਅਤੇ ਖਾਲਸੇ ਦੀ ਦੇਗ ਤੇਗ ਫਤਿਹ ਦਾ ਬੋਲਾ ਖਾਲਸੇ ਨੂੰ ਚੜ੍ਹਦੀ ਕਲਾ ਵੱਲ ਲਿਜਾਂਦਾ ਹੈ।

ਅਧਿਆਤਮ ਗੁਣਾਂ ਦਾ ਖਜ਼ਾਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਆਤਮਕ ਤਰੱਕੀ ਲਈ ਗਿਆਨ ਖੜਗੁ ਫੜਕੇ ਵਿਕਾਰਾਂ ਤੇ ਫਤਿਹ ਪਾਉਣ ਦੀ ਪ੍ਰੇਰਣਾ ਦੇ ਰਿਹਾ ਹੈ :

ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ॥ ਅੰਗ ੧੦੨੨

ਅਤੇ ਪੰਥਕ ਜਥੇਬੰਦੀ ਨੂੰ ਮਜ਼ਬੂਤ ਕਰਕੇ ਜ਼ੁਲਮ ਨਾਲ ਟੱਕਰ ਲੈਣ ਲਈ ਅਕਾਲ ਤਖਤ (ਦਸਮ ਗ੍ਰੰਥ) ਉਪਦੇਸ਼ ਕਰ ਰਿਹਾ ਹੈ :

ਅਸਿ ਕ੍ਰਿਪਾਨ ਖੰਡੋ ਖੜਕ ਤੁਪਕ ਤਬਰ ਅਰ ਤੀਰ॥

ਸੈਫ ਸਿਰੋਹੀ ਸੈਹਥੀ ਯਹੈ ਹਮਾਰੈ ਪੀਰ॥

ਜਿਥੇ ਹਰਿਮੰਦਰ ਸਾਹਿਬ ਸਾਰੇ ਸੰਸਾਰ ਲਈ, ਸਚੇ ਉਪਦੇਸ਼ ਦਾ ਸਾਂਝਾ ਅਸਥਾਨ ਹੈ, ਉਥੇ ਅਕਾਲ ਤਖਤ ਸਾਹਿਬ ਖਾਲਸਾ ਪੰਥ ਦਾ ਨਿੱਜੀ ਅਸਥਾਨ ਹੈ। ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਗੁਰਮਤੇ ਇਥੇ ਹੀ ਹੁੰਦੇ ਆਏ ਹਨ, ਇਥੋਂ ਹੀ ਖਾਲਸਾ ਦਲ ਕਸੂਰ ਦੀ ਜਿੱਤ ਅਤੇ ਹੋਰ ਮੁਹਿੰਮਾਂ ਲਈ ਜੈਕਾਰੇ ਛੱਡ ਕੇ ਨਗਾਰੇ ਦੇ ਚੋਟ ਨਾਲ ਚੜ੍ਹਾਈ ਕਰਦਾ ਰਿਹਾ ਹੈ। ਗੁਰੂ ਕੇ ਬਾਗ, ਜੈਤੋਂ ਦੇ ਮੋਰਚਿਆਂ ਲਈ ਅਤੇ ਹੋਰ ਰਾਜਨੀਤਕ ਪ੍ਰਾਪਤੀਆਂ ਲਈ ਇਥੋਂ ਹੀ ਫੈਸਲੇ ਹੁੰਦੇ ਹਨ। ਗੁਰਬਾਣੀ ਕੀਰਤਨ ਦੇ ਨਾਲ-ਨਾਲ ਕਥਾ, ਢਾਡੀ ਵਾਰਾਂ, ਕਵੀ ਦਰਬਾਰ ਅਤੇ ਹੋਰ ਲੈਕਚਰ ਇਥੇ ਹੀ ਹੁੰਦੇ ਰਹੇ ਹਨ।

ਹਰਿਮੰਦਰ ਸਾਹਿਬ ਹਰ ਇਕ ਲਈ ਹਰ ਥਾਂ ਜਾਣ ਦੀ ਖੁੱਲ੍ਹ ਹੈ ਪਰ ਅਕਾਲ ਤਖਤ ਸਾਹਿਬ ’ਤੇ ਖਾਸ ਥਾਂ ’ਤੇ ਕੇਵਲ ਅੰਮ੍ਰਿਤਧਾਰੀ ਰਹਿਤ ਬਹਿਤ ਵਿਚ ਪੂਰਾ ਸਿੰਘ ਹੀ ਜਾ ਸਕਦਾ ਹੈ। 1984 ਦੇ ਘਲੂਘਾਰੇ ਤੋਂ ਪਹਿਲਾਂ ਇਕ ਕਾਫ਼ੀ ਵੱਡਾ ਬੋਰਡ ਅਕਾਲ ਤਖਤ ਸਾਹਿਬ ’ਚ ਲੱਗਿਆ ਹੋਇਆ ਮੈਂ ਆਪ ਦੇਖਿਆ ਹੈ ਜਿਸ ਉਪਰ ਲਿਖਿਆ ਹੋਇਆ ਸੀ “ਇਥੇ ਬਾਕੀ ਹਰ ਧਰਮ ਦੇ ਬੰਦੇ ਦੀ ਅਰਦਾਸ ਭੇਟਾ ਪ੍ਰਵਾਨ ਹੋਵੇਗੀ ਪਰ ਜਿਸ ਅੰਮ੍ਰਿਤਧਾਰੀ ਸਿੱਖ ਨੇ ਕੋਈ ਕੁਰਹਿਤ ਕੀਤੀ ਹੈ ਜਾਂ ਰਹਿਤ ਵਿਚ ਕੋਈ ਕਮੀ ਦਿਖਾਈ ਹੈ, ਉਸ ਦੀ ਭੇਟਾ ਪ੍ਰਵਾਣ ਨਹੀਂ ਹੋਵੇਗੀ ਨਾ ਹੀ ਅਰਦਾਸ ਹੋਵੇਗੀ ਜਦ ਤੱਕ ਉਹ ਪੰਜ ਪਿਆਰਿਆਂ ਕੋਲੋਂ ਬਖਸ਼ਿਆ ਨਹੀਂ ਜਾਂਦਾ। ਇਸੇ ਲਈ ਅਕਾਲੀ ਫੂਲਾ ਸਿੰਘ ਜਥੇਦਾਰ ਅਕਾਲ ਤਖਤ ਸਾਹਿਬ ਵਲੋਂ ਮਹਾਰਾਜਾ ਰਣਜੀਤ ਨੂੰ ਕੋਰੜੇ ਮਾਰਨ ਦੀ ਸਜ਼ਾ ਸੁਣਾਈ ਗਈ ਸੀ ਅਤੇ ਉਸ ਗੁਰੂ ਦੇ ਪਿਆਰੇ ਨੇ ਨਿਮਾਣਾ ਸਿੱਖ ਬਣ ਕੇ ਭੁਲ ਬਖਸਾਈ ਸੀ। ਅਤੇ ਇਹ ਵਰਤਾਰਾ ਹੁਣ ਭੀ ਚੱਲ ਰਿਹਾ ਹੈ।

ਹਰਿਮੰਦਰ ਸਾਹਿਬ ਵਿਚ ਬਿਰਾਜਮਾਨ ਨਿਰਗੁਣ ਸਰੂਪ ਨਾਸ਼ਵਾਨ ਨਹੀਂ ਪਰ ਸਗੁਣ ਸਰੂਪ ਨਾਸ਼ਵਾਨ ਹੈ ਇਸ ਲਈ ਹਰਿਮੰਦਰ ਸਾਹਿਬ ਵਾਲਾ ਨਿਸ਼ਾਨ ਸਾਹਿਬ ਉੱਚਾ ਹੈ ਅਤੇ ਅਕਾਲ ਤਖਤ ਸਾਹਿਬ ਵੱਲ ਦਾ ਨਿਸ਼ਾਨ ਸਾਹਿਬ ਛੋਟਾ ਹੈ। ਇਸ ਤੋਂ ਇਲਾਵਾ ਖਾਲਸਾ ਪੰਥ ਨੂੰ ਦਸ਼ਮੇਸ਼ ਪਿਤਾ ਨੇ ਸ੍ਰੀ ਗੁਰੂ ਗ੍ਰੰਥ ਦੇ ਤਾਬੇ ਰੱਖਿਆ ਸੀ ਜੋ ਹਰਿਮੰਦਰ ਸਾਹਿਬ ਦਾ ਉਚਾ ਨਿਸ਼ਾਨ ਇਸ ਸਿਧਾਂਤ ਨੂੰ ਭੀ ਪਰਗਟ ਕਰਦਾ ਹੈ।

*ਖਾਲਸਾ ਅਕਾਲ ਪੁਰਖ ਕੀ ਫੌਜ ॥*

*ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ ॥*

*ਦਸਮ ਗ੍ਰੰਥ*

ਇਸ ਅਕਾਲੀ ਫੌਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਪਰਗਟ ਅਕਾਲੀ ਗੁਣ, ਦਯਾ, ਧਰਮ, ਸਤਿ, ਸੰਤੋਖ, ਨਿਰਭਉ, ਨਿਰਵੈਰਤਾ ਅਤੇ ਪਰਮੇਸ਼ਰ ਦੇ ਭਰਤੀ ਮਾਰਗ ਤੇ ਚੱਲ ਕੇ ਇਨ੍ਹਾਂ ਗੁਣਾਂ ਦਾ ਪਸਾਰਾ ਸੰਸਾਰ ਵਿਚ ਕਰਨਾ ਹੈ। ਇਸੇ ਲਈ ਵੱਡੇ ਘਲੂਘਾਰੇ ਵੇਲੇ ਜਦ ਤਕਰੀਬਨ ਤੀਹ ਪੈਂਤੀ ਹਜ਼ਾਰ ਖਾਲਸਾ ਪਰਮਾਤਮ ਕੀ ਮੌਜ ਨਾਲ ਜਾ ਮਿਲਿਆ, ਬਰਨਾਲੇ ਸੋਦਰੁ ਦੇ ਪਾਠ ਪਿਛੋਂ ਇਕ ਸਿੰਘ ਨੇ ਕਲਗੀਆਂ ਵਾਲੇ ਨੂੰ ਆਜਿਜ਼ ਅਤੇ ਮਸਕੀਨੀ ਵਾਲਾ ਪਰੇਮ ਭਰਿਆ ਤਾਅਨਾ ਮਾਰਿਆ ਸੀ ਕਿ ਗ੍ਰੰਥ ਨੂੰ ਪੰਥ ਦੇ ਲੜ ਲਾਇਆ ਸੀ ਇਸ ਲਈ

*ਪੰਥ ਜੋ ਨ ਰਹਾ ਤੋ ਗ੍ਰੰਥ ਕਉਨ ਮਾਨੈਗਾ ॥*

ਕਲਗੀਆਂ ਵਾਲੇ ਨੇ ਐਸੀ ਕਲਾ ਵਰਤਾਈ ਕਿ ਇਕ ਸਾਲ ਦੇ ਅੰਦਰ ਹੀ ਪੰਥ ਨੇ ਲਾਹੌਰ ਫਤਹਿ ਕੀਤੀ ਅਤੇ ਮੁੜ 1984 ਤੱਕ ਅਜਿਹਾ ਘਲੂਘਾਰਾ ਨਹੀਂ ਵਾਪਰਿਆ।

ਨਿਰਗੁਣ ਸਰੂਪ (ਸੰਤ) ਤੋਂ ਉਪਦੇਸ਼ ਮਿਲਦਾ ਹੈ :

*ਫਰੀਦਾ ਜੋ ਤੈ ਮਾਰਨਿ ਮੁਕੀਆ ਤਿਨ੍ਹਾ ਨ ਮਾਰੇ ਘੁੰਮਿ ॥*

*ਆਪਨੜੈ ਘਰ ਜਾਈਐ ਪਰ ਤਿਨ੍ਹਾ ਦੇ ਚੁੰਮਿ ।।ਅੰਗ ੧੩੮੭*

*ਪੜਿ ਅਖਰੁ ਇਹੋ ਬੁਝੀਐ ॥ ਮੂਰਖੈ ਨਾਲਿ ਨ ਲੁਝੀਐ ॥*

*ਅੰਗ ੪੭੩*

ਗੁਰੂ ਦੇ ਸਰਗੁਣ ਰੂਪ ਅਕਾਲ ਤਖਤ ਤੋਂ ਉਪਦੇਸ਼ ਮਿਲਦਾ ਹੈ।

*ਜਬੈ ਬਾਣ ਲਾਗੈ ॥ ਤਬੈ ਰੋਸ ਜਾਗੈ ॥*

*ਬਚਿੱਤਰ ਨਾਟਕ (ਦਸਮ ਗ੍ਰੰਥ)*

*ਗੁਰ ਨਿੰਦਾ ਨ ਸੁਨਈ ਕਾਨ ॥*

*ਭਟੇ ਕਰੈ ਤਿਸ ਸੰਗ ਕ੍ਰਿਪਾਨ ॥ ਰਹਿਤਨਾਮੇ*

ਅਤੇ ਖਾਲਸਾ ਪੰਥ ਦਾ ਪਿਛਲੇ ਤਿੰਨ ਸੌ ਸਾਲ ਦਾ ਇਤਿਹਾਸ ਇਸੇ ਸਿਧਾਂਤ ਦੇ ਆਲੇ-ਦੁਆਲੇ ਘੁੰਮ ਰਿਹਾ ਹੈ।

ਸਤਿਗੁਰਾਂ ਦਾ ਨਿਰਗੁਣ ਸਰੂਪ (ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ) ਤਿੰਨ ਗੁਣਾਂ ਵਾਲੀ ਮਾਇਆ ਤੋਂ ਨਿਰਲੇਪ ਹੈ, ਪਰ ਸਰਗੁਣ ਸਰੂਪ ਇਸ ਮਾਇਆ ਦਾ ਬਣਿਆ ਹੋਣ ਕਰਕੇ ਇਸ 'ਤੇ ਸਥੂਲ ਅਤੇ ਸ਼ੂਖਸਮ ਮਾਇਆ ਦੀ ਛਾਇਆ ਪੈ ਸਕਦੀ ਹੈ ਇਸ ਲਈ ਅਕਾਲ ਤਖਤ ਦੇ ਵਾਰਸਾਂ ਨੂੰ ਹਰਿਮੰਦਰ ਵਿਚੋਂ ਆਵਾਜ਼ ਆਉਂਦੀ ਹੈ :

*ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥*

*ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ ॥ ਅੰਗ ੧੦੮੮*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਸੂਖਸਮ ਮਾਇਆ ਤੋਂ ਬਚਣ ਦੀ ਜੋ ਸੇਧ ਦਿੱਤੀ ਗਈ ਹੈ :

*ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹ ਪਰ ਗ੍ਰਿਹੁ ॥*

*ਅੰਗ ੪੦੩*

ਉਸ ਨੂੰ ਹੀ ਵਿਸਥਾਰ ਨਾਲ ਕਹਾਣੀਆਂ ਦੇ ਰੂਪ ਵਿਚ ਦਸ਼ਮੇਸ਼ ਜੀ ਨੇ ਦਸਮ ਗ੍ਰੰਥ ਦੇ "ਚਰਿਤ੍ਰੋ ਪਾਖਯਾਣ" ਭਾਗ ਵਿਚ ਦਰਜ ਕੀਤਾ ਹੈ ਤਾਂ ਕਿ ਖਾਲਸਾ ਹਰਿ ਪੱਖੋਂ ਸਚਿਆਰ ਬਣ ਕੇ ਸਫ਼ਲਤਾਪੂਰਬਕ ਚੜ੍ਹਦੀ ਕਲਾ ਵਿਚ ਰਹੇ। ਇਸੇ ਲਈ ਨਵਾਬ ਕਪੂਰ ਸਿੰਘ ਵਰਗੇ ਦੂਰ-ਅੰਦੇਸ਼ ਗੁਰੂ ਕੇ ਸਿੱਖਾਂ ਨੇ ਜਦ ਅਕਾਲ ਤਖਤ ਸਾਹਿਬ ਦੀ ਦੁਬਾਰਾ ਉਸਾਰੀ ਕੀਤੀ ਤਾਂ ਦਸਮ ਗ੍ਰੰਥ ਦਾ ਪ੍ਰਕਾਸ਼ (ਕੇਵਲ) ਅਕਾਲ ਤਖਤ 'ਤੇ ਹੀ ਕੀਤਾ ਅਤੇ ਥੜਾ ਸਾਹਿਬ ਵਲੋਂ ਉਤਰ ਰਹੀਆਂ ਪਉੜੀ ਦੀ ਮਹਿਰਾਬ ਦੇ ਅੰਦਰਵਾਰ ਚਰਿਤ੍ਰੋ ਪਾਖਯਾਨ ਵਿਚੋਂ ਇਹ ਸਤਰਾਂ ਲਿਖੀਆਂ ਹੋਈਆਂ ਸਨ ਜੋ ਕਿ ਨਵੀਂ ਉਸਾਰੀ ਇਮਾਰਤ ਵਿਚੋਂ ਗਾਇਬ ਹਨ।

*ਸੁਧ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ ॥*

*ਪੂਤ ਇਹੇ ਪ੍ਰਣ ਤੋਹਿ ਪ੍ਰਾਣ ਜਬ ਲਗ ਘਟ ਥਾਰੇ ॥*

*ਨਿੱਜ ਨਾਰੀ ਕੇ ਸਾਥਿ ਨੇਹੁ ਤੁਮ ਨਿਤ ਬਢਈਯਹੁ ॥*

*ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜਅਈਯਹੁ ॥ ਚਰਿਤ੍ਰ ੨੧*

ਦਸਾਂ ਹੀ ਗੁਰੂ ਸਾਹਿਬ ਨੇ ਕਦੇ ਭੀ ਕਿਸੇ ਨੂੰ ਆਪਣਾ ਧਰਮ ਤਿਆਗ ਕੇ ਸਿੱਖ ਧਰਮ ਅਪਨਾਉਣ ਲਈ ਨਹੀਂ ਕਿਹਾ। ਬਲਕਿ ਸਭ ਨੂੰ ਕਿਹਾ ਕਿ ਜੇ ਤੂੰ ਮੁਸਮਾਨ ਹੈ ਤਾਂ ਚੰਗਾ ਮੁਸਲਮਾਨ ਬਣ, ਜੋਗੀ, ਸਨਿਆਸੀ ਆਦਿ ਨੂੰ ਰੱਬੀ ਗੁਣ ਅਤੇ ਰੱਬੀ ਭੈ ਵਿਚ ਰਹਿਣ ਦੀ ਤਾਕੀਦ ਕੀਤੀ। ਇਹੀ ਉਪਦੇਸ਼ ਹਿੰਦੂ, ਬੋਧੀ ਅਤੇ ਜੈਨੀ ਆਦਿ ਨੂੰ ਦਿੱਤਾ। ਬ੍ਰਾਹਮਣ ਨੂੰ ਉਪਦੇਸ਼ ਦਿੱਤਾ।

***ਸੋ ਬ੍ਰਾਹਮਣ ਜੋ ਬਿੰਦੈ ਬ੍ਰਹਮ ॥ ਅੰਗ ੧੪੧੧***

***ਕਹਿ ਕਬੀਰ ਜੋ ਬ੍ਰਹਮ ਬੀਚਾਰੈ ॥ ਸੋ ਬ੍ਰਾਹਮਣ ਕਹੀਅਤ ਹੈ ਹਮਾਰੈ ॥***

***ਅੰਗ ੩੨੪***

ਪਰ ਜਿਸ ਨੇ ਕਿਹਾ ਕਿ ਮੈਂ ਤੁਹਾਡੀ ਸਿੱਖੀ ਧਾਰਨ ਕਰਨੀ ਹੈ ਉਸ ਨੂੰ ਮਹਾਰਾਜ ਨੇ ਦੱਸਿਆ ਕਿ ਭਾਈ ਸਿੱਖੀ ਧਾਰਨ ਕਰਨ ਲਈ ਖੰਡਾ ਪਾਹੁਲ ਛਕ ਕੇ ਪੰਜ ਕਕਾਰੀ ਰਹਿਤ ਰੱਖ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਲੜ ਫੜ। ਸੋ ਇਹ ਰਹਿਤ ਗੁਰੂ ਕੇ ਸਿੱਖਾਂ ਲਈ ਹੈ ਕਿਸੇ ਹੋਰ ਲਈ ਨਹੀਂ ਹੈ।

ਸਭ ਨੂੰ ਪਤਾ ਹੈ ਕਿ ਸਾਡੇ ਦੇਸ਼ ਦਾ ਸੰਵਿਧਾਨ ਬਨਾਉਣ ਵਾਲੇ ਬਹੁਤੇ ਕਾਂਗਰਸ ਪਾਰਟੀ ਦੇ ਬੰਦੇ ਸੀ ਜੋ ਆਪ ਗਾਂਧੀ ਟੋਪੀ ਅਤੇ ਗਾਂਧੀ ਖੱਦਰ ਦੇ ਕੱਪੜੇ ਪਾਂਦੇ ਸਨ ਜੋ ਕਿ ਕਾਂਗਰਸ ਪਾਰਟੀ ਦੇ ਵਿਧਾਨ ਅਨੁਸਾਰ ਸੀ। ਪਰ ਵਿਧਾਨ ਕਿਉਂਕਿ ਸਾਰੇ ਦੇਸ਼ ਲਈ ਲਾਗੂ ਹੋਣਾ ਸੀ ਇਸ ਲਈ ਵਿਧਾਨ ਘਾੜਤਾਂ ਨੇ ਗਾਂਧੀ ਖਦਰ ਅਤੇ ਗਾਂਧੀ ਟੋਪੀ ਪਹਿਨਣ ਲਈ ਵਿਧਾਨ ਵਿਚ ਕਿਤੇ ਨਹੀਂ ਲਿਖਿਆ। ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ, ਕੁਲ ਦੁਨੀਆਂ ਦੇ ਪਰਮਾਥਕ ਜਗਿਆਸੂਆਂ ਲਈ ਹੈ ਇਸ ਲਈ ਇਸ ਵਿਚ ਖੰਡਾ ਪਾਹੁਲ ਛਕਣ ਅਤੇ ਪੰਜ ਕਕਾਰੀ ਰਹਿਤ ਦਰਜ ਨਹੀਂ ਕੀਤੀ। ਇਹ ਕੇਵਲ ਗੁਰੂ ਕੇ ਸਿੱਖਾਂ ਲਈ ਰਹਿਤਨਾਮਿਆਂ ਵਿਚ ਦਰਜ ਹੈ। ਹੁਣ ਜਿਹੜੇ ਲੋਕ ਇਹ ਕਹਿੰਦੇ ਹਨ ਕਿ ਜੇ ਸਿੱਖ ਬਣਨ ਲਈ ਖੰਡਾ ਪਾਹੁਲ ਅਤੇ ਪੰਜ ਕਕਾਰੀ ਰਹਿਤ ਦੀ ਕੋਈ ਲੋੜ ਨਹੀਂ ਕਿਉਂਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ, ਮੰਨ ਲੈਣਾ ਚਾਹੀਦਾ ਹੈ ਕਿ ਉਹ ਅਗਿਆਨਤਾ ਦੇ ਸਮੁੰਦਰ ਵਿਚ ਗੋਤੇ ਖਾ ਰਹੇ ਹਨ।

ਜਿਹੜੇ ਅਖੌਤੀ ਵਿਦਵਾਨ ਇਹ ਪ੍ਰਚਾਰ ਕਰ ਰਹੇ ਹਨ ਕਿ ਦਸਮ ਗੁਰੂ ਦੀ ਬਾਣੀ ਆਦਿ ਗੁਰੂ ਗ੍ਰੰਥ ਸਾਹਿਬ ਦੀ ਬਰਾਬਰੀ ਨਹੀਂ ਕਰ ਸਕਦੀ, ਉਹ ਸ਼ਾਇਦ ਭੁੱਲ ਗਏ ਕਿ ਦਸਮੇਸ਼ ਜੀ ਨੇ ਖ਼ੁਦ ਖੰਡਾ ਪਾਹੁਲ ਤਿਆਰ ਕਰਨ ਵੇਲੇ ਜਪੁਜੀ ਸਾਹਿਬ ਦੇ ਪਾਠ ਪਿਛੋਂ ਜਾਪੁ, ਸੁਧਾ ਸਵੱਈਏ ਅਤੇ ਚੋਪੀ ਦਾ ਪਾਠ ਕਰਕੇ ਫਿਰ ਆਨੰਦ ਸਾਹਿਬ ਦਾ ਪਾਠ ਕੀਤਾ ਸੀ। ਪ੍ਰੰਪਰਾ ਅਨੁਸਾਰ ਹੁਣ ਭੀ ਖੰਡਾ ਪਾਹੁਲ ਤਿਆਰ ਕਰਨ ਵੇਲੇ ਇਸੇ ਤਰਤੀਬ ਨਾਲ ਇਹ ਬਾਣੀਆਂ ਪੜ੍ਹੀਆਂ ਜਾਂਦੀਆਂ ਹਨ। ਜਦ ਖ਼ੁਦ ਕਲਗੀਧਰ ਮਹਾਰਾਜ ਇਸ ਬਾਣੀ ਨੂੰ ਬਰਾਬਰ ਦਾ ਹੱਕ ਦੇ ਗਏ ਹਨ ਤਾਂ ਹੁਣ ਦੇ ਐਰੇ ਗੈਰੇ ਅਖੌਤੀ ਵਿਦਵਾਨਾਂ ਦੀ ਇਸ ਦੇ ਸਾਹਮਣੇ ਕੀ ਵੁਕਅਤ ਹੈ? ਬਾਬਾ ਦੀਪ ਸਿੰਘ ਸ਼ਹੀਦ ਦੀ ਨਿਤਨੇਮ ਦੀ ਪੋਥੀ ਤਿਉਣਾ ਪੁਜਾਰੀਆਂ ਜ਼ਿਲ੍ਹਾ ਬਠਿੰਡਾ ਤੋਂ ਪ੍ਰਾਪਤ ਹੋਈ ਹੈ, ਉਸ ਵਿਚ ਦੋਨੋਂ ਗ੍ਰੰਥਾਂ ਦੀਆਂ ਬਾਣੀਆਂ, ਦਰਜ ਹਨ। ਸੋ ਹੁਣ ਹੋਰ ਕਿਸੇ ਪਰਮਾਣ ਦੀ ਲੋੜ ਇਸ ਮਾਮਲੇ ਵਿਚ ਨਹੀਂ ਰਹੀ।

ਸਿੱਖ ਮਿਸਲਾਂ ਵੇਲੇ ਦੋਨਾਂ ਗ੍ਰੰਥਾਂ ਦਾ ਇਕੋ ਜਿਹਾ ਸਤਿਕਾਰ ਸਿੱਖ ਕਰਦੇ ਸਨ ਅਤੇ ਪੰਥਕ ਫੈਸਲਿਆਂ ਲਈ "ਸਰਬਤ ਖਾਲਸਾ" ਦੇ ਇਕੱਠ ਵਿਚ ਗੁਰਮਤਾ ਕਰਨ ਲਈ ਦੋਨਾਂ ਗ੍ਰੰਥਾਂ ਦਾ ਪ੍ਰਕਾਸ਼ ਹੁੰਦਾ ਸੀ। Johan Malcom ਨੇ 1812 ਈ. ਵਿਚ ਲਿਖੀ ਆਪਣੀ ਕਿਤਾਬ Shetch of the Siks ਵਿਚ ਇਸ ਤਰ੍ਹਾਂ ਦਰਜ ਕੀਤਾ ਹੈ।

When the chiefs meet upon this solemn occarsin concluded that all private animosties ceases and that every man sacrifices his personal feelings at the shrine of the general good, and actanated by principles of pure patriotism, thinks of nothing but the interest of religion and the commonwealth to which he belong. When the chiefs and principal leaders are seated, the 'Adi

Garanth' and Duswend "Padeshah Ka Garanth" are placed before them, They all bend their heads before these scriptures and exclaim -"Waheguru Ji ka Khalsa Waheguru Ji ki Fateh."

ਜੋਤਿ ਰੂਪ ਹਰਿਮੰਦਰ ਸਾਹਿਬ ਦਾ ਸਤਿਕਾਰ ਅਕਾਲ ਤਖਤ ਵਲੋਂ ਹੁੰਦਾ ਰਿਹਾ ਹੈ। ਇਸੇ ਲਈ ਅਕਾਲ ਤਖਤ ਸਾਹਿਬ ਵੱਲ ਦਾ ਨਿਸ਼ਾਨ ਸਾਹਿਬ ਛੋਟਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਪ੍ਰਕਾਸ਼ ਅਤੇ ਕੀਰਤਨ ਤਖਤ ਸਾਹਿਬ ਤੋਂ ਪਹਿਲਾਂ ਸ਼ੁਰੂ ਹੁੰਦਾ ਹੈ। ਸ਼ਾਮ ਨੂੰ ਸੋਦਰੁ ਦਾ ਪਾਠ ਭੀ ਤਖਤ ਸਾਹਿਬ ਤੇ ਹਰਿਮੰਦਰ ਸਾਹਿਬ ਸ਼ੁਰੂ ਹੋਣ ਤੋਂ ਪਿਛੋਂ ਹੁੰਦਾ ਹੈ।ਐਸਾ ਭੀ ਪੜ੍ਹਨ ਨੂੰ ਮਿਲਿਆ ਹੈ ਕਿ ਤਖਤ ਸਾਹਿਬ ਤੇ ਸਰਬੱਤ ਖਾਲਸੇ ਦੇ ਲਏ ਫੈਸਲਿਆਂ ਲਈ ਅਰਦਾਸ ਹਰਿਮੰਦਰ ਸਾਹਿਬ ਹੁੰਦੀ ਰਹੀ ਹੈ। ਪ੍ਰਾਚੀਨ ਪੰਥ ਪ੍ਰਕਾਸ਼ ਦੇ ਕਰਤਾ ਰਤਨ ਸਿੰਘ ਭੰਗੂ ਅਨੁਸਾਰ ਬਾਬਾ ਗੁਰਬਖਸ਼ ਸਿੰਘ ਸ਼ਹੀਦ ਨੇ ਸ਼ਹੀਦੀ ਗਾਨਾ ਤਖਤ ਸਾਹਿਬ ਤੇ ਬੰਨ੍ਹ ਕੇ ਅਰਦਾਸ ਹਰਿਮੰਦਰ ਸਾਹਿਬ ਕੀਤੀ ਸੀ। ਇਸ ਹਰਿਮੰਦਰ ਦੀ ਰਾਖੀ ਲਈ ਖਾਲਸਾ ਪੰਥ ਨੇ ਇਤਨੇ ਸਿਰ ਦਿੱਤੇ ਹਨ ਕਿ ਜੇ ਸਾਰੀ ਪਰਕਰਮਾ ਵਿਚ ਜੋੜ ਕੇ ਰਖ ਦੇਈਏ ਤਾਂ ਭੀ ਪੂਰੇ ਨਹੀਂ ਸਮਾਂ ਸਕਣਗੇ। ਪੰਥ ਨੂੰ ਗੁਰਿਆਈ ਦਸ਼ਮੇਸ਼ ਜੀ ਨੇ ਚਮਕੌਰ ਦੀ ਗੜ੍ਹੀ ਵਿਚ ਬਖਸ਼ੀ, ਜਦ ਪੰਥ ਦਾ ਹੁਕਮ ਮੰਨ ਕੇ ਗੜ੍ਹੀ ਛੱਡ ਕੇ ਚਲੇ ਗਏ ਅਤੇ ਗ੍ਰੰਥ ਨੂੰ ਗੁਰਿਆਈ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਨਾਂਦੇੜ (ਹਜ਼ੂਰ ਸਾਹਿਬ) ਦਿੱਤੀ ਸੀ। ਇਸ ਤਰ੍ਹਾਂ ਆਦਿ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੇ ਸੁਮੇਲ ਨਾਲ ਥਣਦਾ ਹੈ, ਬਾਣੀ ਅਤੇ ਬਾਣਾ, ਦੇਗ ਅਤੇ ਤੇਗ, ਮਾਲਾ ਅਤੇ ਭਾਲਾ, ਸੇਵਾ ਅਤੇ ਸਿਮਰਣ ਵਾਲੇ ਸੰਤ ਸਿਪਾਹੀਆਂ ਦਾ ਸਮੂਹ ਪੰਥ ਖਾਲਸਾ। ਅਗਿਆਨਤਾ ਵੱਸ ਹੁਣ ਦਸਮ ਗ੍ਰੰਥ ਵਿਰੁੱਧ ਕੁਪ੍ਰਚਾਰ ਕਰਨ ਵਾਲੇ ਗੁਰੂ ਦੇ ਜੀਉ ਅਤੇ ਪਿੰਡ ਵਿਚਾਲੇ ਦੀਵਾਰ ਖੜ੍ਹੀ ਕਰਕੇ ਪਾੜਾ ਪਾਉਣ ਲਈ ਤਤਪਰ ਹਨ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਦਕਾ ਗੁਰੂ ਕੇ ਸਿੱਖ, ਪ੍ਰਮਾਤਮਾ ਦੇ ਨਾਮ ਵਿਚ ਲੀਨ ਹੋ ਕੇ ਵੈਰਾਗੀ, ਤਿਆਗੀ, ਦਯਾ, ਧਰਮ, ਸਤ, ਸੰਤੋਖ ਅਤੇ ਹੋਰ ਰੱਬੀ ਗੁਣਾਂ ਵਾਲੇ ਸੰਤ ਬਣ ਗਏ। ਦਸਮੇਸ਼ ਪਿਤਾ ਨੇ ਆਪਣੀਆਂ ਦਸਮ ਗ੍ਰੰਥ ਦੀਆਂ ਰਚਨਾਵਾਂ ਦੁਆਰਾ ਇਨ੍ਹਾਂ ਸੰਤਾਂ ਨੂੰ ਖੰਡੇ, ਕ੍ਰਿਪਾਨਾਂ, ਤੀਰ ਕਮਾਣ ਅਤੇ ਭਾਲਿਆਂ ਨਾਲ ਸਜਾ ਕੇ, ਮਸਤ ਹਾਥੀਆਂ ਨਾਲ ਟੱਕਰ ਲੈਣ ਵਾਲੇ, ਸਵਾ ਲੱਖ ਨਾਲ ਲੜਨ ਵਾਲੇ, ਦੁਨਿਆਵੀ ਤਖਤਾਂ ਨਾਲ ਟੱਕਰ ਲੈਣ ਵਾਲੇ ਨਿਰਭਉ ਸਿੰਘ (ਸ਼ੇਰ) ਬਣਾ ਦਿੱਤਾ।

ਸਾਡੇ ਦੇਸ਼ ਵਿਚ ਪਹਿਲਾਂ ਇਕ ਵਰਗ ਸੰਤਾਂ ਦਾ ਸੀ ਅਤੇ ਦੂਸਰਾ ਵਰਗ (ਰਾਜਪੂਤ) ਨਿਰੋਲ ਸਿਪਾਹੀ ਸੀ। ਇਕੱਲਾ ਇਕੱਲਾ ਪੱਖ ਅਧੂਰਾ ਸੀ। ਇਸ ਲਈ ਗ਼ੁਲਾਮੀ ਭੁਗਤਣੀ ਪਈ। ਗੁਰੂ ਨਾਨਕ, ਗੁਰੂ ਗੋਬਿੰਦ ਸਾਹਿਬ (ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ) ਦਾ ਸਦਕਾ ਨਿਆਰੇ ਤੀਸਰ ਪੰਥ ਵਾਲਿਆਂ ਨੇ ਜੋ ਇਤਿਹਾਸ ਸਿਰਜਿਆ ਉਹ ਦੁਨੀਆਂ ਵਿਚ ਲਾਮਿਸਾਲ ਹੈ।

ਅਹਿਮਦ ਸ਼ਾਹ ਅਬਦਾਲੀ ਨਾਲ ਆਏ ਇਤਿਹਾਸਕਾਰ ਕਾਜ਼ੀ ਨੂਰ ਮੁਹੰਮਦ ਨੇ, ਇਸ ਨਿਆਰੇ ਖਾਲਸੇ ਦੇ ਦੋਨਾਂ ਪੱਖਾਂ ਦੀ ਸੰਸਾਰ ਸਾਹਮਣੇ ਸਹੀ ਤਸਵੀਰ ਪੇਸ਼ ਕਰਕੇ ਰੱਜ ਕੇ ਤਾਰੀਫ਼ ਕੀਤੀ ਹੈ।

"ਇਨ੍ਹਾਂ ਦਾ ਅਸਲੀ ਨਾਮ ਸਿੰਘ ਹੈ ਜਿਸ ਦਾ ਮਾਅਨਾ ਹਿੰਦੀ ਵਿਚ ਸ਼ੇਰ ਹੈ। ਜਦ ਇਹ ਮੈਦਾਨੇ ਜੰਗ ਵਿਚ ਹੁੰਦੇ ਹਨ ਤਾਂ ਸ਼ੇਰ ਵਾਂਗ ਵੈਰੀ ਤੇ ਝਪਟਦੇ ਹਨ ਅਤੇ ਜਦ ਅਮਨ ਵਿਚ ਹੁੰਦੇ ਹਨ ਤਾਂ ਇੰਨੇ ਦਿਆਲੂ ਹੁੰਦੇ ਹਨ ਕਿ ਹਾਤਮ ਤਾਈ (ਈਰਾਨ ਦਾ ਇਕ ਬਾਦਸ਼ਾਹ ਜੋ ਬਹੁਤ ਦਿਆਲੂ ਸੀ) ਨੂੰ ਮਾਤ ਪਾ ਦਿੰਦੇ ਹਨ।

ਲੰਗਰ ਬਣਾ ਕੇ ਉਚੀ ਆਵਾਜ਼ ਦਿੰਦੇ ਹਨ "ਗੁਰੂ ਕਾ ਲੰਗਰ ਤਿਆਰ ਹੈ ਸਭ ਛਕੋ।" ਕਿੰਡਾ ਹੀ ਵੱਡਾ ਦੁਸ਼ਮਣ ਆ ਕੇ ਪੰਗਤ ਵਿਚ ਬੈਠ ਜਾਵੇ ਇਹ ਕਦੇ ਉਠਾਉਂਦੇ ਨਹੀਂ।

ਜਿਥੇ ਆਦਿ ਗੁਰੂ ਗ੍ਰੰਥ ਸਾਹਿਬ ਇਕੱਠੇ ਬੈਠ ਕੇ ਪਰਮੇਸ਼ਰ ਦੇ ਗੁਣ ਗਾਇਨ ਕਰਨ ਦਾ ਉਪਦੇਸ਼ ਕਰਦਾ ਹੈ:

*ਹੋਇ ਇਕਤ੍ਰ ਮਿਲਹੁ ਮੇਰੇ ਭਾਈ*

*ਦੁਬਿਧਾ ਦੂਰ ਕਰਹੁ ਲਿਵ ਲਾਇ॥*

*ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥*

*(ਅੰਗ ੧੧੮੫)*

ਉਥੇ, ਦਸਮੇਸ਼ ਪਿਤਾ ਦੇ ਦਸਮ ਗ੍ਰੰਥ ਤੋਂ ਵਰੋਸਾਇਆ ਖਾਲਸਾ ਪੰਥ ਉਪਰਲੇ ਉਪਦੇਸ਼ ਕਮਾਉਣ ਦੇ ਨਾਲ ਹੀ ਨਗਾਰੇ ਦੀ ਚੋਟ ਨਾਲ, ਨਿਸ਼ਾਨ ਸਾਹਿਬ ਲਹਿਰਾਉਂਦਾ ਹੋਇਆ ਆਨੰਦਪੁਰ ਸਾਹਿਬ ਦੀ ਚਰਨ ਗੰਗਾ ਦੀ ਬਰੇਤੀ ਵਿਚ ਹੋਲੇ ਮਹੱਲੇ ਤੇ ਜੰਗੀ ਕਰਤੱਬਾਂ ਨਾਲ ਪੰਥ ਨੂੰ ਚੜ੍ਹਦੀ ਕਲਾ ਵੱਲ ਲਿਜਾਂਦਾ ਹੈ।

# *ਸਿੱਖ-ਸਿੰਘ-ਖਾਲਸਾ*

ਇੱਟਾਂ, ਰੋੜੇ ਸੀਮਿੰਟ ਆਦਿ ਨਾਲ ਕੋਈ ਇਮਾਰਤ ਬਣਦੀ ਹੈ। ਇਹੋ ਸਭ ਕੁਝ ਨਾਲ ਸਿਨੇਮਾ ਤੇ ਮੈ-ਖਾਨਾ ਬਣਦਾ ਹੈ ਅਤੇ ਇਸੇ ਸਭ ਕਾਸੇ ਨਾਲ ਸਕੂਲ ਅਤੇ ਗੁਰਦੁਆਰਾ ਬਣਦਾ ਹੈ। ਸਿਆਣਾ ਮਨੁੱਖ ਬਿਲਡਿੰਗ ਦਾ ਨਕਸ਼ਾ ਦੇਖ ਕੇ ਸਮਝ ਜਾਂਦਾ ਹੈ ਕਿ ਇਸ ਨਕਸ਼ੇ ਅਨੁਸਾਰ ਬੈਂਕ ਬਣੇਗਾ ਜਾਂ ਸਕੂਲ ਬਣੇਗਾ।

ਬਿਲਡਿੰਗ ਬਣਾਨ ਲਈ ਪਹਿਲਾਂ ਨਕਸ਼ਾ ਬਣਦਾ ਹੈ ਫਿਰ ਨਿਊਂ ਭਰੀ ਜਾਂਦੀ ਹੈ। ਇਸ ਪਿਛੋਂ ਉਸਾਰੀ ਕਰਕੇ ਅੰਦਰ ਬਾਹਰ ਕੰਮ ਪੂਰਾ ਕਰਕੇ ਜਦ ਬਿਲਡਿੰਗ ਤਿਆਰ ਹੋ ਜਾਂਦੀ ਹੈ ਤਾਂ ਬਿਲਡਿੰਗ ਦਾ 'ਅਮਰ ਵਿਲਾ', ਕਰਤਾਰ ਕਾਟੇਜ ਆਦਿ ਨਾਉਂ ਲਿਖਿਆ ਜਾਂਦਾ ਹੈ ਜਿਸ ਤੋਂ ਬਿਲਡਿੰਗ ਦੀ ਪਹਿਚਾਨ ਅਤੇ ਇਸ ਵਿਚ ਰਹਿਣ ਵਾਲਿਆਂ ਦਾ ਪਤਾ ਲਗਦਾ ਹੈ।

ਜਿਸ ਸਿੱਖੀ ਦੇ ਮਹੱਲ ਦੀ ਨਿਉਂ ਗੁਰੂ ਨਾਨਕ ਸੱਚੇ ਪਾਤਸ਼ਾਹ ਨੇ ਰੱਖੀ, ਸਮੇਂ ਸਮੇਂ ਬਾਕੀ ਗੁਰੂ ਸਾਹਿਬਾਂ ਨੇ ਇਸ ਮਹੱਲ ਦੀ ਉਸਾਰੀ ਕੀਤੀ, ਅੰਦਰੋਂ ਬਾਹਰੋਂ ਸਵਾਰਿਆ ਅਤੇ ਦਸ਼ਮੇਸ਼ ਪਿਤਾ ਨੇ ਇਸ ਮਹੱਲ ਨੂੰ ਅੰਤਮ ਛੋਹਾਂ ਦੇ ਕੇ ਬਾਹਰੋਂ ਬਾਣੇ ਨਾਲ ਸ਼ਿੰਗਾਰਿਆ ਅਤੇ ਖਾਲਸਾਈ ਰਹਿਤ ਦੀ ਵਾੜ ਕਰ ਕੇ ਨਾਉਂ ਖਾਲਸਾ ਪੰਥ ਰੱਖਿਆ।

ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਗੁਰੂ ਨਾਨਕ ਸਾਹਿਬ ਦੀ ਚਲਾਈ ਸਿੱਖ ਲਹਿਰ ਦਾ ਨਾਉਂ ਦੇਸ਼ਵਾਸੀਆਂ ਵਿਚ ਅਤੇ ਸਰਕਾਰੇ ਦਰਬਾਰੇ ਨਾਨਕ ਪੰਥੀ ਪ੍ਰਚਲਤ ਸੀ। ਈਰਾਨ ਵਾਸੀ ਮੁਹਸਨ ਫਾਨੀ ਨੇ ਦੇਸ਼ ਦਾ ਭ੍ਰਮਣ ਕਰ ਕੇ, ਇਥੇ ਦੇ ਵੱਖ-ਵੱਖ ਧਰਮਾਂ ਬਾਰੇ ਜੋ ਕਿਤਾਬ 'ਜ਼ਬਿਸ ਤਾਨੇ ਮਜ਼ਾਹਬ' ਲਿਖੀ ਉਸ ਵਿਚ ਸਿੱਖ ਲਹਿਰ ਨੂੰ 'ਨਾਨਕ ਪੰਥੀ' ਦਾ ਨਾਉਂ ਦਿੱਤਾ ਹੈ। ਇਹ ਸੈਲਾਨੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸਮਕਾਲੀ ਸੀ, ਕਈ ਵਾਰੀ ਗੁਰੂ ਸਾਹਿਬ ਨੂੰ ਮਿਲਿਆ ਅਤੇ ਦੇਸ਼ ਪਰਤ ਕੇ ਭੀ ਗੁਰੂ ਸਾਹਿਬ ਨਾਨਕ ਚਿੱਠੀ ਪੱਤਰ ਲਿਖਦਾ ਰਿਹਾ। ਮਹਾਨ ਕੋਸ਼ ਵਿਚ ਭਾਈ ਕਾਨ੍ਹ ਸਿੰਘ ਜੀ ਨੇ ਇਸ ਤੱਥ ਨੂੰ ਕਬੂਲਿਆ ਹੈ। ਇਸੇ ਤਰ੍ਹਾਂ ਲਾਹੌਰ ਦਰਬਾਰ ਤੋਂ

ਦਸੰਬਰ 1710 ਵਿਚ ਜੋ ਸਿੱਖਾਂ ਦੀ ਕਤਲੇਆਮ ਦਾ ਫੁਰਮਾਨ ਜਾਰੀ ਹੋਇਆ ਉਸ ਦੀ ਲਿਖਤ ਸੀ :

*ਨਾਨਕ ਪਸਤਾਂ ਰਾ ਹਰ ਜਾ ਕਿ ਬਯਾਬੰਦ, ਬ ਕਤਲ ਰਸਾਨੰਦ।'*

ਭਾਵ : ਜਿਥੇ ਕਿਤੇ ਭੀ ਨਾਨਕ ਪੰਥੀ ਦਿਖਣ ਕਤਲ ਕਰ ਦਿੱਤੇ ਜਾਣ।

ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਨੇ ਨਾਮ, ਦਾਨ, ਇਸ਼ਨਾਨ ਵਾਲੇ ਸਿੱਖੀ ਮਹੱਲ ਦੀ ਨਿਊਂ ਰੱਖੀ। ਸਭ ਨੂੰ ੧ਓ ਦਾ ਬੀਜ ਮੰਤਰ ਦਿੱਤਾ। ਇਕ ਪਰਮੇਸਰ ਜੋ "ਆਦਿ ਸੱਚ, ਜੁਗਾਦਿ ਸੱਚ ਹੈ ਭੀ ਸਚੁ ਨਾਨਕ ਹੋਸੀ ਭੀ ਸਚ" ਨੂੰ ਧਿਆਉਣ ਦਾ ਉਪਦੇਸ਼ ਦਿੱਤਾ। ਹੱਥੀਂ ਕਿਰਤ ਕਰਕੇ ਜੀਵਨ ਨਿਰਬਾਹ ਕਰਨ ਅਤੇ ਸਮਾਜਕ ਭਲਾਈ ਲਈ ਵੰਡ ਛਕਣ ਦਾ ਨੀਯਮ ਬਣਾਇਆ। ਊਚ ਨੀਚ ਦਾ ਵਿਤਕਰਾ ਖਤਮ ਕਰਨ ਲਈ **'ਏਕ ਪਿਤਾ ਏਕਸ ਕੇ ਹਮ ਬਾਰਿਕ'** ਦਾ ਪਾਠ ਪੜ੍ਹਾਇਆ। ਆਪਣੀ ਵੀਚਾਰਧਾਰਾ ਨੂੰ ਸਦੀਵ ਕਾਲ ਕਾਇਮ ਰੱਖਣ ਲਈ ਬਾਣੀ ਰਚੀ। 'ਸ਼ਬਦ ਗੁਰੂ ਸੁਰਤਿ ਧੁਨਿ ਚੇਲਾ" ਦੀ ਮਰਿਯਾਦਾ ਕਾਇਮ ਕੀਤੀ।

ਸੰਗਤ ਅਤੇ ਪੰਗਤ ਦਾ ਨੀਯਮ ਬਣਾ ਕੇ ਅੰਮ੍ਰਿਤ ਵੇਲੇ ਦੀ ਸੰਭਾਲ, ਜਪੁ ਜੀ ਦਾ ਨਿਤਨੇਮ ਨਾਲ ਪਾਠ ਅਤੇ ਆਸਾ ਦੀ ਵਾਰ ਦਾ ਕੀਰਤਨ ਦੀ ਰੀਤ ਤੋਰੀ। ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਦੀ ੩੧ਵੀਂ ਪਉੜੀ ਵਿਚ ਇਉਂ ਦੱਸਿਆ :

***ਬਾਬਾ ਆਇਆ ਕਰਤਾਰ ਪੁਰਿ ਭੇਖ ਉਦਾਸੀ ਸਗਲ ਉਤਾਰਾ।***
***ਪਹਿਰ ਸੰਸਾਰੀ ਕਪੜੇ ਮੰਜੀ ਬੈਠ ਕੀਆ ਅਵਤਾਰਾ।***

------------

***ਗਯਾਨ ਗੋਸ਼ਟ ਚਰਚਾ ਸਦਾ ਅਨਹਦ ਸ਼ਬਦ ਉਠੇ ਧੁਨਿਕਾਰਾ।***
***ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪ ਉਚਾਰਾ।***

ਨਾਨਕ ਦੀ ਦੂਸਰੀ ਜੋਤ ਨੇ ਬਾਬੇ ਨਾਨਕ ਦੇ ਪੂਰਨਿਆਂ 'ਤੇ ਚਲਦਿਆਂ ਗੁਰਮੁਖੀ ਲਿਪੀ ਵਿਗਸਤ ਕਰ ਕੇ ਬਾਣੀ ਵਿਚ ਵਾਧਾ ਕੀਤਾ। ਗੁਰੂ ਇਤਿਹਾਸ ਅਤੇ ਗੁਰਬਾਣੀ ਦੀਆਂ ਪੋਥੀਆਂ ਪ੍ਰਚਲਤ ਕੀਤੀਆਂ।

ਸ੍ਰੀ ਗੁਰੂ ਅਮਰਦਾਸ ਜੀ ਨੇ ਪਹਿਲੇ ਪ੍ਰੋਗਰਾਮ ਨੂੰ ਨਿਭਾਹੁੰਦਿਆਂ ਸਮਾਜਕ ਸੁਧਾਰ ਲਈ ਬਉਲੀ ਅਤੇ ਪੰਗਤ ਨੂੰ ਪੱਕਿਆਂ ਕੀਤਾ ਤਾਂ ਜੋ ਸੰਗਤੀ ਇਸ਼ਨਾਨ

ਅਤੇ ਪੰਗਤ ਦੀ ਰੀਤ ਨਾਲ ਊਚ-ਨੀਚ ਦਾ ਪਾੜਾ ਖਤਮ ਕੀਤਾ ਜਾ ਸਕੇ। ਇਸਤਰੀਆਂ ਵਿਚ ਪਰਦੇ ਅਤੇ ਸਤੀ ਦੀ ਰਸਮ ਖਤਮ ਕਰਨ ਲਈ ਉਪਦੇਸ਼ ਦਿੱਤਾ :

*ਸਤੀਆ ਏਹਿ ਨ ਆਖੀਅਨਿ ਜੋ ਮੜਿਆਂ ਲਗਿ ਜਲੰਨਿ ॥*

*ਨਾਨਕ ਸਤੀਆ ਜਾਣੀਅਨ ਜਿ ਬਿਰਹੇ ਚੋਟਿ ਮਰੰਨਿ ॥*

*ਭੀ ਸੋ ਸਤੀਆ ਜਾਣੀਅਨ, ਸੀਲ ਸੰਤੋਖ ਰਹੰਨਿ ॥ ਅੰਗ ੭੮੭*

ਸਿੱਖੀ ਪ੍ਰਚਾਰ ਲਈ ਦੇਸ਼ ਦੇ ਸਾਰੇ ਸੂਬਿਆਂ ਵਿਚ ਮੰਜੀਆਂ ਸਥਾਪਤ ਕੀਤੀਆਂ ਜਿਨ੍ਹਾਂ ਵਿਚ ਕੁਝ ਇਸਤਰੀਆਂ ਭੀ ਸਨ। ਬਾਅਦ ਵਿਚ ਇਹੋ ਮਸੰਦ ਅਖਵਾਏ।

ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖਾਂ ਲਈ ਕੇਂਦਰੀ ਅਸਥਾਨ ਸਥਾਪਤ ਕੀਤਾ। ਜੋ ਪਹਿਲਾਂ, ਗੁਰੂ ਚਕ ਦੇ ਨਾਉਂ ਨਾਲ ਮਸ਼ਹੂਰ ਹੋਇਆ ਅਤੇ ਸਰੋਵਰ ਬਣਨ ਕਰਕੇ ਅੰਮ੍ਰਿਤਸਰ ਕਹਾਉਂਦਾ ਹੈ। ਇਸ ਨੂੰ ਵਪਾਰਕ ਕੇਂਦਰ ਬਣਾਇਆ ਅਤੇ ਵੱਖ-ਵੱਖ ਤਰ੍ਹਾਂ ਦੇ 52 ਕਿੱਤੇ ਕਰਨ ਵਾਲੇ ਲੋਕ ਵਸਾਏ। ਇਥੇ ਇਹ ਭੀ ਦੱਸਣਾ ਜ਼ਰੂਰੀ ਹੈ ਕਿ ਗੁਰੂ ਸਾਹਿਬ ਨੇ ਇਸ ਸ਼ਹਿਰ ਤੇ ਆਸ ਪਾਸ ਦੀ ਜ਼ਮੀਨ ਸੱਤ ਸੌ ਅਕਬਰੀ ਰੁਪਏ ਦੇ ਕੇ ਮੁੱਲ ਖਰੀਦੀ ਸੀ। ਸੋ ਅੰਮ੍ਰਿਤਸਰ ਸ਼ਹਿਰ ਖਾਲਸਾ ਪੰਥ ਦੀ ਵਿਰਾਸਤ ਹੈ।

ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਨੇ ਪਿਤਾ ਗੁਰੂ ਦੇ ਵਸਾਏ ਨਗਰ ਵਿਚ ਸਰੋਵਰ ਦੀ ਖੁਦਾਈ ਕਰਵਾਈ ਹਰਿਮੰਦਰ ਦੀ ਉਸਾਰੀ ਕੀਤੀ ਅਤੇ ਮਨੁੱਖਤਾ ਦੀ ਕਲਿਆਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ। ਤਰਨ ਤਾਰਨ ਅਤੇ ਕਰਤਾਰਪੁਰ (ਜ਼ਿਲ੍ਹਾ ਜਲੰਧਰ) ਸ਼ਹਿਰ ਵਸਾਏ। ਤਰਨ ਤਾਰਨ ਵਿਚ ਕੋਹੜੀਆਂ ਅਤੇ ਹੋਰ ਰੋਗਾਂ ਦੇ ਇਲਾਜ ਲਈ ਹਸਪਤਾਲ ਚਾਲੂ ਕੀਤਾ। ਲੋੜ ਪੈਣ 'ਤੇ ਮਨੁੱਖਤਾ ਦੀ ਸੇਵਾ ਲਈ ਲਾਹੌਰ ਕਾਲ ਪੈਣ ਤੇ ਆਪ ਲੰਗਰ ਲਾਇਆ ਅਤੇ ਮੁਰਦਿਆਂ ਦੀ ਸੰਭਾਲ ਕਰਕੇ ਸਿੱਖ ਨੂੰ ਪਰਉਪਕਾਰ ਕਰਨ ਲਈ ਉਤਸ਼ਾਹਿਤ ਕੀਤਾ। ਅੰਤ ਨੂੰ ਸੱਤ ਧਰਮ ਤੇ ਕੁਰਬਾਨ ਹੋਣ ਦਾ ਪਾਠ ਪੜ੍ਹਾਉਣ ਲਈ ਲਾਸਾਨੀ ਸ਼ਹੀਦੀ ਪਾਈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖਤ ਦੀ ਰਚਨਾ ਕੀਤੀ, ਸਿੱਖਾਂ ਵਿਚ ਬੀਰ ਰਸ ਭਰਨ ਲਈ ਗੁਰਬਾਣੀ ਦੇ ਨਾਲ ਨਾਲ ਢਾਡੀ ਵਾਰਾਂ ਦਾ ਗਾਉਣਾ ਸ਼ੁਰੂ ਕੀਤਾ। ਗਵਾਲੀਅਰ ਦੇ ਕਿਲੇ ਵਿਚ 52 ਹਿੰਦੂ ਰਾਜਪੂਤ ਰਾਜਿਆਂ ਨੂੰ ਰਿਹਾ ਕਰਾ ਕੇ ਬੰਦੀ ਛੋੜ ਕਹਾਏ। ਮੀਰੀ ਪੀਰੀ ਦਾ ਸਿਧਾਂਤ ਚਲਾਇਆ, ਸ਼ਸਤਰ ਧਾਰੀ

ਜੋਧੇ ਬਣਾ ਕੇ ਹਕੂਮਤ ਨਾਲ ਚਾਰ ਜੰਗਾਂ ਜਿੱਤ ਕੇ ਦੇਸ਼ ਵਾਸੀਆਂ ਦਾ ਮਨੋਬਲ ਉਚਾ ਕੀਤਾ ਅਤੇ ਸਾਬਤ ਕਰ ਦੱਤਿਾ ਕਿ ਵਿਦੇਸ਼ੀ, ਜ਼ਾਲਮ ਹਾਕਮ ਅਜਿੱਤ ਨਹੀਂ, ਇਕਮੁੱਠ ਹੋ ਕੇ ਲੜਿਆਂ ਜਿੱਤੇ ਜਾ ਸਕਦੇ ਹਨ। ਗੁਰ ਅਸਥਾਨ ਦੀ ਸੰਭਾਲ ਕੀਤੀ ਅਤੇ ਮਾਝੇ, ਮਾਲਵੇ, ਕਸ਼ਮੀਰ, ਬਾਂਗਰ, ਪੀਲੀ ਭੀਤ (ਉਤਰ ਪ੍ਰਦੇਸ਼) ਤੱਕ ਸਿੱਖੀ ਪ੍ਰਚਾਰ ਕੀਤਾ।

ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਪਹਿਲੇ ਗੁਰੂਆਂ ਨੇ ਪਦ-ਚਿੰਨ੍ਹਾਂ ’ਤੇ ਚਲਦੇ ਹੋਏ, ਨਿੱਜੀ ਉਦਾਹਰਣ ਦੇ ਕੇ ਸਿੱਖਾਂ ਵਿਚ ਗੁਰਬਾਣੀ ਦੇ ਸਤਿਕਾਰ ਦਾ ਉਪਦੇਸ਼ ਦੇ ਕੇ ਕਿਹਾ :

*ਜਿਨ ਮਨ ਬਾਣੀ ਅਦਬ ਦਾ ਧਾਰਾ।*
*ਸੋ ਨਹ ਕਹੀਅਤ ਸਿਖ ਹਮਾਰਾ।      (ਗੁ. ਪ੍ਰ. ਸੂਰਜ ਪ੍ਰਕਾਸ਼)*

ਇਸੇ ਸੰਦਰਭ ਵਿਚ ਗੁਰਬਾਣੀ ਦੀ ਤੁਕ ਦਾ ਇਕ ਅੱਖਰ ਬਦਲਣ ਲਈ ਆਪਣੇ ਵੱਡੇ ਪੁੱਤਰ ਬਾਬਾ ਰਾਮ ਰਾਇ ਨੂੰ ਤ੍ਰਿਸਕਾਰ ਦਿੱਤਾ। ਕਿਉਂਕਿ ਉਸ ਨੇ ਔਰੰਗਜ਼ੇਬ ਦੇ ਦਰਬਾਰ ਵਿਚ ਸ਼ਾਹੀ ਜਲਾਲ ਤੋਂ ਝੇਪ ਖਾ ਕੇ

*ਮਿੱਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ॥ ਅੰਗ ੪੬੬*

ਨੂੰ ‘ਮਿੱਟੀ ਬੇਈਮਾਨ’ ਕਹਿ ਦਿੱਤਾ ਸੀ।

ਗੁਰੂ ਬਾਬੇ ਦੀ ਅੱਠਵੀਂ ਜੋਤ ਸ੍ਰੀ ਗੁਰੂ ਹਰਿਕਿਸ਼ਨ ਸਾਹਿਬ ਨੇ ਦੁਨੀਆਂ ਨੂੰ ਦਿਖਾ ਦਿੱਤਾ ਕਿ ਗੁਰੂ ਗੱਦੀ ਅਗੰਮੀ ਬਖਸ਼ਿਸ਼ ਹੈ। ਇਸ ਦਾ ਉਮਰ ਨਾਲ ਕੋਈ ਤੁਅਲਕ ਨਹੀਂ। ਇਸ ਗੱਲ ਨੂੰ ਸਾਬਤ ਕਰਨ ਲਈ ਗੂੰਗੇ ਛਜੂ ਝੀਵਰ ਤੋਂ ਗੀਤਾ ਦੇ ਅਰਥ ਕਰਵਾ ਕੇ ਹੰਕਾਰੀ ਬ੍ਰਾਹਮਣ, ਲਾਲ ਚੰਦ ਦਾ ਅਹੰਕਾਰ ਤੋੜਿਆ, ਆਪਣੀ ਜੇਬ ਦਾ ਰੁਮਾਲ ਦੇ ਕੇ ਕੋਹੜੀ ਦਾ ਦੁਖ ਦੂਰ ਕੀਤਾ ਅਤੇ ਦਿੱਲੀ ਵਿਚ ਮਾਤਾ ਦੇ ਪ੍ਰਕੋਪ ਤੋਂ ਦੁਖੀ ਦਿੱਲੀ ਵਾਸੀਆਂ ਦਾ ਦੁੱਖ ਹਰਿਆ। ਅੰਤ ਵਿਚ ਬਾਬੇ ਨਾਨਕ ਵਾਂਗ ਨਿਰਭੈ ਅਵਸਥਾ ਵਿਚ ਵਿਚਰਦੇ ਹੋਏ, ਪਿਤਾ ਗੁਰੂ ਦਾ ਹੁਕਮ ਮੰਨਕੇ :

*ਨਾਹਿ ਮੁਗਲ ਕੋ ਦਰਸ਼ਨ ਦੈ ਹੈਂ।*

ਤੇ, ਪਹਿਰਾ ਦਿੰਦੇ ਹੋਏ ਦਿੱਲੀ ਵਿਚ ਔਰੰਗਜ਼ੇਬ ਨੂੰ ਮਿਲੇ ਬਗੈਰ ਪਰਲੋਕ ਪਧਾਨੇ ਕਰਕੇ ਸੰਸਾਰ ਲਈ ਇਕ ਉਦਾਹਰਣ ਬਣ ਗਏ।

ਅਮਨ, ਸ਼ਾਂਤੀ ਅਤੇ ਵੈਰਾਗ ਦੀ ਮੂਰਤ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਬ੍ਰਹਮ ਗਿਆਨੀ ਦੇ ਜੋ ਗੁਣ, ਸੁਖਮਣੀ ਸਾਹਿਬ ਵਿਚ ਪੰਚਮ ਪਿਤਾ ਨੇ ਲਿਖੇ ਅਤੇ ਜੋ ਉਪਦੇਸ਼ ਆਪ ਦਿੱਤਾ :

*ਜੋ ਨਰੁ ਦੁਖ ਮੈ ਦੁਖੁ ਨਹੀਂ ਮਾਨੈ ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ਰਹਾਉ ॥*
*ਨਹ ਨਿੰਦਾ ਨਹ ਉਸਤਤਿ ਜਾ ਕੇ ਲੋਭੁ ਮੋਹੁ ਅਭਿਆਨਾ ॥*
*ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨੁ ਅਪਮਾਨਾ ॥੧ ॥*
*ਕਾਮੁ ਕ੍ਰੋਧ ਜਿਹ ਪਰਸੈ ਨਾਹਿਨ ਤਿਹ ਘਟਿ ਬ੍ਰਹਮ ਨਿਵਾਸਾ ॥੨ ॥*
*ਗੁਰਿ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥*
*ਨਾਨਕ ਲੀਨ ਭੋਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੨ ॥*

**ਇਸ ਨੂੰ ਆਪਣੇ ਤੇ ਘਟਾ ਕੇ ਗੁਰਉਪਦੇਸ਼ ਨੂੰ ਸਹੀ ਸਾਬਤ ਕਰ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦਾ ਉਪਦੇਸ਼ :**

*ਸਭ ਕੋ ਨਿਵੈ ਆਪ ਕੋ ਪਰ ਕਉ ਕਿਵੈ ਨ ਕੋਇ ॥*
*ਧਰਿ ਤਾਰਾਜੂ ਤੋਲੀਐ ਕਿਵੈ ਸੋ ਗਉਰਾ ਹੋਇ ॥ ਵਾਰ ਆਸਾ*

ਭਾਵ ਆਪਣੀ ਲੋੜ ਨੂੰ ਸਭ ਕੋਈ ਗਰੀਬੀ ਅਤੇ ਹਲੀਮੀ ਦਿਖਾਉਂਦਾ ਹੈ, ਪਰ ਪਰਉਪਕਾਰ ਲਈ ਕੋਈ ਨਹੀਂ ਨਿੰਵਦਾ ਅਤੇ ਇਹ ਪ੍ਰਤੱਖ ਹੈ ਕਿ ਜਿਸ ਤਰ੍ਹਾਂ ਤਕੜੀ ਦਾ ਭਾਰੂ ਪਲੜਾ ਨਿਵਦਾ ਹੈ। ਸੰਸਾਰ ਵਿਚ ਜਿਸ ਮਨ ਅੰਦਰ ਗੁਣ ਭਾਰੂ ਹੋਣ ਉਹ ਹੀ ਪਰਉਪਕਾਰ ਲਈ ਨਿਵਕੇ ਦਰਗਾਹ ਵਿਚ ਪ੍ਰਵਾਣ ਹੁੰਦਾ ਹੈ। ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਪਰਾਏ ਧਰਮ ਲਈ ਕੁਰਬਾਨੀ ਦੇ ਕੇ ਸੰਸਾਰ ਵਿਚ ਲਾਸਾਨੀ ਸ਼ਹੀਦੀ ਪਾਈ, ਜਿਸ ਨੂੰ ਸੰਸਾਰ ਦੀ ਸਰਬੋਤਮ ਸੰਸਥਾ ਯੂ. ਐਨ. ਓ. ਨੇ ਭੀ ਪ੍ਰਵਾਨ ਕੀਤਾ ਹੈ।

ਨਿਰੰਕਾਰੀ ਬਾਬੇ ਦੀ ਚਲਾਈ ਸਿੱਖੀ ਲਹਿਰ ਨੂੰ ਅੰਤਮ ਛੋਹਾਂ ਦੇ ਕੇ, ਕੁਝ ਕਾਂਟ ਛਾਂਟ ਅਤੇ ਕੁਝ ਨਵੀਂ ਘਾੜਤ ਕਰਕੇ ਸੰਪੂਰਨ ਦਸ਼ਮੇਸ਼ ਪਿਤਾ ਨੇ ਕੀਤਾ। ਪਹਿਲੇ ਗੁਰੂ ਸਾਹਿਬਾਨ ਦੀ ਵੀਚਾਰਧਾਰਾ ਗੁਰਮੁਖਿ ਨਾਮ ਦਾਨ ਇਸ਼ਾਨ ਤੇ ਪਹਿਰਾ ਦਿੱਤਾ, ਪੰਚਮ ਪਿਤਾ ਦੇ ਰਚੇ ਗ੍ਰੰਥ ਸਾਹਿਬ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ

ਦਰਜ ਕਰਕੇ ਗੁਰੂ ਪਦਵੀ ਤੇ ਬਿਰਾਜਮਾਨ ਕਰਕੇ ਸ਼ਬਦ ਗੁਰੂ ਦੇ ਸਿਧਾਂਤ ਨੂੰ ਦ੍ਰਿੜ ਕਰਵਾਇਆ। ਉਚ-ਨੀਚ, ਰੰਗ-ਭੇਦ, ਜਾਤ-ਪਾਤ ਅਤੇ ਲਿੰਗ ਭੇਦ ਖਤਮ ਕਰਕੇ **'ਏਕ ਪਿਤਾ ਏਕਸ ਕੇ ਹਮ ਬਾਰਿਕ'** ਨੂੰ ਪ੍ਰਪੱਕ ਕਰਨ ਲਈ ਸਭ ਲਈ ਇਕੋ ਨਿਤਨੇਮ, ਇਹੋ ਰਹਿਤ ਬਖ਼ਸ਼ ਕੇ ਸਭ ਨੂੰ ਇਕ ਅਕਾਲ ਦੇ ਲੜ ਲਾਇਆ।

**ਪਹਿਲੀ ਪਾਤਸ਼ਾਹੀ ਦਾ ਉਪਦੇਸ਼ :**

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥ ਅੰਗ ੧੧੦੨***

***ਮਰਣੁ ਮੁਣਸਾ ਸੂਰਿਆਂ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥***

***ਅੰਗ ੫੨੦***

ਨੂੰ, ਸਾਕਾਰ ਕਰਨ ਲਈ 1699 ਦੀ ਵੈਸਾਖੀ ਤੇ ਸੀਸ ਭੇਟ ਦਾ ਕੌਤਕ ਵਰਤਾਇਆ। ਪੰਚ ਪਰਵਾਣ, ਪੰਚ ਪਰਧਾਨ ਦੇ ਸਿਧਾਂਤ ਨੂੰ ਸਦਾ ਲਈ ਪੂਰਨ ਤੌਰ 'ਤੇ ਕਾਇਮ ਰੱਖਣ ਲਈ ਪੰਜ ਪਿਆਰਿਆਂ ਨੂੰ ਮਾਨਤਾ ਦਿੱਤੀ। ਸਮਾਂ ਪੈਣ ਤੇ ਪੰਜਾਂ ਨੂੰ ਵਡਿਆਉਣ ਲਈ ਆਪ ਖੰਡਾ ਪਾਹੁਲ ਦੀ ਜਾਚਨਾ ਕੀਤਾ ਅਤੇ ਪੰਜਾਂ ਦਾ ਹੁਕਮ ਮੰਨ ਕੇ ਚਮਕੌਰ ਦੀ ਗੜ੍ਹੀ ਵਿਚ ਪਾਤਸ਼ਾਹੀ ਖਾਲਸੇ ਨੂੰ ਬਖਸ਼ ਕੇ ਗੜ੍ਹੀ ਵਿਚੋਂ ਕੂਚ ਕੀਤਾ। ਪਹਿਲੇ ਗੁਰੂ ਸਾਹਿਬ ਦੀ ਚਲਾਈ ਚਰਨ ਪਹੁਲ ਦੀ ਰੀਤ ਨੂੰ ਖ਼ਤਮ ਕਰ ਕੇ ਸਭ ਨੂੰ ਖੰਡਾ ਪਹੁਲ ਲੈਣ ਦਾ ਹੁਕਮ ਕੀਤਾ। ਇਸੇ ਤਰ੍ਹਾਂ ਤੀਸਰੀ ਪਾਤਸ਼ਾਹੀ ਦੀ ਚਲਾਈ ਮਸੰਦ ਪ੍ਰਥਾ ਨੂੰ ਖ਼ਤਮ ਕਰਕੇ ਸਭ ਨੂੰ ਸਿੱਧੇ ਗੁਰੂ ਦੇ ਲੜ ਲੱਗਣ ਦੀ ਤਾਕੀਦ ਕੀਤੀ। ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਗੁਰੂ ਤੇਗ਼ ਬਹਾਦਰ ਸਾਹਿਬ ਤੱਕ ਗੁਰੂ ਦਾ ਸਿੱਖ ਬਣਨ ਲਈ ਚਰਨ ਪਹੁਲ ਦੀ ਰੀਤ ਚੱਲੀ ਆ ਰਹੀ ਸੀ ਜਿਸ ਬਾਰੇ ਭਾਈ ਗੁਰਦਾਸ ਜੀ ਨੇ ਦੱਸਿਆ ਹੈ :

***ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿ ਪਠਾਇਆ।***

***ਚਰਨ ਧੋਇ ਰਹਿਰਾਸ ਕਰਿ ਚਰਨਾਮ੍ਰਿਤ ਸਿੱਖਾਂ ਪੀਲਾਇਆ।***

***ਵਾਰੀ੧ ਪਉੜੀ੨੩***

ਭਾਈ ਕਾਨ੍ਹ ਸਿੰਘ ਜੀ ਨੇ ਮਹਾਨ ਕੋਸ਼ ਦੇ ਪੰਨਾ ੪੫੭ ਤੇ ਚਰਣਾਮ੍ਰਿਤ ਦੇ ਅਰਥ ਇਸ ਤਰ੍ਹਾਂ ਕੀਤੇ ਹਨ :

ਚਰਣਾਂ ਮ੍ਰਿਤ : ਚਰਨਾ ਦਾ ਅੰਮ੍ਰਿਤ, ਚਰਣੋਦਕ, ਦੇਵਤਾ ਦੀ ਮੂਰਤੀ ਅਥਵਾ ਧਰਮਉਪਦੇਸ਼ਟਾ ਗੁਰੂਦੇ ਚਰਣਾ ਦਾ ਜਲ, ਉਹ ਜਲ ਜਿਸ ਨਾਲ ਗੁਰੂ ਦੇ ਪੈਰ ਧੋਤੇ ਹਨ, ਨੌਂ ਸਤਿਗੁਰਾਂ ਵੇਲੇ ਸਿੱਖ ਧਰਮ ਵਿਚ ਲਿਆਉਣ ਲਈ ਚਰਣਾਮ੍ਰਿਤ ਪਿਆਇਆ ਜਾਂਦਾ ਸੀ : ਇਸ ਦਾ ਨਾਮ ਚਰਣਪਾਹੁਲ ਅਤੇ ਪਗਪਹੁਲ ਭੀ ਲਿਖਿਆ ਹੈ ।

ਦਸ਼ਮੇਸ਼ ਪਿਤਾ ਨੇ ਸ਼ਬਦ ਗੁਰੂ ਨੂੰ ਗੁਰਿਆਈ ਬਖਸ਼ ਕੇ ਚਰਣ ਪਹੁਲ ਦੀ ਰੀਤ ਖ਼ਤਮ ਕੀਤੀ ਅਤੇ 'ਪੰਚ ਪਰਵਾਣ, ਪੰਚ ਪਰਧਾਨ' ਦੀ ਰੀਤ ਰਾਹੀਂ ਪੰਜਾਂ ਤੋਂ ਤਿਆਰ ਕੀਤੀ ਖੰਡਾ ਪਹੁਲ ਦੀ ਨਵੀਂ ਰੀਤ ਤੋਰੀ। ਇਸ ਤਰ੍ਹਾਂ ਨਾਨਕ ਪੰਥੀ ਤੋਂ 'ਵਾਹਿਗੁਰੂ ਜੀ ਕਾ ਖਾਲਸਾ' ਬਣਾ ਕੇ ਖਾਲਸਾ ਪੰਥ ਪ੍ਰਗਟ ਕੀਤਾ।

ਗੁਰੂ ਨਾਨਕ ਸਚੇ ਪਾਤਸ਼ਾਹ ਨੇ ਜਿਸ ਸਿੱਖੀ ਮਹਲ ਦੀ ਨਿਉਂ ਰੱਖੀ ਅਤੇ ਬਾਕੀ ਗੁਰੂ ਸਾਹਿਬ ਨੇ ਉਸ ਦੀ ਉਸਾਰੀ ਕੀਤੀ ਦਸ਼ਮੇਸ਼ ਪਿਤਾ ਨੇ ਉਸ ਨੂੰ ਸੰਪੂਰਨਤਾ ਬਖਸ਼ ਕੇ ਇਸ ਮਹਲ ਦਾ **'ਖਾਲਸਾ ਪੰਥ'** ਨਾਮ ਕਰਣ ਕੀਤਾ। ਗੁਰੂ ਗ੍ਰੰਥ ਸਾਹਿਬ ਰੂਪੀ ਵਿਧਾਨ, ਖੰਡੇ ਕ੍ਰਿਪਾਨ ਵਾਲਾ ਕੇਸਰੀ ਨਿਸ਼ਾਨ ਅਤੇ ਪੰਜ ਕਕਾਰੀ ਰਹਿਤ ਵਾਲੀ ਪਹਿਚਾਨ ਬਖਸ਼ ਕੇ ਸੰਪੂਰਨ ਅਤੇ ਸੁਤੰਤਰ ਕੌਮੀਅਤ ਦਾ ਦਰਜਾ ਦਿੱਤਾ। ਜਿਸ ਤਰ੍ਹਾਂ ਗੁਰੂ ਨਾਨਕ ਸੱਚੇ ਪਾਤਸ਼ਾਹ ਨੇ ਆਪਣੇ ਬਾਰੇ ਦੱਸਿਆ :

*ਸਤਿਗੁਰ ਵਿਚਿ ਆਪ ਰਖਿਓਨ*

*ਕਰਿ ਪ੍ਰਗਟ ਆਖਿ ਸੁਣਾਇਆ ॥ ਵਾਰ ਆਸਾ*

ਉਸੇ ਤਰ੍ਹਾਂ ਦਸ਼ਮੇਸ਼ ਜੀ ਨੇ ਦੱਸਿਆ,

*ਖਾਲਸਾ ਮੇਰੋ ਰੂਪ ਹੈ ਖਾਸ ॥*

*ਖਾਲਸੇ ਮਹਿ ਹਉ ਕਰੇਉ ਨਿਵਾਸ ॥*

*ਆਤਮ ਰਸ ਜਿਹ ਜਾਨਈ ਸੋ ਹੈ ਖਾਲਸਾ ਦੇਵ,*

*ਪ੍ਰਭੂ ਮੈਂ, ਮੋ ਮੈਂ, ਤਾਸ ਮਹਿ ਰੰਚਕ ਨਾਹਿਨ ਭੇਦ।"*

*(ਸਰਬ ਲੋਹ ਗ੍ਰੰਥ)*

**ਸੋ ਗੁਰੂ ਨਾਨਕ ਗੁਰੂ ਗੁਬਿੰਦ ਸਿੰਘ ਦੇ ਸਜਾਏ ਸਿੱਖੀ ਮਹਿਲ ਵਿਚ ਦਾਖਲ ਹੋਣ ਲਈ 'ਖੰਡਾ ਪਹੁਲ' ਛਕਣਾ, ਪ੍ਰਵੇਸ਼ ਦੁਆਰ ਹੈ। ਗੁਰੂ ਨਾਨਕ ਪਾਤਸ਼ਾਹ ਦੀ ਬਖ਼ਸ਼ੀ**

**ਜੀਵਨ ਜੁਗਤ, ਸਿੱਖੀ ਵੀਚਾਰਧਾਰਾ ਹੈ। ਇਸ ਵੀਚਾਰਧਾਰਾ ਨੂੰ ਅਪਣਾਉਣ ਵਾਲਾ (ਅੰਮ੍ਰਿਤ ਧਾਰੀ) ਸਿੰਘ ਹੈ, ਇਸ ਜੀਵਨ ਜੁਗਤ ਨੂੰ ਕਮਾ ਕੇ ਪੂਰਨ ਪਦ ਦੀ ਪ੍ਰਾਪਤੀ ਵਾਲਾ ਖਾਲਸਾ ਹੈ। ਇਸ ਮਾਰਗ ਤੇ ਚਲਣ ਵਾਲਾ ਜਨ ਸਮੂਹ ਖਾਲਸਾ ਪੰਥੀ ਜਾਂ ਖਾਲਸਾ ਪੰਥ ਹੈ।**

**ਖਾਲਸੇ ਦੀ ਪ੍ਰਿਭਾਸ਼ਾ ਦਸ਼ਮੇਸ਼ ਪਿਤਾ ਨੇ ਇੰਜ ਦੱਸੀ ਹੈ :**

***ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥***

***ਪੂਰਨ ਪ੍ਰੇਮ ਪ੍ਰਤੀਤ ਸਜੈ, ਬਤ ਗੌਰ ਮੜ੍ਹੀ ਮਟ ਭੂਲ ਨਾ ਮਾਨੈ ॥***

***ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨ ਨਾਹਿ ਏਕ ਪਛਾਨੈ ॥***

***ਪੂਰਜ ਜੋਤਿ ਜਗੈ ਘਟ ਮੈ ਤਬ ਖਾਲਸ ਤਾਹਿ ਨਿਖਾਲਸ ਜਾਨੈ ॥***

ਏਹ ਪ੍ਰਿਭਾਸ਼ਾ ਪੂਰਨ ਤੌਰ ’ਤੇ ਗੁਰੂ ਨਾਨਕ ਸੱਚੇ ਪਾਤਸ਼ਾਹ ਦੇ ਵੀਚਾਰ ਅਨੁਸਾਰ ਹੈ। ਇਸ ਲਈ ਭਾਈ ਨੰਦ ਲਾਲ (ਸਿੰਘ) ਜੀ ਨੇ ਲਿਖਿਆ ਹੈ :

***ਹਮੂ ਗੁਰੂ ਗੋਬਿੰਦ ਸਿੰਘ ਹਮੂ ਨਾਨਕ ਅਸ੍ਤ ।।***

***ਹਮੂ ਰਤਨ ਜੌਹਰ ਹਮੂ ਮਾਣਕ ਅਸ੍ਤ ॥***

*(ਜੋਤਿ ਬਿਮਾਸ ਭਾ. ਨੰਦ ਲਾਲ)*

ਅਰਥ : ਗੁਰੂ ਗੋਬਿੰਦ ਸਿੰਘ ਜੀ ਭੀ ਉਹੀ ਹਨ ਅਤੇ ਗੁਰੂ ਨਾਨਕ ਸਾਹਿਬ ਭੀ ਉਹੀ ਹਨ। ਉਹੀ ਮਾਣਕ ਮੋਤੀ ਅਤੇ ਉਹੀ ਰਤਨ ਹਨ।

ਪਰ ਹੁਣ ਆਪਣੇ ਆਪ ਨੂੰ ਬਹੁਤ ਗਿਆਨਵਾਨ ਸਮਝਣ ਵਾਲੇ, ਕਿਸੇ ਗਹਿਰੀ ਸਾਜ਼ਿਸ਼ ਅਧੀਨ, ਪੰਥ ਵਿਰੋਧੀ ਤਾਕਤਾਂ ਦੇ ਟੇਟੇ ਚੜ੍ਹਕੇ ਜਾਂ ਹਠਧਰਮੀ ਅਧੀਨ, ਖੰਡਾ ਪਹੁਲ ਤੋਂ ਮੁਨਕਰ ਹੋ ਕੇ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੇ ਸਾਜੇ ਖਾਲਸਾ ਮਹੱਲ ਵਿਚ ਤ੍ਰੇੜਾਂ ਪਉਣ ਦੀ ਕੋਸ਼ਿਸ਼ ਕਰ ਰਹੇ ਹਨ, ਜੋ ਨ ਕਦੇ ਸਫ਼ਲ ਹੋਣਗੇ ਅਤੇ ਨਾ ਹੀ ਖਾਲਸਾ ਪੰਥੀ ਇਨ੍ਹਾਂ ਦੇ ਬਹਿਕਾਵੇ ਵਿਚ ਆਉਣਗੇ।

**ਖੰਡਾ ਪਾਹੁਲ ਛਕਣਾ, ਗੁਰੂ ਨਾਲ ਆਤਮਕ ਸਾਂਝ ਪਾ ਕੇ ਦਸ਼ਮੇਸ਼ ਜੀ ਦਾ ਨਾਦੀ ਪੁੱਤਰ ਬਣਨਾ ਹੈ। ਅੰਮ੍ਰਿਤ ਰੂਪੀ ਨਾਮ ਦੀ ਦਾਤ ਪ੍ਰਾਪਤ ਕਰਨਾ ਹੈ, ਗੁਰੂ ਦੀ ਦੱਸੀ**

**ਜੀਵਨ ਜੁਗਤ ਤੇ ਚਲਣ ਦਾ ਗੁਰੂ ਨਾਲ ਪ੍ਰਣ ਕਰਨਾ ਹੈ ਅਤੇ ਖਾਲਸਾ ਪੰਥਕ ਜਥੇਬੰਦੀ ਦਾ ਅੰਗ ਬਣਨਾ ਹੈ। ਦਸ਼ਮੇਸ਼ ਜੀ ਦਾ ਹੁਕਮ ਹੈ :**

***ਰਖੇ ਕੇਸ ਪਹੁਲ ਬਿਨ ਭੇਖੀ ਮੂਰਖ ਸਿੱਖ।***

***ਮੇਰਾ ਦਰਸ਼ਨ ਨਾਹਿ ਤਿਸ ਪਾਪੀ ਤਿਆਗੇ ਭਿਖ॥***

ਸ਼੍ਰੋਮਣੀ ਗੁ. ਪ੍ਰ. ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵਲੋਂ ਪ੍ਰਕਾਸ਼ਿਤ ਦਸਮ ਪਿਤਾ ਦਾ ਹੁਕਮਨਾਮਾ, ਜੋ ਕਾਬਲ ਦੀ ਸੰਗਤ ਵਲ ਲਿਖਿਆ ਸੀ ਉਸ ਦੀ ਇਬਾਰਤ ਇਸ ਤਰ੍ਹਾਂ ਹੈ :

ੴ ਸਤਿਗੁਰ ਜੀ ਸਹਾਇ॥

ਸਰਬਤ ਸੰਗਤ ਕਾਬਲ ਗੁਰੂ ਰੱਖੇਗਾ। ਤੁਸਾਂ ਉਤੇ ਅਸਾਡੀ ਬਹੁਤ ਖੁਸ਼ੀ ਹੈ ਤੇ ਤੁਸਾਂ ਖੰਡੇ ਦਾ ਅੰਮ੍ਰਿਤ ਪੰਜਾ ਤੋਂ ਲੈਹਣਾ ਕੇਸ ਰੱਖਣੇ ਇਹ ਅਸਾਡੀ ਮੋਹਰ ਹੈ। ਕਛ ਕਿਰਪਾਨ ਦਾ ਵਿਸ਼ਾਹ ਕਰਨਾ ਨਾਹੀ ਸਰਬ ਲੋਹ ਦਾ ਕੜਾ ਹੱਥ ਰੱਖਣਾ ਦੋਨੋਂ ਵਕਤ ਕੇਸਾਂ ਦੀ ਪਾਲਣਾ ਕੰਘੇ ਸਉ ਕਰਨੀ। ਸਰਬਤ ਸੰਗਤ ਅਭਾਖਿਆ ਕਾ ਕੁਠਾ ਮਾਸ ਖਾਵੇ ਨਾਹੀ। ਤਮਾਕੂ ਨ ਵਰਤਣਾ। ਭਾਦਣੀ ਤਥਾ ਕੰਨਿਆ ਮਾਰਨ ਵਾਲੇ ਸੇ ਮੇਲ ਨਾ ਰੱਖੋ। ਮੀਣੀ ਮਸੰਦੀਏ ਰਾਮ ਰਾਈਏ ਕੀ ਸੰਗਤ ਨਾ ਬੈਸੋ। ਗੁਰਬਾਣੀ ਪੜ੍ਹਣੀ ਵਾਹਿਗੁਰੂ ਵਾਹਿਗੁਰੂ ਜਪਨਾ ਗੁਰ ਕੀ ਮਤ ਰਖਨੀ ਸਰਬਤ ਸੰਗਤ ਉਪਰ ਮੇਰੀ ਖੁਸ਼ੀ ਹੈ।(ਪਾਤਸ਼ਾਹੀ ੧੦ ਜੇਠ ੨੯ ਸੰਭਤ ੧੭੫੯)

ਕਲਗੀਆਂ ਵਾਲੇ ਦਾ ਇਹ ਹੁਕਮਨਾਮਾ ਸਭ ਲਈ ਹੈ ਨਾ ਕਿ ਕਿਸੇ ਖਾਸ ਵਰਗ ਲਈ। ਪਰ ਹੁਣ ਕੁਪ੍ਰਚਾਰ ਇਹ ਹੋ ਰਿਹਾ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੈ ਕੇਵਲ ਮੈਦਾਨਿ ਜੰਗ ਵਿਚ ਲੜਨ ਵਾਲੇ ਫੌਜੀ ਸਿੰਘਾਂ ਲਈ ਖੰਡਾ ਪਾਹੁਲ ਅਤੇ ਪੰਜ ਕਕਾਰੀ ਰਹਿਤ ਦੀ ਮਰਯਾਦਾ ਚਲਾਈ ਸੀ ਬਾਕੀਆਂ ਲਈ ਨਹੀਂ। ਸਹੀ ਨਿਰਣਾ ਅਸੀਂ ਪਾਠਕਾਂ ਤੇ ਹੀ ਛੱਡਦੇ ਹਾਂ।

ਕਬੀਰ ਸਾਹਿਬ ਦਾ ਬਚਨ ਹਾਂ :

***ਦਾਗੇ ਹੋਹਿ ਸੁ ਨਲ ਮਹਿ ਜੂਝਹਿ,***

***ਬਿਨ ਦਾਗੇ ਭਜ ਜਾਈ। ਅੰਗ ੮੯੯***

ਸੋ ਗੁਰੂ ਬਖਸ਼ਿਸ਼ ਵਾਲਾ ਖੰਡੇ ਦੀ ਪਾਹੁਲ ਵਾਲਾ ਦਾਗ ਜਿਨ੍ਹਾਂ ਗੁਰਮੁਖਾਂ ਨੂੰ ਲੱਗਾ ਉਨ੍ਹਾਂ ਨੇ ਜਿਸ ਤਰ੍ਹਾਂ ਦੇਗ ਅਤੇ ਤੇਗ਼ ਚਲਾਈ, ਗੁਰੂ ਦੇ ਨਾਉਂ ਤੇ ਜੀਵਨ ਦੀਆਂ ਅਹੂਤੀਆਂ ਦਿੱਤੀਆਂ, ਸਰੀਰਾਂ ਤੇ ਅਸਹਿ ਅਤੇ ਅਕਹਿ ਕਸ਼ਟ ਸਹਾਰਦੇ ਬੰਦ ਬੰਦ ਕਟਵਾਏ, ਚਰਖੜੀਆਂ 'ਤੇ ਚੜ੍ਹੇ ਖੋਪਰੀਆਂ ਉਤਰਵਾਈਆਂ, ਖੱਲਾਂ ਲੁਹਾਈਆਂ, ਦੁੱਖ, ਭੁੱਖ ਨੰਗ ਨੂੰ ਤਕਰੀਬਨ ਇਕ ਸਦੀ ਜਾਂ ਕਹੋ ਚਾਰ ਪੰਜ ਪੁਸ਼ਤਾਂ ਆਪਣੇ ਪਿੰਡੇ 'ਤੇ ਹੰਢਾ ਕੇ ਚੜ੍ਹਦੀਕਲਾ ਵਿਚ ਰਹਿ ਕੇ ਆਤਮ ਵਿਸ਼ਵਾਸ ਨਾਲ, ਗੁਰੂ ਦੀ ਟੇਕ ਨਾਲ ਜੋ ਇਤਿਹਾਸ ਸਿਰਜਿਆ ਉਹ ਖਾਲਸਾ ਪੰਥ ਦਾ ਸੁਨਹਿਰੀ ਅਤੇ ਸ਼ਾਨਦਾਰ ਵਿਰਸਾ ਹੈ। ਮਜ਼ੇ ਦੀ ਗੱਲ ਹੈ ਕਿ ਇਸ ਇਤਿਹਾਸ ਨੂੰ ਪ੍ਰਗਟ ਭੀ ਉਨ੍ਹਾਂ ਕਲਮਾਂ ਨੇ ਕੀਤਾ ਹੈ ਜੋ ਵਿਦੇਸ਼ੀ ਜਰਵਾਨਿਆਂ ਨਾਲਸਿੱਖੀ ਦਾ ਖੁਰਾ ਖੋਜ ਮਿਟਾਉਣ ਲਈ ਆਏ ਸਨ।

ਗੁਰਬਾਣੀ ਦਾ ਫੁਰਮਾਨ ਹੈ :

*ਜਿਨਿ ਕੈ ਪਲੈ ਧਨੁ ਵਸੈ ਤਿਨ ਕਾ ਨਾਉਂ ਫਕੀਰ ॥*

*ਜਿਨਿ ਕੈ ਹਿਰਦੈ ਤੇ ਕਰ ਗੁਣੀ ਗਹੀਰ ॥ ਅੰਗ ੧੨੮੭*

ਆਰਥਕ ਪੱਖੋਂ ਅਤੀ ਨਿਰਧਨ, ਨਾ ਕਿਸੇ ਦੇਸ਼ ਦਾ ਰਾਜ, ਨ ਕੋਈ ਮਾਇਆ ਦਾ ਸਾਧਨ, ਪਾਟੇ ਬਸਤਰ ਅਤੇ ਨਾ ਕੋਈ ਮਦਦਗਾਰ,, ਇਨ੍ਹਾਂ ਭੂਰੇ ਵਾਲੇ ਅਕਾਲੀ ਬਾਬਿਆਂ ਦੀ ਕੰਗਾਲੀ ਦਾ ਚਿੱਤਰ ਗਿਆਨੀ ਗਿਆਨ ਸਿੰਘ ਨੇ ਇਉਂ ਉਲੀਕਿਆ ਹੈ ।

*ਫਿਡਾ ਜੈਸਾ ਟਟੂਆ ਔ ਜੁਲੱੜ ਕਾ ਕਾਠੀ ਪਾਇ*

*ਰਸੜੀ ਲਗਾਮ ਅਤੇ ਰਸੜੀ ਰਕਾਬ ਜੂ*

*(ਮਧਰਾ ਜਿਹਾ ਟੱਟੂ ਜਿਸ ਨੂੰ ਸਿੰਘ ਆਪਣੇ ਬੋਲੇ ਵਿਚ ਇਰਾਕਾ ਸਿੰਘ ਕਹਿੰਦੇ ਸਨ। ਉਸ ਉਪਰ  ਜੁੱਲੜ ਦੀ ਕਾਠੀ ਹੈ। ਰੱਸੀ ਦੀ ਲਗਾਮ ਅਤੇ ਰਸੀ ਦੀ ਹੀ ਰਕਾਬ ਹੈ)*

*ਪਾਟਿਆ ਸਾ ਕਛੜੂ ਤੇ ਨੀਲੜਾ ਸਾ ਚਾਦਰੂ ਹੈ*

*ਡੁਢੂ ਜੈਸਾ ਪੱਗੜੂ ਬਣਾਇਆ ਸਿਰ ਤਾਜ ਜੂ ।*

*(ਪਾਟਿਆ ਕਛਹਿਰਾ ਤੇੜ ਹੈ ਉਪਰ ਨੀਲੇ ਰੰਗ ਦੀ ਚਾਦਰ ਹੈ ਸਿਰ ਤੇ ਫਿਡੀ ਜਿਹੀ ਪੱਗ ਹੈ ਜਿਸ ਨੂੰ ਗੁਰੂ ਕੇ ਸਿੰਘ ਗੁਰੂ ਦਾ ਬਖਸ਼ਿਆ ਤਾਜ ਕਹਿੰਦੇ ਸਨ)*

*ਟੂਟਾ ਜੈਸਾ ਤੇਗੜੂ ਤੇ ਲੀਰੜੂ ਮਿਆਨ ਜਾਂ ਕੋ*

*ਗੱਡ ਸੱਠ ਗਾਤਰਾ ਬਣਾਇਆ ਸਭ ਸਾਜ ਜੂ।*

*(ਟੁੱਟੀ ਜਿਹੀ ਤਲਵਾਰ ਹੈ ਜਿਸ ਉਪਰ ਮਿਆਨ ਦੀ ਬਜਾਇ ਲੀਰ ਲਪੇਟੀ ਹੋਈ ਹੈ ਅਤੇ ਰਸੀ ਦਾ ਗਤਰਾ ਹੈ ਜਿਸ ਨੂੰ ਸੱਠ ਗੰਢਾ ਹਨ)*

*ਨਾਮ ਤੋਂ ਅਕਾਲੜੂ ਸੋ ਫਿਰੈਂ ਬੁਰੇ ਹਾਲੜੂ ਸੋ*

*ਲੂਟ ਕੂਟ ਖਾਵਣੇ ਕੋ ਡਾਢੋ ਉਸਤਾਜ ਜੂ।*

(ਆਪਣੇ ਆਪ ਨੂੰ ਅਕਾਲੀ ਕਹਾਉਂਦਾ ਹੈ, ਹਾਲ ਮੰਦਾ ਹੈ ਪਰ ਬੀਰਤਾ ਦਾ ਮੁਜੱਸਮਾ ਵੈਰੀ ਨੂੰ ਲੁਟਣ, ਕੁਟਣ ਲਈ ਬਹੁਤ ਤੇਜ਼ ਹੈ।)

ਇਤਿਹਾਸਕਾਰ ਹੈਰਾਨ ਹਨ ਕਿ ਅਜਿਹੇ ਮੰਦੇ ਹਾਲ ਵਾਲੇ ਅਕਾਲੀ ਨਿਹੰਗਾਂ ਨੇ ਆਪਣੇ ਸਮੇਂ ਦੇ ਏਸ਼ੀਆ ਦੇ ਮਹਾਨ ਜਰਨੈਲ ਅਹਿਮਦ ਸ਼ਾਹ ਅਬਦਾਲੀ ਦੀਆਂ ਨਲੀਆਂ ਕੱਢਾਂ ਦਿੱਤੀਆਂ। ਸਿੰਘ ਗੱਜ ਕੇ ਆਖਦੇ ਹਨ 'ਬਿੱਲਾ (ਅਬਦਾਲੀ) ਜਾਣ ਨਾ ਪਾਏ' ਅਤੇ ਉਹ ਡਰਦਾ ਸਾਹਮਣੇ ਨਹੀਂ ਆਉਂਦਾ ਕਈ ਕਈ ਕੂਹ ਦੂਰ ਆਪਣਾ ਕੈਂਪ ਲਗਾਉਂਦਾ ਹੈ।

ਦਿੱਲੀ ਦੇ ਪਾਤਸ਼ਾਹ ਦੀਆਂ ਬੇਗ਼ਮਾਂ ਨੂੰ ਇਕ ਵਾਰੀ ਇਨ੍ਹਾਂ ਸਿੰਘਾਂ ਦੇ ਦਰਸ਼ਨ ਕਰਨ ਦਾ ਚਾਉ ਪੈਦਾ ਹੋਇਆ ਕੁਝ ਬਾਦਸ਼ਾਹ ਦੇ ਮਨ ਦੀ ਇੱਛਾ ਸੀ ਸੋ ਨਕਲੀਆਂ ਨੂੰ ਬੁਲਵਾ ਕੇ ਸਿੰਘਾਂ ਦੀ ਨਕਲ ਲਾਉਣ ਲਈ ਕਿਹਾ ਗਿਆ। ਪਹਿਲਾਂ ਤਾਂ ਉਹ ਨਕਲ ਲਾਉਣ ਨੂੰ ਤਿਆਰ ਨਾ ਹੋਏ ਫਿਰ ਸ਼ਾਹੀ ਜਲਾਲ ਤੋਂ ਡਰਦਿਆਂ, ਉਨ੍ਹਾਂ ਦੋ ਪਾਰਟੀਆਂ ਬਣਾਈਆਂ। ਇਕਨਾ ਨੇ ਤੁਰਕੀ ਲਿਬਾਸ ਪਾ ਕੇ ਸ਼ਾਹੀ ਲਸ਼ਕਰ ਬਣਿਆ ਦੂਸਰੀ ਪਾਰਟੀ ਨੇ ਸਿੰਘਾਂ ਵਾਲਾ ਵੇਸ ਬਣਾ ਕੇ ਨਕਲਾਂ ਲਾਉਣੀਆਂ ਸ਼ੁਰੂ ਕੀਤੀਆਂ ਉਸ ਦਾ ਨਕਸ਼ਾ ਭੀ ਗਿਆਨੀ ਗਿਆਨ ਸਿੰਘ ਜੀ ਨੇ ਤਵਾਰੀਖ ਗੁਰੂ ਖਾਲਸਾ ਵਿਚ ਇਸ ਤਰ੍ਹਾਂ ਖਿੱਚਿਆ ਹੈ।

*ਮਿਲ ਬਹੁ ਭਾਂਡਨ ਰਚੀਆਂ ਨਕਲਾਂ। ਲਗੇ ਸਜਣ ਤਬ ਸਿੰਘਨ ਸ਼ਕਲਾਂ।*

*ਛੁਟੇ ਦੁਮਾਲੇ ਯਾ ਬਿਧਿ ਝੂਲੇ। ਮਨੋ ਲੰਗੂਰ ਸੁ ਕੇਹਰ ਤੂਲੈਂ।*

*ਕਮਰ ਕਛਹਿਰੇ ਪਹਰੇ ਪਾਟੇ। ਲਟਕਤ ਮਾਨੋ ਸੁ ਕੇਹਰ ਸਾਂਟੇ।*

*ਭੂਰੇ ਚਾਦਰ ਫਾਟੇ ਬਸਤਰ। ਟੂਟੇ ਫੂਟੇ ਜਰਖਲ ਸ਼ਸਤਰ।*

*ਸਿਰ ਪਰ ਚੱਕ੍ਰ ਖੰਡੇ ਤੋੜੇ। ਸਜੇ, ਨ ਔਰੈਂ ਸ਼ਸਤ੍ਰ ਥੋੜ੍ਹੇ।*
*ਜੇਤਕ ਸਿੰਘਨ ਕੇ ਬੋਲੇ। ਸਭੀ ਸੁਨਾਏ ਕਰਤ ਠਠੋਲੇ।*
*ਕਹਿ ਹੈਂ ਮੁਗਲਾਂ ਦੀਏ ਮਾਇ। ਤੇਰੇ ਸਿੰਘ ਜਮਾਈ ਆਇ।*
*ਸੁਣ ਤੂ ਹੇ ਤੁਰਕਾਂ ਦੀ ਭੈਣੇ। ਤੇਰੇ ਸਿੰਘਾਂ ਗਹਿਣੇ ਲੈਣੇ।*
*ਸੁਣ ਕੀ ਸੱਯਦਾਣੀ ਮੁਗਲਾਣੀ। ਤੈਥੋਂ ਚੱਕੀ ਸਿੰਘਾਂ ਪਿਹਾਣੀ*
*ਭਾਬੀ ਸ਼ੇਖਿਆਣੀ ਪਠਾਣੀ। ਤੁਮਨੈ ਘੋੜਿਆਂ ਲੀਦ ਹਟਾਣੀ।*
*ਤੁਮ ਸੋ ਸਿੰਘ ਆਨੰਦ ਪਵੈਂ ਹੈਂ। ਪਹਿਲੈ ਅੰਮ੍ਰਿਤ ਸਰੂ ਛਕੈ ਹੈਂ।*
*ਨੀ ਹਮ ਗੁਰ ਕੇ ਸਿੰਘ ਅਕਾਲੀ। ਜਿਸ ਕੀ ਸਭ ਤੇ ਰੀਤ ਨਿਰਾਲੀ।*
*ਤੋੜੈ ਸਤਰ ਕੁਫਰ ਕੇ ਜੰਦੇ। ਰਖੈਂ ਤੁਰਕਨ ਕੋ ਕਰਿ ਬੰਦੇ।*
*ਹਮ ਅਬ ਦਿਲੀ ਤਖਤ ਸੰਭਾਲੈਂ। ਤੁਮਕੋ ਖੁਲੀ ਮੌਜ ਦਿਖਾਲੈਂ।*
*ਹਮਰਾ ਨਿਹਕਲੰਕ ਹੈ ਪੰਥਾ। ਮਾਨੈ ਸ਼ਰਾ ਨ ਕਿਸ ਕੀ ਸੰਥਾ।*
*ਹਿੰਦੂ ਅੰਧੇ ਤੁਰਕੂ ਕਾਣੇ। ਹਮ ਅਲਗਾਨ ਦੂਹੂੰ ਤੇ ਸਿਆਣੇ।*
*ਦੇਗ ਤਿਆਰ ਕਰਿ ਕਰੈਂ ਆਵਾਜ਼ੈ। ਜਿਨ ਕੋ ਸੁਣਿ ਸੁਣਿ ਤੁਰਨ ਸੋ ਲਾਜੈ।*
*ਚਲੋ ਮੈਦਾਨੀ ਕਾਬੇ ਹੁਈਏ। ਰਸਦ ਕਾਜ਼ੀਆ ਕੋ ਦੈ ਆਈਏ।*
*ਛਿੱਤਰ ਪੌਲਾ ਮੁਲਾਂ ਤਾਈਂ। ਟਾਂਕ ਬੇਗਮਾਂ ਕਰੋ ਸਬਾਈ।*
*ਜੂਤੇ ਝਾੜ ਤਲੇ ਫੜਕਾਵੈ। ਕਹੈਂ ਪਠਾਨਣ ਮੂੰਡ ਭਿੜਾਵੈ।*
*ਪਾਦ ਮਾਰ ਵਡ ਸ਼ਬਦ ਸੁਣਾਵਾ। ਮਾਰਯੋ ਮੁ.ਗਲ ਸੁ ਭੈਣ ਯਹਾਵਾ*
*ਰੁਪੇ ਭੰਨ ਕਹੈਂ ਸਿਰ ਮੁ.ਗਲੇ। ਪੋਸਤ ਡੋਂਡ ਮਲਹੈਂ ਚੁਗਲੈਂ।*
*ਭਾਖੈਂ ਤੁਰਕਨ ਕੋ ਕਰਿ ਬੰਨੇ। ਲੇਹ ਪਾਤਿਸ਼ਾਹੀ ਹੰਨੇ ਹੰਨੇ।*

ਨਕਲਾਂ ਦੇਖ ਕੇ ਕਈਆਂ ਦੀਆਂ ਹੱਸਦਿਆਂ ਢਿਡ ਪੀੜਾਂ ਪਈਆਂ ਪਰ ਸੂਝਵਾਨ ਹਾਕਮ ਦਲ ਸੋਚਾਂ ਵਿਚ ਪੈ ਗਿਆ ਕਿ ਅਜਿਹੇ ਮਰਜੀਵੜਿਆਂ ਨੂੰ ਦਬਾ ਕੇ ਰੱਖਣਾ ਮੁਸ਼ਕਿਲ ਹੈ। ਇਸ ਲਈ ਹਕੂਮਤ ਨੇ ਨਾਨਕਪ੍ਰਸਤਾਂ ਦੇ ਕਤਲੇਆਮ ਦਾ ਹੁਕਮ ਵਾਪਸ ਲੈ ਕੇ ਮੇਲ ਜੋਲ ਪੈਦਾ ਕਰਨ ਦਾ ਮਨ ਬਣਾ ਲਿਆ।

ਕਿੰਨੇ ਅਫ਼ਸੋਸ ਦੀ ਗੱਲ ਹੈ ਕਿ ਅਜਿਹਾ ਸ਼ਾਨਦਾਰ ਇਤਿਹਾਸ ਸਿਰਜਣਹਾਰੇ ਮਰਜੀਵੜਿਆਂ ਦੇ ਵਾਰਿਸ ਅੱਜ ਬਾਣੀ ਅਤੇ ਬਾਣੇ ਨੂੰ ਤਿਲਾਂਜਲੀ ਦੇ ਕੇ ਨਸ਼ਿਆਂ ਦੇ ਸਮੁੰਦਰ ਵਿਚ ਗੋਤੇ ਖਾ ਰਹੇ ਹਨ।

• • •

੧ੳ ਅਕਾਲ ਸਹਾਇ॥

ਪੂਰਨ [illegible] ਜੀ ਜੀ ਦੇ ਵਾਕ ॥ ਰ ਮਜੀ ਸਿੰਘ ਜੀ ਤੋਂ
ਉਪਦੇਸ਼ ॥ ਖਟਕੇ [illegible] ਕਿ [illegible]
ਸਰੀਰ ਦਾ [illegible] ਅਧਿਕ [illegible]
ਨਾਹੀ [illegible] ਤਾਪ ਕੀ [illegible] ਪਰ ਸੰਦਿਹ [illegible]
[illegible] ਮੇਂ ਕੋਈ [illegible] ਨਾਹੀ ॥ [illegible]
[illegible] ਹੈ ॥ [illegible] ਜਾਇ [illegible] ॥
[illegible] ਕੀ [illegible] ਸੇ ਹੋਈ ਹੈ ॥ [illegible] ਮੇਂ [illegible]
ਸਾਫ [illegible] ਨਾਹੀ ॥ [illegible] ਕਰਿ ਮਾਰਦੇ ਹੈਂ ॥ ਗੁਰੂ ਦੇ [illegible]
ਉਨ ਦੇ [illegible] ਕਰਿ [illegible]
ਕਰਦੇ ਹੈਨ ॥ [illegible] ਹੈਨ ॥ [illegible] ਹੈਨ ॥
[illegible] ਅਧੀ ਤੇ [illegible] ਕੀ [illegible] ਨਾਹੀ ॥
[illegible] ਦੇ ਹੁਕਮ [illegible] ਹੈਂ ॥ [illegible] ਸਿੰਘ ਦੇ [illegible] ਦਾ ਹੁਕਮ
[illegible] ਪੋਥੀਆਂ ਜੋ [illegible] ਸਿੰਘ [illegible] ਜੀ ਕੀ ॥
ਉਨ ਵਿਚਿ [illegible] ਦੇ ੩੦੩ [illegible] ਪੋਥੀ
ਹੈ ॥ ਜੋ [illegible] ਸਿੰਘ ਨੂੰ [illegible] ਨਾਹੀ ॥ [illegible] ਕੀ
ਪੋਥੀ ਦੀ [illegible] ਅਧੀ [illegible] ਨਾਹੀ ॥ [illegible]
[illegible] ਨਾਹੀ ॥ [illegible] ॥
[illegible] ਹੈ ਕਿ [illegible] ਮੁਕਤਿ [illegible] ਹੈ ॥
[illegible] ਕੀ ਪਜਨੀ
[illegible] ਹੈ ॥ ੧੨ [illegible]
ਕੇ [illegible] ਸਉ [illegible]
ਕੀ [illegible] ਸਿੰਘ ਸੇ [illegible] ਦੀਆ ॥
[illegible] ਹੈ ॥ [illegible]
ਕੇ [illegible] ਨਾਹੀ ਦੀਆ ॥ ਜੋ [illegible] ਤਾਂ [illegible] ਸੇ [illegible]
[illegible] ਤਾਂ
[illegible] ਦੇ [illegible] ਹੈ [illegible] ੨੨ ॥
ਦਸਖਤ [illegible] ਸਿੰਘ ॥ [illegible] ॥ [illegible] ਪੋਥੀ
ਮੇਂ ॥





Photostat of a page from Duttatreya in Guru Gobind Singh's own handwriting.
(Mark the unique style of hand drawings of swords and arrows that make up the border.)

SUPREME COURT
FEB 24 1992

No. 88/1991
Victoria Registry

IN THE SUPREME COURT OF BRITISH COLUMBIA

| | |
|---|---|
| BETWEEN:<br><br>GURBAKSH SINGH KHALSA<br><br>PLAINTIFF<br><br>AND:<br><br>TARANJIT KAUR DHILLAR, HARINDER SINGH DHILLAR, GURNAM SINGH BAJWA and KARAM SINGH SANDHU<br><br>DEFENDANTS | REASONS FOR JUDGMENT<br><br>OF THE HONOURABLE<br><br>MR. JUSTICE MACDONELL |

| | |
|---|---|
| Counsel for the Plaintiff: | Douglas N. Cunliffe |
| Counsel for the Defendants: | Christopher M. Considine |
| Place and Dates of Trial: | Victoria, B.C.<br>September 3-6, 9-13 and<br>November 7, 1991. |

The plaintiff's action against the defendants is for defamation of character arising out of an accusation by the defendant Taranjit Dhillar that she was sexually assaulted by the plaintiff, which accusation was published by the defendants.

The defendant Mrs. Dhillar alleges that the plaintiff sexually assaulted her, and she and her husband counterclaim for damages against the plaintiff.

The background, briefly, is that the plaintiff at all material times was the priest at the Topaz Street Temple of the

# ਸੂਚਨਾ

ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਪੰਥ ਦੀ ਸੇਵਾ ਨੂੰ ਸਮਰਪਿਤ, ਗੁਰਮਤਿ ਵਿਚਾਰ ਕੇਂਦਰ ਵਲੋਂ ਸੰ. 2000 ਤੋਂ ਹਰ ਮਹੀਨੇ ਸਿੱਖ ਸਿਧਾਂਤ, ਇਤਿਹਾਸ ਅਤੇ ਗੁਰਬਾਣੀ ਦੀ ਵਿਆਖਿਆ ਵਾਲੇ ਛੋਟੇ-ਛੋਟੇ ਟ੍ਰੈਕਟ ਛਾਪ ਕੇ ਸੰਗਤਾਂ ਵਿਚ ਵੱਖ-ਵੱਖ ਧਾਰਮਿਕ ਸਮਾਗਮਾਂ ਤੇ ਭੇਟਾ ਰਹਿਤ ਵੰਡੇ ਜਾ ਰਹੇ ਹਨ। ਇਹ ਟ੍ਰੈਕਟ 5 ਰੁ. ਮਹੀਨੇ ਦੇ ਹਿਸਾਬ ਨਾਲ 6 ਮਹੀਨੇ ਜਾਂ ਸਾਲ ਦੇ ਪੈਸੇ ਭੇਜਣ ਨਾਲ, ਹਰ ਮਹੀਨੇ 10 ਟ੍ਰੈਕਟ ਡਾਕ ਰਾਹੀਂ ਘਰ ਦੇ ਪਤੇ 'ਤੇ ਵੀ ਮੰਗਵਾਏ ਜਾ ਸਕਦੇ ਹਨ। ਤੁਸੀਂ ਆਪ ਪੜ੍ਹ ਕੇ ਅਤੇ ਅੱਗੇ ਆਂਢ-ਗੁਆਂਢ ਵਿਚ ਵੰਡ ਕੇ ਘਰ ਬੈਠੇ ਹੀ ਪ੍ਰਚਾਰ ਕਰ ਸਕਦੇ ਹੋ। ਪ੍ਰਚਾਰ ਹਿੱਤ ਵੰਡਣ ਲਈ ਵੀਰ, ਭੈਣ ਜਾਂ ਸੰਸਥਾਵਾਂ 50 ਰੁਪਏ ਸੈਂਕੜਾ ਦੇ ਹਿਸਾਬ ਮੰਗਵਾ ਸਕਦੇ ਹਨ।ਇਸ ਤੋਂ ਇਲਾਵਾ ਸਿੱਖ ਵਿਰੋਧੀ ਕੂੜ ਪ੍ਰਚਾਰ ਨਾਲ ਡਟ ਕੇ ਮੁਕਾਬਲਾ ਕਰਨ ਲਈ ਸੰਸਥਾ ਵਲੋਂ ਹੇਠ ਲਿਖੀਆਂ ਕਿਤਾਬਾਂ ਲਿਖ ਕੇ ਲਾਗਤ ਮਾਤਰ ਭੇਟਾ ਤੇ ਦਿੱਤੀਆਂ ਜਾਂਦੀਆਂ ਹਨ :

1. ਸ੍ਰ. ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਦੀਆਂ ਲਿਖਤਾਂ ਦੇ ਉਤਰ ਵਿਚ "ਸਭ ਦੁਸਟ ਝਖ ਮਾਰਾ।"
2. "ਸ੍ਰੀ ਦਸਮ ਗ੍ਰੰਥ ਸਾਹਿਬ ਦਾ ਇਤਿਹਾਸਕ ਅਤੇ ਅਧਿਆਤਮਕ ਪੱਖ"।
3. ਰਾਧਾ ਸੁਆਮੀ ਮਤ, ਨਕਲੀ ਨਿਰੰਕਾਰੀ ਅਤੇ ਕੂਕਿਆਂ ਦੀ ਸਹੀ ਜਾਣਕਾਰੀ ਲਈ "ਸਤਿਗੁਰ ਬਾਝਹੁ ਗੁਰ ਨਹੀ ਕੋਈ"।
4. ਸੁਖਵਿੰਦਰ ਸਿੰਘ ਸਭਰਾ ਅਤੇ ਇੰਦਰ ਸਿੰਘ ਘੱਗਾ ਦੀਆਂ ਲਿਖਤਾਂ ਦੇ ਜਵਾਬ ਵਿਚ "ਕੌਤਕ ਕਾਮਰੇਡੀ ਸਿੱਖਾਂ ਦੇ"
5. ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਸਿਫ਼ਤਾਂ ਵਾਲੀ ਅੱਲਾਯਾਰ ਖਾਂ ਜੋਗੀ ਜੀ ਦੀ ਕ੍ਰਿਤ "ਗੰਜੇ ਸ਼ਹੀਦਾਂ" ਔਖੇ ਅੱਖਰਾਂ ਦੇ ਅਰਥ ਸਮੇਤ।

ਗੁਰੂ ਪੰਥ ਦਾ ਦਾਸ

ਕੰਵਰ ਅਜੀਤ ਸਿੰਘ

# ਸਹਾਇਕ ਪੁਸਤਕਾਂ ਦੀ ਸੂਚੀ

1. ਮਹਾਨ ਕੋਸ਼ : ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ ।

2. ਕੂਕਿਆਂ ਦੀ ਵਿਥਿਆ : ਕ੍ਰਿਤ ਡਾ. ਗੰਡਾ ਸਿੰਘ ।

3. An early european Accounts of Sikhs : By Dr. Ganda Singh

4. ਰਾਧਾ ਸੁਆਮੀ ਮਤ : ਭਾਈ ਪ੍ਰਤਾਪ ਸਿੰਘ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ।

5. ਨਕਲੀ ਨਿਰੰਕਾਰੀ : ਭਾਈ ਪ੍ਰਤਾਪ ਸਿੰਘ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ।

6. ਸੋ ਕਿਨੇਹਿਆ

7. ਜੇਲ ਚਿੱਠੀਆਂ : ਭਾਈ ਰਣਧੀਰ ਸਿੰਘ ।

Website: www.gurmatvichar.info
Email: sdkajitsingh@yahoo.co.in